ਕੌਮਾਂਤਰੀ www.amritsartimes.live

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 22 | Issue 194| 24 September to 30 September, 2025 | Ph.: (510) 240-5949 | Email: asrtimes@gmail.com




**ਜਗਮੋਹਨ ਸਿੰਘ 'ਲੱਕੀ'**

**ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੀ 'ਪੱਕੀ ਦੋਸਤੀ' ਇਸ ਸਮੇਂ ਪੂਰੇ ਵਿਸ਼ਵ ਵਿੱਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ,ਭਾਂਵੇਂ ਦੋਵਾਂ ਨੇਤਾਵਾਂ ਦੀ ਇਹ 'ਦੋਸਤੀ' ਵਿਸ਼ਵ ਦੇ ਵੱਡੇ ਆਗੂਆਂ ਦੀ ਸਮਝ ਤੋਂ ਹੀ ਬਾਹਰ ਹੈ ਅਤੇ ਭਾਰਤ 'ਚ ਵੀ ਇਸ 'ਦੋਸਤੀ' 'ਤੇ ਲਗਾਤਾਰ ਸਵਾਲ ਉੱਠਦੇ ਆ ਰਹੇ ਹਨ। ਦੋਵਾਂ ਨੇਤਾਵਾਂ ਵਿਚਾਲੇ 'ਦੋਸਤੀ' ਕਿੰਨੀ ਡੂੰਘਾਈ ਵਾਲੀ ਅਤੇ ਸਤਿਕਾਰ ਵਾਲੀ ਹੈ, ਇਸ ਦੀ ਸੱਚਾਈ ਤਾਂ ਇਹ ਦੋਵੇਂ ਹੀ ਦਸ ਸਕਦੇ ਹਨ ਪਰ ਇੱਕ ਗੱਲ ਪੱਕੀ ਹੈ ਕਿ ਸਰਕਾਰ ਚਲਾਉਣ ਦੇ ਤੌਰ ਤਰੀਕੇ, ਲੱਛੇਦਾਰ ਗੱਲਾਂ ਤੇ ਭਾਸ਼ਣ ਅਤੇ ਰਾਸ਼ਟਰਵਾਦ ਨੂੰ ਸਿਆਸਤ ਦਾ ਕੇਂਦਰ ਬਣਾਉਣ ਸਬੰਧੀ ਦੋਵਾਂ ਨੇਤਾਵਾਂ ਵਿਚਾਲੇ ਡੂੰਘੀ ਸਾਂਝ ਦਿਖਾਈ ਦਿੰਦੀ ਹੈ। ਉਂਝ ਵੀ ਭਾਰਤ ਅਤੇ ਅਮਰੀਕਾ ਵਿਚਾਲੇ ਦੋਸਤੀ ਦੀ 'ਤੰਦ' ਏਨੀ ਕੱਚੀ ਨਹੀਂ ਹੈ ਕਿ ਉਹ ਝਟਕਾ ਮਾਰਿਆ ਟੁੱਟ ਜਾਵੇ। ਅਜੇ ਵੀ ਦੋਵੇਂ ਮੁਲਕ ਆਪਣੀ ਦੋਸਤੀ ਦੀ 'ਤੰਦ' ਨੂੰ ਹੋਰ ਮਜ਼ਬੂਤ ਕਰ ਸਕਦੇ ਹਨ ਪਰ ਇਸ ਦੇ ਲਈ ਦੋਵਾਂ ਮੁਲਕਾਂ ਦੇ ਮੋਹਰੀ ਆਗੂਆਂ ਵੱਲੋਂ ਇਮਾਨਦਾਰਾਨਾ ਪਹੁੰਚ ਅਪਨਾਉਣ ਦੀ ਲੋੜ ਹੈ।**



ਵਿਸ਼ਵ ਦੀ ਵੱਡੀ ਮਹਾਂਸ਼ਕਤੀ ਅਮਰੀਕਾ ਅਤੇ ਵਿਕਸਤ ਹੋ ਰਹੇ ਮੁਲਕ ਭਾਰਤ ਵਿਚਾਲੇ ਵਰ੍ਹਿਆਂ ਦੀ ਦੋਸਤੀ ਤੋਂ ਬਾਅਦ ਇਸ ਸਮੇਂ ਤਨਾਓ ਵਾਲਾ ਮਾਹੌਲ ਹੈ। ਇਸ ਕਾਰਨ ਅਮਰੀਕਾ ਵੱਲੋਂ ਭਾਰਤ 'ਤੇ 50 ਫ਼ੀਸਦੀ ਟੈਰਿਫ਼ ਲਗਾਉਣ ਤੋਂ ਇਲਾਵਾ ਬੀਤੇ ਦਿਨੀਂ ਅਮਰੀਕਾ ਦੇ ਪ੍ਰਸਿੱਧ ਐਚ 1-ਬੀ ਵੀਜ਼ੇ ਲਈ ਫ਼ੀਸ 1 ਲੱਖ ਅਮਰੀਕੀ ਡਾਲਰ ਸਾਲਾਨਾ ਕਰਨ ਦੇ ਨਾਲ ਹੀ ਫ਼ੈਂਟਾਨਿਲ ਨਸ਼ੀਲੇ ਪਦਾਰਥ ਦੀ ਤਸਕਰੀ ਦੇ ਦੋਸ਼ਾਂ ਵਿੱਚ ਘਿਰੇ ਭਾਰਤ ਦੇ ਕੁਝ ਉੱਚ ਅਧਿਕਾਰੀਆਂ ਅਤੇ ਉਨ੍ਹਾਂ ਦੇ ਨਜ਼ਦੀਕੀ ਪਰਿਵਾਰਕ ਮੈਂਬਰਾਂ ਦੇ ਅਮਰੀਕੀ ਵੀਜ਼ੇ ਰੱਦ ਕਰ ਦਿੱਤੇ ਗਏ ਹਨ। ਅਮਰੀਕਾ ਨੇ ਦਾਅਵਾ ਕੀਤਾ ਹੈ ਕਿ ਇਹ ਕਾਰਵਾਈ ਟਰੰਪ ਪ੍ਰਸ਼ਾਸਨ ਦੀ ਨਸ਼ੀਲੇ ਪਦਾਰਥਾਂ ਵਿਰੁੱਧ ਮੁਹਿੰਮ ਦਾ ਹਿੱਸਾ ਹੈ। ਇਸ ਤੋਂ ਇਲਾਵਾ ਟਰੰਪ ਪ੍ਰਸ਼ਾਸਨ ਨੇ ਇਸ ਮਹੀਨੇ ਦੇ ਅਖੀਰ ਵਿੱਚ ਇਰਾਨ ਦੀ ਬੰਦਰਗਾਹ ਚਾਬਹਾਰ ਚਲਾਉਣ ਵਾਲੇ ਲੋਕਾਂ 'ਤੇ ਪਾਬੰਦੀ ਲਗਾਉਣ ਦੀ ਤਿਆਰੀ ਖਿੱਚ ਲਈ ਹੈ। ਇਸ ਫੈਸਲੇ ਦਾ ਭਾਰਤ 'ਤੇ ਵੀ ਅਸਰ ਪਏਗਾ, ਜੋ ਰਣਨੀਤਕ ਪੱਖੋਂ ਅਹਿਮ ਇਸ ਬੰਦਰਗਾਹ 'ਤੇ ਇੱਕ ਟਰਮੀਨਲ ਨੂੰ ਵਿਕਸਤ ਕਰ ਰਿਹਾ ਹੈ। ਅਮਰੀਕਾ ਦੇ ਉਪਰੋਕਤ ਫ਼ੈਸਲਿਆਂ ਕਾਰਨ ਭਾਰਤ ਅਤੇ ਅਮਰੀਕਾ ਦੇ ਸਬੰਧਾਂ ਵਿੱਚ 'ਸ਼ੱਕ ਅਤੇ ਅਵਿਸ਼ਵਾਸ' ਦੀ ਬਰਫ਼ ਜੰਮਦੀ ਜਾ ਰਹੀ ਹੈ, ਜਿਸ ਨੂੰ ਜਲਦੀ ਪਿਘਲਾਉਣ ਦੇ ਲਈ ਜੇ ਸੁਹਿਰਦ ਯਤਨ ਤੁਰੰਤ ਨਾ ਕੀਤੇ ਗਏ ਤਾਂ ਨਤੀਜੇ ਹੋਰ ਵੀ ਚਿੰਤਾਜਨਕ ਹੋ ਸਕਦੇ ਹਨ।

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ 'ਰਣਨੀਤੀ' ਵੱਡੀ ਗਿਣਤੀ ਲੋਕਾਂ ਦੀ ਸਮਝ ਤੋਂ ਬਾਹਰ ਹੈ। ਉਹ ਇੱਕ ਪਾਸੇ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਨੂੰ ਆਪਣਾ ਚੰਗਾ ਦੋਸਤ ਕਹਿੰਦੇ ਹਨ, ਦੂਜੇ ਪਾਸੇ ਉਹ ਭਾਰਤ ਉੱਪਰ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾਉਣ ਦਾ ਯਤਨ ਕਰ ਰਹੇ ਹਨ। ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਵੀ ਬਹੁਤ ਵਾਰ ਇਹ ਦਾਅਵਾ ਕਰ ਚੁੱਕੇ ਹਨ ਕਿ ਟਰੰਪ ਉਹਨਾਂ ਦੇ ਚੰਗੇ ਦੋਸਤ ਹਨ। ਦੋਵਾਂ ਦੇਸ਼ਾਂ ਦੇ ਮੋਹਰੀ ਆਗੂਆਂ ਵਿਚਾਲੇ ਦੋਸਤੀ ਦੇ ਬਾਵਜੂਦ ਭਾਰਤ ਅਤੇ ਅਮਰੀਕਾ ਦੇ ਸਬੰਧਾਂ ਵਿੱਚ ਇਸ ਸਮੇਂ ਤਨਾਓ ਸਿਖਰਾਂ 'ਤੇ ਹੈ, ਜਿਸ ਦੇ ਘੱਟ ਹੋਣ ਦੇ ਆਸਾਰ ਨਜ਼ਰ ਨਹੀਂ ਆ ਰਹੇ।

ਭਾਰਤ 'ਤੇ ਵੱਧ ਤੋਂ ਵੱਧ 50 ਫ਼ੀਸਦੀ ਟੈਰਿਫ਼ ਲਗਾਉਣ ਤੋਂ ਇਲਾਵਾ, ਅਮਰੀਕਾ ਨੇ ਦੁਨੀਆ ਦੇ ਲਗਭਗ 67 ਦੇਸ਼ਾਂ 'ਤੇ 'ਵਪਾਰ ਟੈਰਿਫ਼' ਲਗਾਇਆ ਹੋਇਆ ਹੈ। 'ਵਪਾਰ ਟੈਰਿਫ਼' ਰਾਹੀਂ ਇੱਕ ਲੁਕਵੀਂ ਜੰਗ ਸ਼ੁਰੂ ਕਰਕੇ ਅਮਰੀਕਾ ਵਿਸ਼ਵ ਦੀ ਇਕਲੌਤੀ ਮਹਾਂ ਸ਼ਕਤੀ ਬਣਨਾ ਚਾਹੁੰਦਾ ਹੈ, ਜਿਵੇਂ ਕਿ ਉਹ ਠੰਡੀ ਜੰਗ ਦੇ ਸਮਾਪਤ ਹੋਣ ਤੋਂ ਬਾਅਦ ਬਣ ਗਿਆ ਸੀ। ਅਮਰੀਕਾ ਵੱਲੋਂ ਭਾਰਤ ਨਾਲ ਆਪਣੀ ਪੁਰਾਣੀ ਮਿੱਤਰਤਾ ਦਾ ਦਾਅਵਾ ਕਰਦਿਆਂ ਟੈਰਿਫ਼ ਹਮਲੇ ਤੋਂ ਬਾਅਦ ਸੀਨੀਅਰ ਭਾਰਤੀ ਅਧਿਕਾਰੀਆਂ ਦੇ ਵੀਜ਼ੇ ਰੱਦ ਕਰਨ, ਇਰਾਨ ਦੀ ਬੰਦਰਗਾਹ ਬੰਦ ਕਰਨ ਵਰਗੇ ਫ਼ੈਸਲੇ ਲੈਣ ਅਤੇ ਹੁਣ ਐਚ 1 ਵੀਜ਼ਾ ਫੀਸ ਵਿੱਚ ਵਾਧਾ ਕਰਨ ਤੋਂ ਪਤਾ ਲੱਗ ਜਾਂਦਾ ਹੈ ਕਿ ਉਸ ਦੀ ਭਾਰਤ ਨਾਲ ਦੋਸਤੀ ਕਿਸ ਪੱਧਰ ਦੀ ਹੈ। ਐਚ 1- ਬੀ ਵੀਜ਼ਾ ਦੀ ਫ਼ੀਸ ਵਿੱਚ ਵਾਧੇ ਦਾ ਸਿੱਧਾ ਅਸਰ ਭਾਰਤੀਆਂ 'ਤੇ ਪਵੇਗਾ, ਕਿਉਂਕਿ 2024 ਦੇ ਅੰਕੜਿਆਂ ਅਨੁਸਾਰ, 71% ਐੱਚ-1ਬੀ ਵੀਜ਼ੇ ਭਾਰਤੀਆਂ ਨੂੰ ਜਾਰੀ ਕੀਤੇ ਗਏ ਸਨ। ਇਸ ਫੈਸਲੇ ਨੇ ਨਾ ਸਿਰਫ਼ ਵਿਅਕਤੀਆਂ, ਸਗੋਂ ਅਮਰੀਕੀ ਅਤੇ ਭਾਰਤੀ ਕੰਪਨੀਆਂ 'ਤੇ ਵੀ ਵਿੱਤੀ ਅਤੇ ਸੰਚਾਲਨ ਸੰਬੰਧੀ ਬੋਝ ਵਧਾ ਦਿੱਤਾ ਹੈ।

ਭਾਰਤੀ ਆਈਟੀ ਪੇਸ਼ੇਵਰ, ਜਿਵੇਂ ਕਿ ਇੰਜੀਨੀਅਰ, ਡਾਟਾ ਵਿਗਿਆਨੀ ਅਤੇ ਸੌਫਟਵੇਅਰ ਡਿਵੈਲਪਰ, ਐੱਚ-1ਬੀ ਵੀਜ਼ਾ ਪ੍ਰੋਗਰਾਮ ਦੀ ਰੀੜ੍ਹ ਦੀ ਹੱਡੀ ਰਹੇ ਹਨ। ਇਹ ਵੀਜ਼ਾ ਉਨ੍ਹਾਂ ਨੂੰ ਅਮਰੀਕਾ ਵਿੱਚ ਅਸਥਾਈ ਤੌਰ 'ਤੇ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ ਅਤੇ ਇਸ ਨੇ ਭਾਰਤੀਆਂ ਨੂੰ ਮਾਈਕ੍ਰੋਸਾਫਟ, ਗੂਗਲ, ਐਮਾਜ਼ਾਨ, ਇਨਫੋਸਿਸ, ਵਿਪਰੋ ਅਤੇ ਟੀਸੀਐਸ ਵਰਗੀਆਂ ਕੰਪਨੀਆਂ 'ਚ ਅਹਿਮ ਭੂਮਿਕਾਵਾਂ ਨਿਭਾਉਣ ਦਾ ਮੌਕਾ ਦਿੱਤਾ ਪਰ ਹੁਣ 100,000 ਡਾਲਰ ਦੀ ਫੀਸ ਨੇ ਇਸ ਸੁਪਨੇ ਨੂੰ ਮੁਸ਼ਕਿਲ ਬਣਾ ਦਿੱਤਾ ਹੈ।

ਭਾਰਤੀ ਅਧਿਕਾਰੀਆਂ ਦੇ ਵੀਜ਼ੇ ਰੱਦ ਕਰਨ ਬਾਰੇ ਅਮਰੀਕੀ ਦੂਤਾਵਾਸ ਨੇ ਪਿਛਲੇ ਦਿਨੀਂ ਜਾਰੀ ਬਿਆਨ ਵਿੱਚ ਕਿਹਾ ਸੀ ਕਿ ਇਹ ਵੀਜ਼ੇ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਐਕਟ ਦੀਆਂ ਧਾਰਾਵਾਂ 221(ਜ), 212( ਅਤੇ 214(ਲ) ਅਧੀਨ ਰੱਦ ਕੀਤੇ ਗਏ ਹਨ। ਇਨ੍ਹਾਂ ਵਿਅਕਤੀਆਂ ਨੂੰ ਅਮਰੀਕਾ ਵਿੱਚ ਯਾਤਰਾ ਕਰਨ ਤੋਂ ਰੋਕਿਆ ਜਾ ਸਕਦਾ ਹੈ ਅਤੇ ਉਨ੍ਹਾਂ ਨਾਲ ਜੁੜੀਆਂ ਕੰਪਨੀਆਂ ਦੇ ਅਧਿਕਾਰੀਆਂ ਦੀਆਂ ਭਵਿੱਖੀ ਵੀਜ਼ਾ ਅਰਜ਼ੀਆਂ ਵੀ ਸਖ਼ਤ ਜਾਂਚ ਅਧੀਨ ਹੋਣਗੀਆਂ। ਚਾਰਜ ਡੀ ਅਫ਼ੇਅਰਜ਼ ਜੋਰਗਨ ਐਂਡਰਿਊਜ਼ ਨੇ ਕਿਹਾ ਹੈ ਕਿ ਨਵੀਂ ਦਿੱਲੀ ਵਿੱਚ ਅਮਰੀਕੀ ਦੂਤਾਵਾਸ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਰੁੱਧ ਆਪਣੀ ਵਚਨਬੱਧਤਾ 'ਤੇ ਅਡੋਲ ਹੈ। ਸਿਰਫ਼ ਇਨ੍ਹਾਂ ਦੋਸ਼ੀ ਵਿਅਕਤੀਆਂ ਅਤੇ ਸੰਗਠਨਾਂ ਨੂੰ ਹੀ ਨਹੀਂ, ਸਗੋਂ ਉਨ੍ਹਾਂ ਦੇ ਦੋਸ਼ੀ ਪਰਿਵਾਰਾਂ ਨੂੰ ਵੀ ਨਤੀਜੇ ਭੁਗਤਣੇ ਪੈਣਗੇ।

ਜੇ ਹੁਣ ਇਰਾਨ ਦੀ ਚਾਬਹਾਰ ਬੰਦਰਗਾਹ ਦੀ ਗੱਲ ਕੀਤੀ ਜਾਵੇ ਤਾਂ ਚਾਬਹਾਰ ਬੰਦਰਗਾਹ ਇਰਾਨ ਦੇ ਦੱਖਣੀ ਤੱਟ 'ਤੇ ਸਿਸਤਾਨ-ਬਲੋਚਿਸਤਾਨ ਸੂਬੇ ਵਿੱਚ ਸਥਿਤ ਹੈ। ਭਾਰਤ ਅਤੇ ਇਰਾਨ ਇਸ ਨੂੰ ਵਪਾਰ ਅਤੇ ਸੰਪਰਕ ਵਧਾਉਣ ਲਈ ਵਿਕਸਤ ਕਰ ਰਹੇ ਹਨ।

(ਬਾਕੀ ਸਫ਼ਾ 26 'ਤੇ)



## ਕੀ ਹੁੰਦਾ ਹੈ ਐਚ 1-ਬੀ ਵੀਜ਼ਾ ?




1990 ਦੇ ਇਮੀਗ੍ਰੇਸ਼ਨ ਐਕਟ ਦੇ ਤਹਿਤ ਸਥਾਪਿਤ ਐਚ 1-ਬੀ ਵੀਜ਼ਾ ਪ੍ਰੋਗਰਾਮ ਅਮਰੀਕੀ ਮਾਲਕਾਂ ਨੂੰ ਵਿਸ਼ੇਸ਼ ਪੇਸ਼ਿਆਂ ਵਿੱਚ ਮੁੱਖ ਤੌਰ 'ਤੇ ਵਿਗਿਆਨ, ਤਕਨੀਕ, ਇੰਜੀਨੀਅਰਿੰਗ ਅਤੇ ਗਣਿਤ (ਐਸ.ਟੀ.ਈ.ਐਮ.) ਖੇਤਰਾਂ ਵਿੱਚ ਉੱਚ-ਹੁਨਰਮੰਦ ਵਿਦੇਸ਼ੀ ਪੇਸ਼ੇਵਰਾਂ ਨੂੰ ਅਸਥਾਈ ਤੌਰ 'ਤੇ ਨਿਯੁਕਤ ਕਰਨ ਦੇ ਯੋਗ ਬਣਾਉਂਦਾ ਹੈ। ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐਸ.ਸੀ.ਆਈ.ਐਸ.) ਦੇ ਅਨੁਸਾਰ ਇਸ ਲਈ ਵਿਸ਼ੇਸ਼ਤਾ ਵਿੱਚ ਬੈਚਲਰ ਡਿਗਰੀ ਜਾਂ ਇਸ ਤੋਂ ਉੱਚ, ਜਾਂ ਇਸਦੇ ਬਰਾਬਰ ਦੀ ਲੋੜ ਹੁੰਦੀ ਹੈ। ਇੱਕ ਸੰਭਾਵੀ ਮਾਲਕ ਨੂੰ ਲਾਭਪਾਤਰੀ ਦੀ ਤਰਫੋਂ ਯੂ.ਐਸ.ਸੀ.ਆਈ.ਐਸ. ਨੂੰ ਇੱਕ ਪਟੀਸ਼ਨ ਜਮ੍ਹਾਂ ਕਰਾਉਣੀ ਪੈਂਦੀ ਹੈ।

ਇਹ ਪ੍ਰੋਗਰਾਮ ਹਰ ਵਿੱਤੀ ਸਾਲ ਵਿੱਚ ਨਵੇਂ ਵੀਜ਼ਿਆਂ ਨੂੰ 65,000 'ਤੇ ਸੀਮਿਤ ਕਰਦਾ ਹੈ। ਹਲਾਂਕਿ ਇਨ੍ਹਾਂ ਵਿੱਚ ਅਮਰੀਕਾ 'ਚ ਮਾਸਟਰ ਜਾਂ ਇਸ ਤੋਂ ਉੱਚ ਡਿਗਰੀ ਪ੍ਰਾਪਤ ਕਰਨ ਵਾਲੇ, ਜਾਂ ਅਮਰੀਕੀ ਉੱਚ ਸਿੱਖਿਆ ਸੰਸਥਾ ਜਾਂ ਕੁਝ ਗੈਰ-ਲਾਭਕਾਰੀ ਸੰਸਥਾਵਾਂ ਵਿੱਚ ਕੰਮ ਕਰਨ ਵਾਲੇ 20,000 ਪਟੀਸ਼ਨਾਂ ਸ਼ਾਮਲ ਨਹੀਂ ਹਨ। ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਪਿਛਲੇ ਸਾਲ ਐਚ 1-ਬੀ ਵੀਜ਼ਿਆਂ ਦਾ ਸਭ ਤੋਂ ਵੱਡਾ ਲਾਭਪਾਤਰੀ ਸੀ, ਜੋ ਕਿ ਪ੍ਰਵਾਨਿਤ ਲਾਭਪਾਤਰੀਆਂ ਦਾ 71% ਸੀ, ਜਦੋਂ ਕਿ ਚੀਨ 11.7% 'ਤੇ ਦੂਜਾ ਲਾਭਪਾਤਰੀ ਸੀ।


VOTE OCTOBER 12, 2025
SAN JOSE
GURDWARA SAHIB
ELECTION
"RESTORE TRANSPARENCY • END DIVISION • SERVE ALL FAMILIES"
ਵਾਹਿਗੁਰੂ ਜੀ ਮਿਹਰ ਕਰਨ ਤੇ ਸਾਧ ਸੰਗਤ ਸਲੇਟ ਨੂੰ ਸੇਵਾ ਦਾ ਮੌਕਾ ਦੇਣ।
SADH SANGAT SLATE
BHUPINDER SINGH CHEEMA
HARPAL SINGH CHAHAL
KASHMIR SINGH KALKAT
KULWINDER KAUR CHEEMA
JAGJEET SINGH
SATNAM SINGH DHILLON
TRILOCHAN SINGH SRA
GURMAIL SINGH KHALSA
KARNAIL SINGH
DR. SATWINDER SINGH BAJWA
JATINDER KAUR
SUKHWIR SINGH RANDHAWA
AMRIK SINGH LUBANA
GULBAG SINGH LUBANA
RABHUBIR SINGH DHILLON
BALDEV SINGH JANDU
JOGINDER KAUR DHALIWAL
KULWANT KAUR CHAHAL
KAMALJEET SINGH CHEEMA
JAGJIT SINGH MAND
JASPAL SINGH SAINI
VOTE OCTOBER 12, 2025 • SHARE WITH FAMILY
"QUESTIONS? CALL US!"
BHUPINDER SINGH CHEEMA 408-203-8054
HARPAL SINGH CHAHAL 408-981-2842
JAGJEET SINGH 408-223-9900

# ਪਰਵਾਸੀਆਂ ਖ਼ਿਲਾਫ਼ ਵਿਸ਼ਵ-ਵਿਆਪੀ ਰੋਸ, ਸੱਜੇ ਪੱਖੀਆਂ ਵੱਲੋਂ ਮੁਜ਼ਾਹਰੇ ਕਿਉਂ ?

## ਆਰਥਿਕ ਤੇ ਸੱਭਿਆਚਾਰਕ ਡਰ ਕਾਰਨ ਨਸਲਵਾਦ ਫ਼ੈਲਿਆ

## ਮੀਡੀਆ ਤੇ ਸਿਆਸਤ ਪਰਵਾਸੀ ਵਿਰੋਧੀ ਭਾਵਨਾਵਾਂ ਨੂੰ ਦੇ ਰਹੇ ਨੇ ਹਵਾ

## ਪੁਰਤਗਾਲ ਵਿੱਚ ਸਖ਼ਤ ਨੀਤੀਆਂ, ਪੰਜਾਬੀਆਂ ਸਣੇ ਲੱਖਾਂ ਪਰਵਾਸੀਆਂ 'ਤੇ ਖ਼ਤਰਾ ਮੰਡਰਾਇਆ







ਦੁਨੀਆਂ ਦੇ ਵੱਡੇ ਤੇ ਵਿਕਸਿਤ ਮੁਲਕਾਂ ਵਿੱਚ ਪਰਵਾਸੀਆਂ ਖ਼ਿਲਾਫ਼ ਰੋਸ ਦੀ ਲਹਿਰ ਉੱਠ ਰਹੀ ਹੈ। ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਬ੍ਰਿਟੇਨ ਤੇ ਯੂਰਪ ਦੇ ਕਈ ਦੇਸ਼ਾਂ ਵਿਚ ਪਰਵਾਸੀਆਂ ਨੂੰ ਰੋਕਣ ਦੀਆਂ ਮੰਗਾਂ ਨਾਲ ਮੁਜ਼ਾਹਰੇ ਹੋ ਰਹੇ ਨੇ। ਇਹ ਉਹੀ ਮੁਲਕ ਨੇ, ਜਿਨ੍ਹਾਂ ਨੇ ਪਿਛਲੇ ਕੁਝ ਦਹਾਕਿਆਂ ਵਿੱਚ ਪਰਵਾਸੀਆਂ ਲਈ ਖੁੱਲ੍ਹੇ ਦਿਲ ਨਾਲ ਨੀਤੀਆਂ ਬਣਾਈਆਂ ਤੇ ਲੱਖਾਂ ਲੋਕਾਂ ਨੂੰ ਨਾਗਰਿਕਤਾ ਦਿੱਤੀ ਸੀ। ਪਰ ਹੁਣ ਇਨ੍ਹਾਂ ਮੁਲਕਾਂ ਵਿੱਚ ਪਰਵਾਸੀਆਂ ਖ਼ਿਲਾਫ਼ ਅਵਾਜ਼ਾਂ ਬੁਲੰਦ ਹੋਣ ਲੱਗੀਆਂ ਨੇ। ਪੰਜਾਬੀਆਂ ਸਣੇ ਲੱਖਾਂ ਪਰਵਾਸੀਆਂ 'ਤੇ ਡਿਪੋਰਟੇਸ਼ਨ ਦੀ ਤਲਵਾਰ ਲਟਕ ਰਹੀ ਹੈ।

31 ਅਗਸਤ 2025 ਨੂੰ ਆਸਟ੍ਰੇਲੀਆ ਵਿੱਚ 'ਮਾਰਚ ਫਾਰ ਆਸਟ੍ਰੇਲੀਆ' ਦੇ ਨਾਂ ਹੇਠ ਸਿਡਨੀ, ਮੈਲਬਰਨ ਵਰਗੇ ਵੱਡੇ ਸ਼ਹਿਰਾਂ ਵਿੱਚ ਪਰਵਾਸ ਵਿਰੋਧੀ ਰੈਲੀਆਂ ਹੋਈਆਂ। ਪ੍ਰਦਰਸ਼ਨਕਾਰੀਆਂ ਨੇ ਆਸਟ੍ਰੇਲੀਆ ਦੇ ਝੰਡੇ ਤੇ ਪਰਵਾਸ ਵਿਰੋਧੀ ਬੈਨਰ ਫੜ ਕੇ ਨਾਅਰੇਬਾਜ਼ੀ ਕੀਤੀ। ਸਰਕਾਰ ਨੇ ਇਨ੍ਹਾਂ ਮੁਜ਼ਾਹਰਿਆਂ ਨੂੰ 'ਨਫ਼ਰਤ ਫੈਲਾਉਣ ਵਾਲੇ' ਤੇ 'ਨੀਓ-ਨਾਜ਼ੀ' ਨਾਲ ਜੁੜੇ ਹੋਣ ਦਾ ਦੋਸ਼ ਲਾਇਆ।

ਜੂਨ 2025 ਵਿੱਚ ਨਿਊਜ਼ੀਲੈਂਡ ਵਿਚ ਕੱਟੜਪੰਥੀ ਆਗੂ ਬ੍ਰਾਇਨ ਤਾਮਾਕੀ ਦੀ ਅਗਵਾਈ ਵਿੱਚ ਪਰਵਾਸੀਆਂ ਖ਼ਿਲਾਫ਼ ਮੁਜ਼ਾਹਰੇ ਹੋਏ, ਜਿਨ੍ਹਾਂ ਵਿੱਚ ਹਿੰਦੂ, ਬੁੱਧ ਸਣੇ ਕਈ ਧਰਮਾਂ ਦੇ ਝੰਡੇ ਸਾੜੇ ਗਏ। ਪ੍ਰਦਰਸ਼ਨਕਾਰੀਆਂ ਨੇ ਪਰਵਾਸੀ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਇਆ। ਸਰਕਾਰ ਨੇ ਇਸ ਦੀ ਸਖ਼ਤ ਨਿੰਦਾ ਕੀਤੀ।

ਕੈਨੇਡਾ ਦੇ ਟੋਰੰਟੋ ਵਿੱਚ 13 ਸਤੰਬਰ ਨੂੰ 'ਕੈਨੇਡਾ ਫਸਟ ਪੈਟ੍ਰਿਅਟ ਰੈਲੀ' ਵਿੱਚ ਹਜ਼ਾਰਾਂ ਲੋਕ ਇਕੱਠੇ ਹੋਏ। ਇਸ ਰੈਲੀ ਦੇ ਪ੍ਰਬੰਧਕਾਂ ਨੇ ਸੋਸ਼ਲ ਮੀਡੀਆ 'ਤੇ 'ਵੱਡੇ ਪੱਧਰ 'ਤੇ ਇਮੀਗ੍ਰੇਸ਼ਨ' ਰੋਕਣ ਦੀ ਮੰਗ ਕੀਤੀ। ਇਸ ਦੇ ਜਵਾਬ ਵਿੱਚ ਪਰਵਾਸੀਆਂ ਦੀ ਹਮਾਇਤ ਵਿੱਚ ਵੀ ਜਵਾਬੀ ਮੁਜ਼ਾਹਰਾ ਹੋਇਆ।

ਅਮਰੀਕਾ ਵਿੱਚ ਤਾਂ ਸਮੇਂ-ਸਮੇਂ 'ਤੇ ਪਰਵਾਸੀਆਂ ਨੂੰ ਦੇਸ਼ ਛੱਡਣ ਦੀਆਂ ਮੰਗਾਂ ਵਾਲੇ ਪ੍ਰਦਰਸ਼ਨ ਹੁੰਦੇ ਰਹਿੰਦੇ ਨੇ। ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਗ਼ੈਰ-ਕਾਨੂੰਨੀ ਪਰਵਾਸੀਆਂ ਖ਼ਿਲਾਫ਼ ਖੁੱਲ੍ਹ ਕੇ ਅਵਾਜ਼ ਉਠਾਈ। ਬ੍ਰਿਟੇਨ ਵਿੱਚ 13 ਸਤੰਬਰ ਨੂੰ ਲੰਡਨ ਵਿੱਚ 'ਯੂਨਾਈਟ ਦਿ ਕਿੰਗਡਮ' ਮਾਰਚ ਵਿੱਚ 1,10,000 ਤੋਂ ਵੱਧ ਲੋਕਾਂ ਨੇ ਪਰਵਾਸੀਆਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ, ਜਿਸ ਨੂੰ ਯੂ ਕੇ ਦਾ ਸਭ ਤੋਂ ਵੱਡਾ ਅਜਿਹਾ ਮੁਜ਼ਾਹਰਾ ਕਿਹਾ ਗਿਆ।

ਇਨ੍ਹਾਂ ਮੁਜ਼ਾਹਰਿਆਂ ਦੇ ਪਿੱਛੇ ਕੁਝ ਸਾਂਝੇ ਕਾਰਨ ਨੇ। ਪਹਿਲਾ, ਪਰਵਾਸੀਆਂ ਨੂੰ ਆਰਥਿਕ ਮੰਦੀ, ਨੌਕਰੀਆਂ ਦੀ ਘਾਟ ਤੇ ਘਰਾਂ ਦੀ ਕਿੱਲਤ ਦਾ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਮੁਜ਼ਾਹਰਿਆਂ ਵਿੱਚ ਨਾਅਰੇ ਲੱਗਦੇ ਨੇ ਕਿ 'ਪਰਵਾਸੀ ਸਥਾਨਕ ਲੋਕਾਂ ਦੀਆਂ ਨੌਕਰੀਆਂ ਖੋਹ ਰਹੇ ਨੇ' ਜਾਂ 'ਸਮਾਜਿਕ ਭਲਾਈ ਸਕੀਮਾਂ 'ਤੇ ਦਬਾਅ ਪਾ ਰਹੇ ਨੇ'। ਬਰੰਪਟਨ ਦੇ ਗੁਰਦੁਆਰਾ ਨਾਨਕ ਸਿੱਖ ਸੈਂਟਰ ਦੇ ਮੈਂਬਰ ਬਲਕਰਨ ਸਿੰਘ ਗਿੱਲ ਦੱਸਦੇ ਨੇ ਕਿ ਜਦੋਂ ਸਮਾਜਿਕ ਭਲਾਈ ਸਕੀਮਾਂ ਘਟਦੀਆਂ ਨੇ ਤੇ ਪਰਵਾਸੀਆਂ ਦੀ ਗਿਣਤੀ ਵਧਦੀ ਹੈ, ਤਾਂ ਸੱਜੇ-ਪੱਖੀ ਵਰਗ ਪਰਵਾਸੀਆਂ ਨੂੰ ਸਰੋਤਾਂ 'ਤੇ ਦਬਾਅ ਦਾ ਕਾਰਨ ਦੱਸਦਾ ਨਫ਼ਰਤ ਫੈਲਾਉਂਦਾ ਹੈ। ਇਹ ਨਫ਼ਰਤੀ ਭਾਵਨਾ ਪੈਦਾ ਕੀਤੀ ਜਾਂਦੀ ਹੈ ਕਿ ਪਰਵਾਸੀ ਸਥਾਨਕ ਲੋਕਾਂ ਦੇ ਹੱਕ ਮਾਰ ਰਹੇ ਨੇ। ਦੂਜਾ, ਪਰਵਾਸੀਆਂ ਨੂੰ ਸੱਭਿਆਚਾਰਕ ਪਛਾਣ ਤੇ ਸੁਰੱਖਿਆ ਲਈ ਖ਼ਤਰੇ ਵਜੋਂ ਸੱਜੇ ਪੱਖੀਆਂ ਵੱਲੋਂ ਪ੍ਰਚਾਰਿਆ ਜਾ ਰਿਹਾ ਹੈ। ਗਿੱਲ ਇਸ ਨੂੰ 'ਸੱਭਿਆਚਾਰਕ ਨਸਲਵਾਦ' ਦੱਸਦੇ ਨੇ, ਜੋ ਪਰਵਾਸੀਆਂ ਨੂੰ ਸੱਭਿਆਚਾਰਕ ਤੌਰ 'ਤੇ ਅਯੋਗ ਸਮਝਦਾ ਹੈ। ਉਹਨਾਂ ਦੱਸਿਆ ਕਿ ਸੋਸ਼ਲ ਮੀਡੀਆ ਸੱਜੇ ਪੱਖੀ ਰੁਝਾਨ ਨੂੰ ਉਤਸ਼ਾਹਿਤ ਕਰਕੇ ਪਰਵਾਸੀਆਂ ਲਈ ਸੰਕਟ ਪੈਦਾ ਕਰਦੇ ਹਨ। ਸਿਆਸੀ ਆਗੂ ਵੀ ਅਜਿਹੇ ਮੁਜ਼ਾਹਰਿਆਂ ਨੂੰ ਹਵਾ ਦਿੰਦੇ ਨੇ, ਕਈ ਵਾਰ ਤਾਂ ਉਨ੍ਹਾਂ ਦਾ ਉਭਾਰ ਹੀ ਇਨ੍ਹਾਂ ਮੁੱਦਿਆਂ 'ਤੇ ਹੁੰਦਾ ਹੈ।



ਸ਼ਿੰਗਾਰਾਂ ਸਿੰਘ ਢਿੱਲੋਂ ਯੂ.ਕੇ. ਕਹਿੰਦੇ ਨੇ, ਪਰਵਾਸੀਆਂ ਨਾਲ ਜੁੜੀਆਂ ਅਪਰਾਧ ਦੀਆਂ ਘਟਨਾਵਾਂ ਨੂੰ ਇੰਝ ਪੇਸ਼ ਕੀਤਾ ਜਾਂਦਾ ਹੈ ਜਿਵੇਂ ਉਹ ਆਮ ਵਾਪਰਦੀਆਂ ਹੋਣ। ਜੰਗ, ਪੈਸਿਆਂ ਦੀ ਕਮੀ ਤੇ ਕੋਵਿਡ ਵਰਗੀਆਂ ਮੁਸ਼ਕਲਾਂ ਨੇ ਲੋਕਾਂ ਵਿਚ ਤਣਾਅ ਵਧਾਇਆ, ਜਿਸ ਕਾਰਨ ਪਰਵਾਸੀਆਂ ਨੂੰ ਦੋਸ਼ੀ ਠਹਿਰਾਉਣਾ ਸੌਖਾ ਹੋ ਗਿਆ।

ਪੁਰਤਗਾਲ ਵਿੱਚ ਨਵੀਂ ਸਰਕਾਰ ਨੇ ਪਰਵਾਸੀ ਵਿਰੋਧੀ ਨੀਤੀਆਂ ਅਪਣਾਉਂਦਿਆਂ 4 ਲੱਖ ਵਿਦੇਸ਼ੀਆਂ ਨੂੰ ਦੇਸ਼ ਨਿਕਾਲੇ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ, ਜਿਨ੍ਹਾਂ ਵਿੱਚ 14,000 ਦੇ ਕਰੀਬ ਭਾਰਤੀ ਵੀ ਹਨ। ਪੰਜਾਬ ਦੇ ਹਜ਼ਾਰਾਂ ਨੌਜਵਾਨ, ਜੋ ਕਾਨੂੰਨੀ ਤੌਰ 'ਤੇ ਪੁਰਤਗਾਲ ਵਿੱਚ ਰਹਿ ਰਹੇ ਨੇ ਤੇ ਟੈਕਸ ਵੀ ਦੇ ਰਹੇ ਨੇ, ਨੂੰ ਵੀ ਡਿਪੋਰਟੇਸ਼ਨ ਦਾ ਖ਼ਤਰਾ ਹੈ। ਸਰਕਾਰ ਨੇ ਕਈਆਂ ਨੂੰ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ, ਜਿਨ੍ਹਾਂ ਵਿੱਚ 10-12 ਭਾਰਤੀ ਵੀ ਨੇ। ਪੁਰਤਗਾਲ ਦੇ ਪੁਰਾਣੇ ਕਾਨੂੰਨ ਮੁਤਾਬਕ, ਜੇ ਕੋਈ ਵਿਦੇਸ਼ੀ ਕਾਨੂੰਨੀ ਪਰਮਿਟ ਨਾਲ ਰਹਿ ਰਿਹਾ ਹੈ, ਤਾਂ ਉਸ ਨੂੰ 90 ਦਿਨਾਂ ਵਿੱਚ ਰਹਿਣ ਦੀ ਇਜਾਜ਼ਤ ਮਿਲ ਜਾਂਦੀ ਹੈ। ਪਰ ਨਵੀਂ ਸਰਕਾਰ ਦੇ ਸਖ਼ਤ ਰਵੱਈਏ ਨੇ ਪਰਵਾਸੀਆਂ ਵਿੱਚ ਡਰ ਪੈਦਾ ਕਰ ਦਿੱਤਾ। ਲਿਸਬਿਨ ਵਿੱਚ ਪਾਰਲੀਮੈਂਟ ਦੇ ਬਾਹਰ ਵੱਖ-ਵੱਖ ਦੇਸ਼ਾਂ ਦੇ ਪਰਵਾਸੀਆਂ ਨੇ ਰੋਸ ਮੁਜ਼ਾਹਰਾ ਕੀਤਾ ਤੇ ਸਰਕਾਰ ਦੇ ਫ਼ੈਸਲੇ ਨੂੰ ਗ਼ੈਰ-ਵਾਜਬ ਦੱਸਿਆ। ਉਨ੍ਹਾਂ ਦਾ ਕਹਿਣਾ ਹੈ ਕਿ ਅਸੀਂ ਕਾਨੂੰਨੀ ਤੌਰ 'ਤੇ ਰਹਿ ਰਹੇ ਹਾਂ, ਟੈਕਸ ਦੇ ਰਹੇ ਹਾਂ, ਫਿਰ ਵੀ ਸਾਨੂੰ ਧੱਕੇ ਨਾਲ ਕੱਢਿਆ ਜਾ ਰਿਹਾ ਹੈ। ਸਰਕਾਰ ਦੀਆਂ ਸਖ਼ਤ ਨੀਤੀਆਂ ਨੇ ਉਨ੍ਹਾਂ ਦੇ ਭਵਿੱਖ 'ਤੇ ਸਵਾਲ ਖੜ੍ਹੇ ਕਰ ਦਿੱਤੇ। ਪਰਵਾਸੀਆਂ ਦਾ ਕਹਿਣਾ ਹੈ ਕਿ ਉਹ ਆਪਣੇ ਹੱਕਾਂ ਲਈ ਲੜਦੇ ਰਹਿਣਗੇ।

ਇਹ ਸਵਾਲ ਵਾਰ-ਵਾਰ ਉੱਠਦਾ ਹੈ ਕਿ ਕੀ ਪਰਵਾਸੀਆਂ ਖ਼ਿਲਾਫ਼ ਮੁਜ਼ਾਹਰੇ ਨਸਲਵਾਦ ਦਾ ਹਿੱਸਾ ਨੇ? ਮਾਹਿਰਾਂ ਮੁਤਾਬਕ, ਇਹ ਸੱਭਿਆਚਾਰਕ ਤੇ ਜੈਵਿਕ ਨਸਲਵਾਦ ਦਾ ਮਿਸ਼ਰਣ ਹੈ, ਜੋ ਆਰਥਿਕ ਮੁਸ਼ਕਲਾਂ, ਸਿਆਸੀ ਫ਼ਾਇਦੇ ਤੇ ਸੋਸ਼ਲ ਮੀਡੀਆ ਦੀ ਅਫ਼ਵਾਹਬਾਜ਼ੀ ਨਾਲ ਹੋਰ ਭੜਕਦਾ ਹੈ। ਪਰਵਾਸੀਆਂ ਨੂੰ ਮੁਸ਼ਕਲਾਂ ਦਾ ਕਾਰਨ ਦੱਸਣਾ ਸੌਖਾ ਹੈ, ਪਰ ਅਸਲੀਅਤ 'ਚ ਅਰਥਚਾਰੇ ਵਿੱਚ ਉਨ੍ਹਾਂ ਦਾ ਵੱਡਾ ਯੋਗਦਾਨ ਹੈ। ਪਰਵਾਸੀਆਂ ਖ਼ਿਲਾਫ਼ ਵਿਸ਼ਵ ਭਰ ਵਿੱਚ ਉੱਠ ਰਹੀ ਲਹਿਰ ਸਿਆਸੀ, ਸਮਾਜਿਕ ਤੇ ਸੱਭਿਆਚਾਰਕ ਮੁੱਦਿਆਂ ਦਾ ਸੁਮੇਲ ਹੈ। ਸਰਕਾਰਾਂ ਦੀਆਂ ਸਖ਼ਤ ਨੀਤੀਆਂ, ਮੀਡੀਆ ਦੀ ਭੂਮਿਕਾ ਤੇ ਸੋਸ਼ਲ ਮੀਡੀਆ ਦੀ ਅਫ਼ਵਾਹਬਾਜ਼ੀ ਨੇ ਇਸ ਨੂੰ ਹੋਰ ਗੰਭੀਰ ਕਰ ਦਿੱਤਾ। ਪੰਜਾਬੀਆਂ ਸਣੇ ਲੱਖਾਂ ਪਰਵਾਸੀਆਂ ਦਾ ਭਵਿੱਖ ਅਨਿਸ਼ਚਿਤ ਹੈ, ਪਰ ਉਹ ਆਪਣੇ ਹੱਕਾਂ ਲਈ ਲੜ ਰਹੇ ਨੇ। ਸਵਾਲ ਇਹ ਹੈ ਕਿ ਕੀ ਸਰਕਾਰਾਂ ਇਸ ਮਸਲੇ ਨੂੰ ਸੁਲਝਾਉਣਗੀਆਂ ਜਾਂ ਇਹ ਲਹਿਰ ਹੋਰ ਤੇਜ਼ ਹੋਵੇਗੀ?

# ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀ ਚੋਣ ਲਈ ਸਾਧ ਸੰਗਤ ਸਲੇਟ ਵੱਲੋਂ ਉਮੀਦਵਾਰਾਂ ਦਾ ਐਲਾਨ

## ਚੋਣ ਮੈਨੀਫੈਸਟੋ ਜਾਰੀ ਕਰਕੇ ਉਲੀਕੀਆਂ ਯੋਜਨਾਵਾਂ ਦਾ ਕੀਤਾ ਐਲਾਨ

## 12 ਅਕਤੂਬਰ ਨੂੰ ਹੋਵੇਗੀ ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀ ਚੋਣ

ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀ 12 ਅਕਤੂਬਰ 2025 ਨੂੰ ਹੋ ਰਹੀ ਚੋਣ ਲਈ ਸਾਧ ਸੰਗਤ ਸਲੇਟ ਵੱਲੋਂ ਆਪਣੇ ਉਮੀਦਵਾਰਾਂ ਦਾ ਐਲਾਨ ਕਰਨ ਦੇ ਨਾਲ ਹੀ ਚੋਣ ਮੈਨੀਫੈਸਟੋ ਜਾਰੀ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਾਧ ਸੰਗਤ ਸਲੇਟ ਦੇ ਆਗੂਆਂ ਨੇ ਦੱਸਿਆ ਕਿ ਸਾਧ ਸੰਗਤ ਸਲੇਟ ਵੱਲੋਂ ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀ 12 ਅਕਤੂਬਰ 2025 ਨੂੰ ਹੋ ਰਹੀ ਚੋਣ ਲਈ ਭੁਪਿੰਦਰ ਸਿੰਘ ਚੀਮਾ, ਹਰਪਾਲ ਸਿੰਘ ਚਾਹਲ, ਕਸ਼ਮੀਰ ਸਿੰਘ, ਕੁਲਵਿੰਦਰ ਕੌਰ ਚੀਮਾ, ਜਗਜੀਤ ਸਿੰਘ, ਸਤਨਾਮ ਸਿੰਘ ਢਿੱਲੋਂ, ਤਰਲੋਚਨ ਸਿੰਘ ਸਰਾ, ਗੁਰਮੇਲ ਸਿੰਘ ਖ਼ਾਲਸਾ, ਕਰਨੈਲ ਸਿੰਘ, ਡਾ. ਸਤਵਿੰਦਰ ਸਿੰਘ ਬਾਜਵਾ, ਜਤਿੰਦਰ ਕੌਰ, ਸੁਖਵੀਰ ਸਿੰਘ ਰੰਧਾਵਾ, ਅਮਰੀਕ ਸਿੰਘ ਲੁਬਾਣਾ, ਗੁਲਬਾਗ ਸਿੰਘ ਲੁਬਾਣਾ, ਰਬੂਬੀਰ ਸਿੰਘ ਢਿੱਲੋਂ, ਬਲਦੇਵ ਸਿੰਘ ਜੰਡੂ, ਜੋਗਿੰਦਰ ਕੌਰ ਧਾਲੀਵਾਲ, ਕੁਲਵੰਤ ਕੌਰ ਚਾਹਲ, ਕਮਲਜੀਤ ਸਿੰਘ ਚੀਮਾ, ਜਗਜੀਤ ਸਿੰਘ ਮੰਡ, ਜਸਪਾਲ ਸਿੰਘ ਸੈਣੀ ਉਮੀਦਵਾਰ ਹਨ। ਉਹਨਾਂ ਦੱਸਿਆ ਕਿ ਸੰਗਤ ਦੇ ਵਿਚਾਰਾਂ ਅਤੇ ਇੱਛਾ ਅਨੁਸਾਰ ਉਲੀਕੀਆਂ ਗਈਆਂ ਯੋਜਨਾਵਾਂ ਅਨੁਸਾਰ ਸੰਗਤ ਦੇ ਅਧਿਕਾਰ ਸਭ ਤੋਂ ਉੱਪਰ ਹਨ। ਗੁਰਦੁਆਰਾ ਸਾਹਿਬ ਦੀਆਂ ਚੋਣਾਂ ਸੰਵਿਧਾਨ ਅਨੁਸਾਰ ਹਰ 2 ਸਾਲਾਂ ਬਾਅਦ ਇੱਕ ਨਿਸ਼ਚਿਤ ਸਮੇਂ 'ਤੇ ਹੋਣਗੀਆਂ। ਪ੍ਰਬੰਧਕ ਕਮੇਟੀ ਦਾ ਮੈਂਬਰ ਸਿਰਫ਼ ਦੋ ਵਾਰ ਹੀ ਮੈਂਬਰ ਬਣ ਸਕਦਾ ਹੈ। 2 ਵਾਰ ਤੋਂ ਬਾਅਦ, ਕੋਈ ਮੈਂਬਰ ਕਮੇਟੀ ਵਿੱਚ ਨਹੀਂ ਆ ਸਕਦਾ। ਇਹ ਨਵੇਂ ਚਿਹਰਿਆਂ ਨੂੰ ਉਤਸ਼ਾਹਿਤ ਕਰਨ ਦਾ ਇੱਕ ਯਤਨ ਹੈ। ਗੁਰੂਦੁਆਰਾ ਸਾਹਿਬ ਨੂੰ ਵਪਾਰਕ ਜਾਂ ਰਾਜਨੀਤਿਕ ਪਲੇਟਫਾਰਮ ਦੀ ਬਜਾਏ ਇੱਕ ਪੂਰੀ ਤਰ੍ਹਾਂ ਧਾਰਮਿਕ, ਅਧਿਆਤਮਕ ਅਤੇ ਪੰਥਕ ਕੇਂਦਰ ਬਣਾਇਆ ਜਾਵੇਗਾ। ਹਰ ਪ੍ਰੋਗਰਾਮ ਗੁਰਮਤਿ ਅਨੁਸਾਰ, ਬਿਨਾਂ ਕਿਸੇ ਪੱਖਪਾਤ ਦੇ ਆਯੋਜਿਤ ਕੀਤਾ ਜਾਵੇਗਾ। ਪੰਥ ਵਿਰੋਧੀ ਗਤੀਵਿਧੀਆਂ ਨੂੰ ਗੁਰਦੁਆਰਾ ਸਾਹਿਬ ਵਿੱਚ ਇਜਾਜ਼ਤ ਨਹੀਂ ਹੋਵੇਗੀ। ਵਿੱਤੀ ਜਾਣਕਾਰੀ (ਆਮਦਨ ਅਤੇ ਖਰਚ) ਹਰ ਮਹੀਨੇ ਸੰਗਤ ਨਾਲ ਸਾਂਝੀ ਕੀਤੀ ਜਾਵੇਗੀ। ਹਰ ਦੋ ਸਾਲਾਂ ਬਾਅਦ ਇੱਕ ਬਾਹਰੀ ਕੰਪਨੀ ਦੁਆਰਾ ਆਡਿਟ ਕੀਤਾ ਜਾਵੇਗਾ।

ਆਗੂਆਂ ਨੇ ਕਿਹਾ ਕਿ ਅਸੀਂ ਰਾਜਨੀਤਿਕ ਜਾਂ ਪ੍ਰਬੰਧਨ ਮੁੱਦਿਆਂ 'ਤੇ ਕਾਨੂੰਨੀ ਲੜਾਈ ਲਈ ਗੁਰੂ ਦੀ ਗੋਲਕ ਦੀ ਦੁਰਵਰਤੋਂ ਨੂੰ ਰੋਕਾਂਗੇ। ਗੁਰੂ ਦੀ ਗੋਲਕ ਸਿਰਫ਼ ਧਾਰਮਿਕ ਅਤੇ ਪੰਥਕ ਕਾਰਜਾਂ ਲਈ ਹੀ ਵਰਤੀ ਜਾਵੇਗੀ। ਕਿਸੇ ਵੀ ਤਰ੍ਹਾਂ ਦੀ ਬੇਲੋੜੀ ਡੋਨੇਸ਼ਨ ਜਾਂ ਰਾਜਸੀ ਮਦਦ ਬੰਦ ਕੀਤੀ ਜਾਵੇਗੀ। ਨੌਜਵਾਨਾਂ ਅਤੇ ਬੀਬੀਆਂ ਨੂੰ ਉਤਸ਼ਾਹਿਤ ਕਰਕੇ ਗੁਰਦੁਆਰਾ ਸਾਹਿਬ ਦੇ ਪ੍ਰੋਜੈਕਟਾਂ ਵਿੱਚ ਸ਼ਾਮਲ ਕੀਤਾ ਜਾਵੇਗਾ। ਵਿਦਿਆਰਥੀਆਂ ਲਈ ਨਵੇਂ ਯੁੱਗ ਦੀ ਸਿੱਖਿਆ ਦੇ ਕੋਰਸ ਮੁਹਈਆ ਕੀਤੇ ਜਾਣਗੇ ਜਿਹਨਾਂ ਵਿੱਚ ਟੈਕਨਾਲੋਜੀ ਅਤੇ ਏ.ਆਈ. ਨੂੰ ਖ਼ਾਸ ਤਰਜੀਹ ਦਿੱਤੀ ਜਾਵੇਗੀ। ਸੀਨੀਅਰ ਸਿਟੀਜ਼ਨ ਅਤੇ ਪੰਜਾਬ ਤੋਂ ਨਵੇਂ ਆਏ ਲੋਕਾਂ ਲਈ ਵਿਸ਼ੇਸ਼ ਮਦਦ ਦੇ ਉਪਰਾਲੇ ਕੀਤੇ ਜਾਣਗੇ। ਸੰਗਤ ਦੀ ਸਲਾਹ ਨਾਲ ਹੀ ਵੱਡੇ ਫੈਸਲੇ ਕੀਤੇ ਜਾਣਗੇ, ਡਿਕਟੇਟਰਸ਼ਿਪ ਵਾਲਾ ਮਾਹੌਲ ਖ਼ਤਮ ਕੀਤਾ ਜਾਵੇਗਾ। ਖ਼ਾਲਸਾ ਸਕੂਲ ਦੀ ਕਾਰਗੁਜ਼ਾਰੀ ਬਹੁਤ ਵਧੀਆ ਚੱਲ ਰਹੀ ਹੈ। ਇਸ ਨੂੰ ਸਿਆਸਤ ਤੋਂ ਪਾਸੇ ਰੱਖਣ ਲਈ ਸਤਿਕਾਰਯੋਗ ਸਕੂਲ ਅਧਿਆਪਕਾਂ ਨੂੰ ਗੁਰਦੁਆਰਾ ਕਮੇਟੀ ਦੀ ਰਾਜਨੀਤੀ ਤੋਂ ਦੂਰ ਰੱਖਿਆ ਜਾਵੇਗਾ। ਅਸੀਂ ਪਰਿਵਾਰ ਦੀ ਇੱਛਾ ਅਤੇ ਸਮੱਰਥਾ ਦੇ ਆਧਾਰ 'ਤੇ ਵਿਆਹਾਂ ਦੇ ਖਰਚੇ ਘਟਾਂਵਾਂਗੇ। ਪਰਿਵਾਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਵਿਚੋਂ ਸਿਰਫ਼ ਇੱਕ ਵਿਅਕਤੀ ਹੀ ਪ੍ਰਬੰਧਕ ਕਮੇਟੀ ਵਿੱਚ ਸ਼ਾਮਲ ਹੋ ਸਕੇਗਾ। ਕਿਸੇ ਵੀ ਸਿੱਖ ਨੂੰ ਗੁਰਦੁਆਰਾ ਸਾਹਿਬ ਆਉਣ ਤੋਂ ਨਹੀਂ ਰੋਕਿਆ ਜਾਵੇਗਾ। ਸੰਗਤ ਵਿਰੁੱਧ ਕਾਨੂੰਨੀ ਪ੍ਰਣਾਲੀ ਦੀ ਦੁਰਵਰਤੋਂ ਬੰਦ ਕੀਤੀ ਜਾਵੇਗੀ।

### ਸੰਗਤ ਨੂੰ ਸਾਧ ਸੰਗਤ ਸਲੇਟ ਨੂੰ ਵੋਟਾਂ ਪਾਉਣ ਦੀ ਅਪੀਲ

ਸਾਧ ਸੰਗਤ ਸਲੇਟ ਦੇ ਆਗੂਆਂ ਨੇ ਕਿਹਾ ਕਿ ਪਿਛਲੇ 40 ਸਾਲ ਤੋਂ ਬਾਬ ਢਿੱਲੋਂ ਐਂਡ ਕੰਪਨੀ ਨੇ ਗੁਰਦੁਆਰਾ ਸਾਹਿਬ ਸੈਨਹੋਜ਼ੇ 'ਤੇ ਕਬਜ਼ਾ ਕੀਤਾ ਹੋਇਆ ਹੈ। ਗੁਰਦੁਆਰਾ ਸਾਹਿਬ ਵਿੱਚ ਇਹ ਸਿਰਫ਼ ਦੂਜੀ ਵਾਰ ਚੋਣ ਹੋ ਰਹੀ ਹੈ ਤੇ ਦੋਨੋ ਵਾਰ ਸੰਗਤ ਨੂੰ ਕੋਰਟ ਜਾ ਕੇ ਹੀ ਚੋਣ ਕਰਾਉਣੀ ਪਈ।

ਕਬਜ਼ੇ ਨੂੰ ਬਰਕਰਾਰ ਰੱਖਣ ਲਈ ਹੁਣ ਬਾਬ ਢਿੱਲੋਂ ਐਂਡ ਕੰਪਨੀ ਨੇ ਸੰਵਿਧਾਨ ਵਿੱਚ ਹੀ ਤਰਮੀਮ ਲੈਂ ਆਂਦੀ ਹੈ ਕਿ ਅੱਗੇ ਤੋਂ ਕਮੇਟੀ 4 ਸਾਲ ਲਈ ਚੁਣੀ ਜਾਵੇਗੀ। ਇਲੈਕਸ਼ਨ ਕਮੇਟੀ ਨੇ ਸਰਬਸੰਮਤੀ ਨਾਲ (ਜਿਸ ਵਿੱਚ ਬਾਬ ਦੇ ਤਿੰਨ ਤੇ ਸਾਧ ਸੰਗਤ ਸਲੇਟ ਦੇ ਤਿੰਨ ਮੈਂਬਰ ਹਨ) ਨੇ ਇਸਨੂੰ ਬੈਲਟ ਪੇਪਰ 'ਤੇ ਲਿਆਉਣ ਤੋਂ ਨਾਂਹ ਕੀਤੀ ਪਰ ਇਸਨੇ ਧੱਕੇ ਨਾਲ ਬੈਲਟ ਪੇਪਰ 'ਤੇ ਛਾਪਿਆ ਹੈ। ਇਸ ਚਿੱਠੀ ਵਿੱਚ ਇਹ ਇਲੈਕਸ਼ਨ ਕਮੇਟੀ ਨੂੰ ਕਹਿ ਰਿਹਾ ਹੈ ਕਿ ਉਹਨਾਂ ਕੋਲ ਇਸਨੂੰ ਰੋਕਣ ਦੀ ਕੋਈ ਤਾਕਤ ਨਹੀਂ।

ਸਾਧ ਸੰਗਤ ਸਲੇਟ ਦੇ ਆਗੂਆਂ ਨੇ ਕਿਹਾ ਕਿ ਸਾਧ ਸੰਗਤ ਜੀ ਜੇ ਬਾਬ ਢਿੱਲੋਂ ਐਂਡ ਕੰਪਨੀ ਜਿੱਤ ਜਾਂਦੇ ਹਨ ਫੇਰ ਸਾਰੀ ਉਮਰ ਸੰਗਤ ਨੂੰ ਗੁਰਦੁਆਰਾ ਨਹੀਂ ਮਿਲਣਾ। ਇਸ ਲਈ ਸਾਧ ਸੰਗਤ ਸਲੇਟ ਨੂੰ ਵੋਟਾਂ ਪਾਉ ਅਤੇ ਇਸ 4 ਸਾਲ ਵਾਲੀ ਤਰਮੀਮ 'ਤੇ ਵੀ ਨਾਂਹ ਕਰੋ।

# ਅਮਰੀਕਾ ’ਚ ਪੜ੍ਹਾਈ ਕਰਨ ਬਾਰੇ ਜਾਣਕਾਰੀ ਲੈਣ ਵਾਲਿਆਂ ਦੀ ਗਿਣਤੀ ’ਚ 46 ਪ੍ਰਤੀਸ਼ਤ ਦੀ ਆਈ ਗਿਰਾਵਟ : ਆਈ.ਡੀ.ਪੀ.ਐਜੂਕੇਸ਼ਨ

ਨਵੀਂ ਦਿੱਲੀ/ਏ.ਟੀ.ਨਿਊਜ਼: ਆਈ.ਡੀ.ਪੀ.ਐਜੂਕੇਸ਼ਨ ਦੇ ਉੱਚ ਅਧਿਕਾਰੀਆਂ ਦੇ ਅਨੁਸਾਰ, ਪਿਛਲੇ ਸਾਲ ਅਮਰੀਕਾ ਵਿੱਚ ਪੜ੍ਹਾਈ ਕਰਨ ਦੇ ਚਾਹਵਾਨਾਂ ਤੋਂ ਪੁੱਛਗਿੱਛਾਂ ਵਿੱਚ 46 ਪ੍ਰਤੀਸ਼ਤ ਤੋਂ ਵੱਧ ਦੀ ਗਿਰਾਵਟ ਆਈ ਹੈ, ਜਦੋਂ ਕਿ ਕੈਨੇਡਾ ਵਿੱਚ ਪੜ੍ਹਾਈ ਕਰਨ ਬਾਰੇ ਪੁੱਛਗਿੱਛਾਂ ਵਿੱਚ ਪਿਛਲੇ ਦੋ ਸਾਲਾਂ ਵਿੱਚ ਲਗਭਗ 75 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। 1969 ਵਿੱਚ ਆਸਟ੍ਰੇਲੀਆਈ ਸਰਕਾਰ ਦੁਆਰਾ ਸਥਾਪਿਤ, ਆਈ.ਡੀ.ਪੀ. ਐਜੂਕੇਸ਼ਨ ਅੰਤਰਰਾਸ਼ਟਰੀ ਸਿੱਖਿਆ ਸੇਵਾਵਾਂ ਵਿੱਚ ਇੱਕ ਵਿਸ਼ਵਵਿਆਪੀ ਨੇਤਾ ਹੈ ਜੋ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਦੇ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਦੀ ਹੈ।

ਇਹ ਕੰਪਨੀ ਆਸਟ੍ਰੇਲੀਆ, ਕੈਨੇਡਾ, ਨਿਊਜ਼ੀਲੈਂਡ, ਆਇਰਲੈਂਡ, ਯੂਕੇ ਅਤੇ ਅਮਰੀਕਾ ਵਰਗੇ ਸਥਾਨਾਂ ਲਈ ਕੋਰਸ ਅਤੇ ਯੂਨੀਵਰਸਿਟੀ ਚੋਣ, ਅਰਜ਼ੀ ਜਮ੍ਹਾਂ ਕਰਵਾਉਣ, ਵੀਜ਼ਾ ਪ੍ਰੋਸੈਸਿੰਗ ਅਤੇ ਪ੍ਰੀ-ਡਿਪਾਰਚਰ ਪਲੈਨਿੰਗ ’ਤੇ ਮੁਫ਼ਤ ਮਾਹਰ ਮਾਰਗਦਰਸ਼ਨ ਪ੍ਰਦਾਨ ਕਰਦੀ ਹੈ। ਇਹ ਅੰਗਰੇਜ਼ੀ ਭਾਸ਼ਾ ਮੁਹਾਰਤ ਟੈਸਟ ਵੀ ਕਰਵਾਉਂਦਾ ਹੈ।



ਆਈ.ਡੀ.ਪੀ. ਐਜੂਕੇਸ਼ਨ ਵਿਖੇ ਦੱਖਣੀ ਏਸ਼ੀਆ, ਕੈਨੇਡਾ ਅਤੇ ਲਾਤੀਨੀ ਅਮਰੀਕਾ ਦੇ ਖੇਤਰੀ ਨਿਰਦੇਸ਼ਕ ਪਿਊਸ਼ ਕੁਮਾਰ ਦੇ ਅਨੁਸਾਰ, ਭੂ-ਰਾਜਨੀਤਿਕ ਸਥਿਤੀ ਨੇ ਵਿਦਿਆਰਥੀਆਂ ਦੀਆਂ ਅਮਰੀਕਾ ਅਤੇ ਕੈਨੇਡਾ ਦੀ ਯਾਤਰਾ ਦੀਆਂ ਯੋਜਨਾਵਾਂ ਨੂੰ ਪ੍ਰਭਾਵਿਤ ਕੀਤਾ ਹੈ।

ਉਹਨਾਂ ਕਿਹਾ ‘ਜੇ ਅਸੀਂ ਭੂ-ਰਾਜਨੀਤਿਕ ਸਥਿਤੀ ਬਾਰੇ ਗੱਲ ਕਰੀਏ, ਤਾਂ ਮੈਨੂੰ ਲੱਗਦਾ ਹੈ ਕਿ ਇਹ ਮੁੱਖ ਤੌਰ ’ਤੇ ਅਮਰੀਕਾ ਨਾਲ ਸਬੰਧਿਤ ਹੈ ਅਤੇ ਅਸੀਂ ਦੇਖਿਆ ਹੈ ਕਿ ਪਿਛਲੇ ਛੇ ਤੋਂ 12 ਮਹੀਨਿਆਂ ਵਿੱਚ, ਇਸ ਸਥਿਤੀ ਨੇ ਅਮਰੀਕਾ ਦੀ ਯਾਤਰਾ ਕਰਨ ਦੀ ਯੋਜਨਾ ਬਣਾ ਰਹੇ ਵਿਦਿਆਰਥੀਆਂ ਦੀਆਂ ਯੋਜਨਾਵਾਂ ਨੂੰ ਸਪੱਸ਼ਟ ਤੌਰ ’ਤੇ ਪ੍ਰਭਾਵਿਤ ਕੀਤਾ ਹੈ। ਇਹ ਅਸਲ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਹੀ ਸ਼ੁਰੂ ਹੋ ਗਿਆ ਸੀ, ਇਸ ਲਈ ਅਸੀਂ ਜੂਨ ਤੋਂ ਵੀਜ਼ਾ ਪ੍ਰਵਾਨਗੀ ਦਰਾਂ ਵਿੱਚ ਗਿਰਾਵਟ ਦੇਖੀ ਹੈ।’

ਉਹਨਾਂ ਕਿਹਾ ਕਿ ਆਮ ਤੌਰ ’ਤੇ, ਚੋਣ ਸਾਲ ਦੌਰਾਨ, ਅਸੀਂ ਹਰ ਵਾਰ ਕਿਸੇ ਨਾ ਕਿਸੇ ਕਾਰਨ ਕਰਕੇ ਵੀਜ਼ਾ ਪ੍ਰਵਾਨਗੀ ਦਰਾਂ ਵਿੱਚ ਗਿਰਾਵਟ ਦੇਖਦੇ ਹਾਂ। ਪਰ ਰਾਸ਼ਟਰਪਤੀ ਟਰੰਪ ਦੇ ਆਉਣ ਨਾਲ, ਮੈਨੂੰ ਲੱਗਦਾ ਹੈ ਕਿ ਉਹ ਕੁਝ ਬਦਲਾਅ ਦੀ ਯੋਜਨਾ ਬਣਾ ਰਹੇ ਹਨ।

(ਬਾਕੀ ਸਫ਼ਾ 26 ’ਤੇ)

## ਭਾਰਤ ਸਮੇਤ 23 ਮੁਲਕ ਕਰ ਰਹੇ ਹਨ ਗ਼ੈਰਕਾਨੂੰਨੀ ਨਸ਼ਿਆਂ ਦਾ ਉਤਪਾਦਨ: ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਭਾਰਤ, ਚੀਨ, ਅਫ਼ਗਾਨਿਸਤਾਨ ਅਤੇ ਪਾਕਿਸਤਾਨ ਸਮੇਤ 23 ਮੁਲਕ ਨਸ਼ੀਲੇ ਪਦਾਰਥਾਂ ਦੀ ਗ਼ੈਰਕਾਨੂੰਨੀ ਤਸਕਰੀ ਅਤੇ ਉਤਪਾਦਨ ਕਰ ਰਹੇ ਹਨ। ਉਨ੍ਹਾਂ ਕਿਹਾ ਹੈ ਕਿ ਇਹ ਮੁਲਕ ਗ਼ੈਰਕਾਨੂੰਨੀ ਨਸ਼ੀਲੇ ਪਦਾਰਥਾਂ ਅਤੇ ਰਸਾਇਣਾਂ ਦਾ ਨਿਰਮਾਣ ਅਤੇ ਤਸਕਰੀ ਕਰਕੇ ਅਮਰੀਕਾ ਅਤੇ ਉਸ ਦੇ ਨਾਗਰਿਕਾਂ ਦੀ ਸੁਰੱਖਿਆ ਲਈ ਖ਼ਤਰਾ ਬਣ ਰਹੇ ਹਨ। ਕਾਂਗਰਸ ਨੂੰ ਸੌਂਪੇ ਗਏ ‘ਰਾਸ਼ਟਰਪਤੀ ਦੇ ਅਹਿਦ’ ਵਿੱਚ ਟਰੰਪ ਨੇ ਕਿਹਾ ਕਿ ਉਨ੍ਹਾਂ 23 ਦੇਸ਼ਾਂ ਦੀ ‘ਪ੍ਰਮੁੱਖ ਨਸ਼ੀਲੇ ਪਦਾਰਥਾਂ ਦੀ ਆਵਾਜਾਈ ਜਾਂ ਪ੍ਰਮੁੱਖ ਗ਼ੈਰਕਾਨੂੰਨੀ ਨਸ਼ੀਲੇ ਪਦਾਰਥ ਉਤਪਾਦਕ’ ਦੇਸ਼ਾਂ ਵਜੋਂ ਪਛਾਣ ਕੀਤੀ ਹੈ। ਵਿਦੇਸ਼ ਵਿਭਾਗ ਨੇ ਪੰਜ ਦੇਸ਼ਾਂ ਅਫ਼ਗਾਨਿਸਤਾਨ, ਬੋਲਿਵੀਆ, ਬਰਮਾ, ਕੋਲੰਬੀਆ ਅਤੇ ਵੈਨਜ਼ੁਏਲਾ ਨੂੰ ‘ਲੋੜੀਂਦੀਆਂ ਕੋਸ਼ਿਸ਼ਾਂ ਵਿੱਚ ਨਾਕਾਮ’ ਰਹਿਣ ਵਜੋਂ ਸੂਚੀਬੱਧ ਕੀਤਾ ਹੈ। ਇਨ੍ਹਾਂ ਮੁਲਕਾਂ ਨੂੰ ਨਸ਼ੀਲੇ ਪਦਾਰਥ ਵਿਰੋਧੀ ਯਤਨਾਂ ਨੂੰ ਬਿਹਤਰ ਬਣਾਉਣ ਦਾ ਸੱਦਾ ਦਿੱਤਾ ਗਿਆ ਹੈ।



## ਫਰਿਜ਼ਨੋ ਵਿਖੇ ਮਨਾਇਆ ਗਿਆ ਮਨੁੱਖੀ ਅਧਿਕਾਰ ਦਿਹਾੜਾ

### ਵੱਖ- ਵੱਖ ਬੁਲਾਰਿਆਂ ਨੇ ਦੁਨੀਆ ਭਰ ਵਿੱਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਬਾਰੇ ਚਿੰਤਾ ਜ਼ਾਹਰ ਕੀਤੀ

ਫਰਿਜ਼ਨੋ (ਕੈਲੀਫ਼ੋਰਨੀਆ)/ ਏ.ਟੀ.ਨਿਊਜ਼: ਪਿਛਲੇ ਦਿਨੀਂ ਫਰਿਜਨੋ ਵਿਖੇ ਸ. ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਨੂੰ ਸਮਰਪਿਤ, ‘ਮਨੁੱਖੀ ਅਧਿਕਾਰ ਦਿਵਸ’ ਮਨਾਇਆ ਗਿਆ। ਸਥਾਨਿਕ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਬਣੇ ਖਾਲੜਾ ਪਾਰਕ ਵਿੱਚ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਪ੍ਰਬੰਧਕ ਕਮੇਟੀ ਵੱਲੋਂ ਇੰਡੋ-ਯੂ.ਐਸ. ਹੈਰੀਟੇਜ਼ ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਸਮਾਗਮ ਮਨੁੱਖੀ ਅਧਿਕਾਰ ਦਿਹਾੜਾ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 30ਵੀਂ ਬਰਸੀ ਨੂੰ ਮੁੱਖ ਰੱਖਕੇ ਮਨਾਇਆ ਗਿਆ। ਇਸ ਮੌਕੇ ਜਿੱਥੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਗਿਆ, ਉਥੇ 9-11 ਦੀ 24ਵੀਂ ਬਰਸੀ ਮੌਕੇ ਅਮਰੀਕਾ ਵਿੱਚ ਅੱਤਵਾਦੀ ਹਮਲੇ ਵਿੱਚ ਮਾਰੇ ਗਏ ਤਿੰਨ ਹਜ਼ਾਰ ਤੋਂ ਵੱਧ ਨਿਰਦੋਸ਼ ਲੋਕਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ। ਸਮਾਗਮ ਦੀ ਸ਼ੁਰੂਆਤ ਕੁਲਵੰਤ ਸਿੰਘ ਖਹਿਰਾ ਅਤੇ ਸਾਥੀਆਂ ਨੇ ਸੁਖਮਨੀ ਸਹਿਬ ਦੇ ਪਾਠ ਕਰਕੇ ਕੀਤੀ।ਉਪਰੰਤ ਭਾਈ ਮਹਿਲਾ ਸਿੰਘ ਦੇ ਕਵਿਸ਼ਰੀ ਜਥੇ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ ’ਤੇ ਆਪਣੀਆਂ ਕਵਿਤਾਵਾਂ ਰਾਹੀਂ ਪੰਛੀ ਯਾਤ ਪਵਾਈ। ਪਿਛੋਂ ਸਟੇਜ ਦੀ ਸ਼ੁਰੂਆਤ ਰਾਜ ਸਿੱਧੂ ਮੋਗਾ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਉਪਰੰਤ ਸਟੇਜ਼ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖੂਬੀ ਕੀਤਾ। ਇਸ ਪਿੱਛੋਂ ਗਾਇਕ ਰਾਜ ਬਰਾੜ ਨੇ ਧਾਰਮਿਕ ਗੀਤ ਨਾਲ ਸਟੇਜ਼ ਨੂੰ ਅੱਗੇ ਤੋਰਿਆ। ਹਰਨੇਕ ਸਿੰਘ ਲੋਹਗੜ ਅਤੇ ਗੁਰਦੀਪ ਸਿੰਘ ਚੰਨਣਵਾਲ ਨੇ ਵੀ ਕਵਿਸ਼ਰੀ ਰੂਪ ਵਿੱਚ ਚੰਗਾ ਸਮਾਂ ਬੰਨਿਆ। ਗਾਇਕ ਪੱਪੀ ਭਦੌੜ, ਕਮਲਜੀਤ ਬੈਨੀਪਾਲ, ਗਾਇਕ ਪ੍ਰਗਟ ਆਦਿ ਨੇ ਇਨਕਲਾਬੀ ਗੀਤਾਂ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਬੋਲਣ ਵਾਲੇ ਬੁਲਾਰਿਆਂ ਵਿੱਚ ਪੰਜਾਬੀ ਰੇਡੀਓ ਯੂ.ਐਸ.ਏ. ਦੇ ਹੋਸਟ ਪ੍ਰਵੀਨ ਕੁਮਾਰ ਸ਼ਰਮਾ, ਸੁਖਦੇਵ ਸਿੰਘ ਸਿੱਧੂ, ਡਾ. ਮਲਕੀਤ ਸਿੰਘ ਕਿੰਗਰਾ, ਸੁਰਿੰਦਰ ਮੰਡਾਲੀ, ਜਸਪ੍ਰੀਤ ਸਿੱਧੂ, ਨੈਣਦੀਪ ਸਿੰਘ ਚੰਨ, ਪਰਗਟ ਸਿੰਘ ਬਾਠ, ਪ੍ਰੈਸੀਪਲ ਦਲਜੀਤ ਸਿੰਘ , ਮਹਿੰਦਰ ਸਿੰਘ ਸੰਧਾਵਾਲੀਆ, (ਬਾਕੀ ਸਫ਼ਾ 26 ’ਤੇ)



## ਮੈਨੂੰ ‘ਸੱਤ ਜੰਗਾਂ ਰੁਕਵਾਉਣ ਲਈ’ ਨੋਬੇਲ ਸ਼ਾਂਤੀ ਪੁਰਸਕਾਰ ਮਿਲਣਾ ਚਾਹੀਦੈ: ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ-ਪਾਕਿਸਤਾਨ ਟਕਰਾਅ ਨੂੰ ਵਪਾਰ ਜ਼ਰੀਏ ਸੁਲਝਾਉਣ ਦਾ ਮੁੜ ਦਾਅਵਾ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ‘ਸੱਤ ਜੰਗਾਂ ਰੁਕਵਾਉਣ ਲਈ’ ਨੋਬੇਲ ਸ਼ਾਂਤੀ ਪੁਰਸਕਾਰ ਮਿਲਣਾ ਚਾਹੀਦਾ ਹੈ। ਟਰੰਪ ਨੇ ਕਿਹਾ, “ਆਲਮੀ ਮੰਚ ’ਤੇ ਅਸੀਂ ਇੱਕ ਵਾਰ ਫਿਰ ਅਜਿਹੇ ਕੰਮ ਕਰ ਰਹੇ ਹਾਂ ਜਿਸ ਨਾਲ ਸਾਨੂੰ ਹਰ ਉਸ ਪੱਧਰ ਦਾ ਸਨਮਾਨ ਮਿਲ ਰਿਹਾ ਹੈ, ਜੋ ਪਹਿਲਾਂ ਕਦੇ ਨਹੀਂ ਮਿਲਿਆ।”ਟਰੰਪ ਨੇ ਬੀਤੇ ਦਿਨ ‘ਅਮਰੀਕਨ ਕਾਰਨਰਸਟੋਨ ਇੰਸਟੀਚਿਊਟ ਫਾਊਂਡਰਜ਼ ਡਿਨਰ’ ਦੇ ਸਾਲਾਨਾ ਪ੍ਰੋਗਰਾਮ ਵਿੱਚ ਕਿਹਾ, “ਅਸੀਂ ਸ਼ਾਂਤੀ ਸਮਝੌਤਾ ਕਰਵਾ ਰਹੇ ਹਾਂ ਤੇ ਜੰਗ ਰੋਕ ਰਹੇ ਹਾਂ। ਅਸੀਂ ਭਾਰਤ-ਪਾਕਿਸਤਾਨ ਤੇ ਥਾਈਲੈਂਡ-ਕੰਬੋਡੀਆ ਦਰਮਿਆਨ ਜੰਗ ਰੋਕੀ।” ਉਨ੍ਹਾਂ ਕਿਹਾ, “ਭਾਰਤ ਤੇ ਪਾਕਿਸਤਾਨ ਬਾਰੇ ਸੋਚੋ, ਕੀ ਤੁਸੀਂ ਜਾਣਦੇ ਹੋ ਕਿ ਮੈਂ ਇਸ ਨੂੰ ਕਿਵੇਂ ਰੋਕਿਆ। ਵਪਾਰ ਜ਼ਰੀਏ। ਉਹ ਵਪਾਰ ਕਰਨਾ ਚਾਹੁੰਦੇ ਹਨ ਤੇ ਮੈਂ ਦੋਵਾਂ ਆਗੂਆਂ ਦਾ ਬਹੁਤ ਸਨਮਾਨ ਕਰਦਾ ਹਾਂ।” ਅਮਰੀਕੀ ਰਾਸ਼ਟਰਪਤੀ ਨੇ ਦਾਅਵਾ ਕੀਤਾ, “ਭਾਰਤ-ਪਾਕਿਸਤਾਨ, ਥਾਈਲੈਂਡ-ਕੰਬੋਡੀਆ, ਆਰਮੀਨੀਆ-ਅਜ਼ਰਬਾਇਜਾਨ, ਕੋਸੋਵੋ-ਸਰਬੀਆ, ਇਜ਼ਰਾਈਲ-ਇਰਾਨ, ਮਿਸਰ-ਇਥੋਪੀਆ, ਰਵਾਂਡਾ-ਕਾਂਗੋ ਵੱਲ ਦੇਖੋ, ਅਸੀਂ ਇਨ੍ਹਾਂ ਦੇਸ਼ਾਂ ਵਿਚਕਾਰ ਟਕਰਾਅ ਨੂੰ ਰੋਕਿਆ ਹੈ ਅਤੇ ਇਨ੍ਹਾਂ ਵਿੱਚੋਂ 60 ਪ੍ਰਤੀਸ਼ਤ ਵਪਾਰ ਕਾਰਨ ਰੋਕੇ ਗਏ ਸਨ।” ਟਰੰਪ ਨੇ ਕਿਹਾ, “ਮੈਂ ਭਾਰਤ ਨੂੰ ਕਿਹਾ ਦੇਖੋ, ਤੁਹਾਡੇ ਦੋਵਾਂ ਕੋਲ ਪਰਮਾਣੂ ਹਥਿਆਰ ਹਨ। ਜੇਕਰ ਤੁਸੀਂ ਜੰਗ ਸ਼ੁਰੂ ਕੀਤੀ ਤਾਂ ਅਸੀਂ ਤੁਹਾਡੇ ਨਾਲ ਕੋਈ ਵਪਾਰ ਨਹੀਂ ਕਰਾਂਗੇ। ਜਦੋਂ ਮੈਂ ਇਹ ਕਿਹਾ ਤਾਂ ਉਹ ਰੁਕ ਗਏ।”

## ਮੇਅਰ ਦੇ ਮੁੱਦੇ ’ਤੇ ਟਰੰਪ ਨੇ ਨਿਊਯਾਰਕ ਦੇ ਫ਼ੰਡ ਰੋਕਣ ਦੀ ਦਿੱਤੀ ਚਿਤਾਵਨੀ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗਵਰਨਰ ਕੈਥੀ ਹੋਛਲ ਦੁਆਰਾ ਨਿਊਯਾਰਕ ਸ਼ਹਿਰ ਦੇ ਮੇਅਰ ਦੇ ਅਹੁਦੇ ਲਈ ਜੌਹਰਾਨ ਮਮਡਾਨੀ ਦੇ ਨਾਂ ਪੁਸ਼ਟੀ ਕਰਨ ’ਤੇ ਸਖ਼ਤ ਪ੍ਰਤੀਕ੍ਰਿਆ ਪ੍ਰਗਟ ਕੀਤੀ ਹੈ ਤੇ ਕਿਹਾ ਹੈ ਕਿ ਸੰਘੀ ਸਰਕਾਰ ਸ਼ਹਿਰ ਨੂੰ ਫ਼ੰਡ ਭੇਜਣ ’ਤੇ ਪੁਨਰ ਵਿਚਾਰ ਕਰ ਸਕਦੀ ਹੈ। ਹੋਛਲ ਨੇ ਨਿਊਯਾਰਕ ਟਾਈਮਜ਼ ਦੇ ਵਿਸ਼ੇਸ਼ ਟਿੱਪਣੀ ਸਫ਼ੇ ਉੱਪਰ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਮਮਡਾਨੀ ਇੱਕ ਅਜਿਹਾ ਆਗੂ ਹੈ ਜੋ ਨੁਕਸਾਨਦੇਹ ਨੀਤੀਆਂ ਤੋਂ ਨਿਊਯਾਰਕ ਵਾਸੀਆਂ ਨੂੰ ਬਚਾਉਣ ਦੀ ਸਮਰਥਾ ਰੱਖਦਾ ਹੈ। ਇਸ ਦੇ ਪ੍ਰਤੀਕਰਮ ਵਿੱਚ ਟਰੰਪ ਨੇ ਸੋਸ਼ਲ ਮੀਡੀਆ ਉੱਪਰ ਲਿਖਿਆ ਹੈ ‘ਨਿਊਯਾਰਕ ਲਈ ਬਹੁਤ ਬੁਰੀ ਖਬਰ, ਵਾਸ਼ਿੰਗਟਨ ਸਥਿੱਤੀ ਉਪਰ ਨੇੜਿਉਂ ਨਜਰ ਰੱਖ ਰਿਹਾ ਹੈ। ਇਸ ਬੁਰੀ ਖਬਰ ਤੋਂ ਬਾਅਦ ਫ਼ੰਡ ਭੇਜਣ ਦਾ ਕੋਈ ਕਾਰਨ ਨਹੀਂ ਹੈ।’ ਇਸ ਉਪਰੰਤ ਗਵਰਨਰ ਨੇ ਕਿਹਾ ਕਿ ਟਰੰਪ ਦੀ ਜਨਤਿਕ ਦਖਲ ਅੰਦਾਜੀ ਨੇ ਉਸ ਨੂੰ ਮੁੜ ਮਮਡਾਨੀ ਦਾ ਜੋਰਦਾਰ ਸਮਰਥਨ ਕਰਨ ਲਈ ਪ੍ਰੇਰਿਤ ਕੀਤਾ ਹੈ। ਗਵਰਨਰ ਨੇ ਦੋਸ਼ ਲਾਇਆ ਹੈ ਕਿ ਰਾਸ਼ਟਰਪਤੀ ਸਥਾਨਕ ਚੋਣਾਂ ਵਿੱਚ ਦਖਲ ਦੇ ਰਿਹਾ ਹੈ। ਉਨ੍ਹਾਂ ਨੇ ਚਿਤਾਵਨੀ ਦਿੱਤੀ ਹੈ ਕਿ ਉਹ ਟਰੰਪ ਪ੍ਰਸ਼ਾਸਨ ਦੁਆਰਾ ਨਾਮਜ਼ਦ ਗਲਤ ਵਿਅਕਤੀ ਦੇ ਨਾਂ ਦੀ ਮੇਅਰ ਵਜੋਂ ਪੁਸ਼ਟੀ ਨਹੀਂ ਕਰੇਗੀ। ਗਵਰਨਰ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਮਮਡਾਨੀ ਦੀ ਪੁਸ਼ਟੀ ਨਿਊਯਾਰਕ ਸ਼ਹਿਰ ਦੀ ਸੁਰੱਖਿਆ ਲਈ ਜਰੂਰੀ ਕਦਮ ਹੈ।

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



# ਅਭੇਦ ਕਿਲ੍ਹਾ ਹੈ ਅਮਰੀਕੀ ਰਾਸ਼ਟਰਪਤੀ ਦੀ ਬੁਲੇਟ ਪਰੂਫ਼ ਕਾਰ

## 'THE BEAST'



## 'ਦਿ ਬੀਸਟ' ਦੁਨੀਆ ਦੀ ਸਭ ਤੋਂ ਸੁਰੱਖਿਅਤ ਕਾਰ, ਹਰ ਤਰ੍ਹਾਂ ਦੇ ਵਿਸਫ਼ੋਟਕ ਹਮਲਿਆਂ ਦਾ ਕਰ ਸਕਦੀ ਹੈ ਸਾਹਮਣਾ

ਲੰਡਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਬੀਤੇ ਦਿਨੀਂ ਬ੍ਰਿਟੇਨ ਦੇ ਤਿੰਨ ਦਿਨਾਂ ਦੌਰੇ 'ਤੇ ਸਨ ਅਤੇ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਅਤਿ-ਆਧੁਨਿਕ ਬੁਲੇਟਪਰੂਫ਼ ਲਿਮੋਜ਼ਿਨ 'ਦਿ ਬੀਸਟ' ਵੀ ਸੀ, ਜੋ ਆਪਣੀ ਸੁਰੱਖਿਆ ਸਮਰੱਥਾਵਾਂ ਅਤੇ ਫ਼ੌਜੀ ਪੱਧਰ ਦੀ ਤਕਨਾਲੋਜੀ ਕਾਰਨ ਸੁਰਖ਼ੀਆਂ ਵਿੱਚ ਹੈ। ਇਹ ਕਾਰ ਨਾ ਸਿਰਫ਼ ਇੱਕ ਵਾਹਨ ਹੈ, ਸਗੋਂ ਅਮਰੀਕੀ ਰਾਸ਼ਟਰਪਤੀ ਦੀ ਸੁਰੱਖਿਆ ਅਤੇ ਸ਼ਕਤੀ ਦਾ ਪ੍ਰਤੀਕ ਵੀ ਹੈ। 'ਦਿ ਬੀਸਟ' ਦੁਨੀਆ ਦੀ ਸਭ ਤੋਂ ਸੁਰੱਖਿਅਤ ਕਾਰਾਂ ਵਿੱਚੋਂ ਇੱਕ ਮੰਨੀ ਜਾਂਦੀ ਹੈ, ਜੋ ਰਸਾਇਣਿਕ, ਜੈਵਿਕ, ਅਤੇ ਵਿਸਫ਼ੋਟਕ ਹਮਲਿਆਂ ਦਾ ਸਾਹਮਣਾ ਕਰ ਸਕਦੀ ਹੈ।

'ਦਿ ਬੀਸਟ' ਅਮਰੀਕੀ ਰਾਸ਼ਟਰਪਤੀ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਗਈ ਕੈਡਿਲੈਕ ਲਿਮੋਜ਼ਿਨ ਹੈ, ਜਿਸ ਨੂੰ ਅਕਸਰ 'ਚਲਦਾ-ਫਿਰਦਾ ਬੰਕਰ' ਕਿਹਾ ਜਾਂਦਾ ਹੈ। ਇਸ ਦੀਆਂ ਸੁਰੱਖਿਆ ਵਿਸ਼ੇਸ਼ਤਾਵਾਂ ਇੰਨੀਆਂ ਉੱਨਤ ਹਨ ਕਿ ਇਹ ਰਾਸ਼ਟਰਪਤੀ ਨੂੰ ਕਿਸੇ ਵੀ ਸੰਭਾਵੀ ਖ਼ਤਰੇ ਤੋਂ ਸੁਰੱਖਿਅਤ ਰੱਖਣ ਦੀ ਸਮਰੱਥਾ ਰੱਖਦੀ ਹੈ। ਇਸ ਦਾ ਨਿਰਮਾਣ ਅਮਰੀਕੀ ਆਟੋਮੇਕਰ ਜਨਰਲ ਮੋਟਰਜ਼ ਦੇ ਲਗਜ਼ਰੀ ਬ੍ਰਾਂਡ ਕੈਡਿਲੈਕ ਨੇ ਕੀਤਾ ਹੈ। ਇਸ ਦੀ ਕੀਮਤ ਲਗਭਗ 1.5 ਮਿਲੀਅਨ ਡਾਲਰ (ਕਰੀਬ 12.5 ਕਰੋੜ ਰੁਪਏ) ਹੈ ਅਤੇ ਇਸ ਦਾ ਭਾਰ ਲਗਭਗ 9072 ਕਿਲੋਗ੍ਰਾਮ (20,000 ਪੌਂਡ) ਹੈ।

### ਸੁਰੱਖਿਆ ਵਿਸ਼ੇਸ਼ਤਾਵਾਂ:

'ਦਿ ਬੀਸਟ' ਦੀਆਂ ਸੁਰੱਖਿਆ ਵਿਸ਼ੇਸ਼ਤਾਵਾਂ ਇਸ ਨੂੰ ਇੱਕ ਅਭੇਦ ਕਿਲ੍ਹਾ ਬਣਾਉਂਦੀਆਂ ਹਨ। ਇਸ ਦਾ ਸਰੀਰ 8 ਇੰਚ ਮੋਟੇ ਕਵਚ ਨਾਲ ਲੈਸ ਹੈ, ਜੋ ਗੋਲੀਆਂ, ਗ੍ਰਨੇਡ ਅਤੇ ਆਈ.ਈ.ਡੀ. ਵਰਗੇ ਹਮਲਿਆਂ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ। ਇਸ ਦੀਆਂ ਖਿੜਕੀਆਂ 3 ਇੰਚ ਮੋਟੀਆਂ ਬੁਲੇਟਪਰੂਫ਼ ਹਨ, ਜੋ ਕਿਸੇ ਵੀ ਹਮਲੇ ਨੂੰ ਰੋਕ ਸਕਦੀਆਂ ਹਨ। ਕਾਰ ਦੇ ਟਾਇਰ ਵੀ ਵਿਸ਼ੇਸ਼ ਰਨ-ਫ਼ਲੈਟ ਤਕਨਾਲੋਜੀ ਨਾਲ ਲੈਸ ਹਨ, ਜੋ ਧਮਾਕੇ ਜਾਂ ਪੰਕਚਰ ਹੋਣ 'ਤੇ ਵੀ ਗੱਡੀ ਨੂੰ ਚਲਾਉਣ ਦੇ ਸਮਰੱਥ ਬਣਾਉਂਦੇ ਹਨ।

ਇਸ ਤੋਂ ਇਲਾਵਾ, 'ਦਿ ਬੀਸਟ' ਵਿੱਚ ਨਾਈਟ ਵਿਜ਼ਨ ਸਿਸਟਮ, ਅੱਥਰੂ ਗੈਸ ਲਾਂਚਰ, ਧੂੰਏਂ ਦੀ ਸਕਰੀਨ ਅਤੇ ਇਲੈਕਟ੍ਰਿਕ ਹੈਂਡਲ ਵਰਗੀਆਂ ਸੁਰੱਖਿਆ ਸਹੂਲਤਾਂ ਹਨ। ਕਾਰ ਵਿੱਚ ਸ਼ਾਟਗਨ, ਰਾਕੇਟ ਗ੍ਰਨੇਡ ਅਤੇ ਤੇਲ ਦੇ ਸਕਿਲੈਟ ਵਰਗੇ ਹਥਿਆਰ ਵੀ ਮੌਜੂਦ ਹਨ। ਐਮਰਜੈਂਸੀ ਸਥਿਤੀਆਂ ਲਈ, ਇਸ ਵਿੱਚ ਆਕਸੀਜਨ ਟੈਂਕ, ਬਲੱਡ ਸਹੂਲਤ ਅਤੇ ਮੈਡੀਕਲ ਕਿੱਟ ਸ਼ਾਮਲ ਹੈ। ਸਭ ਤੋਂ ਮਹੱਤਵਪੂਰਨ, ਇਹ ਕਾਰ ਰਾਸ਼ਟਰਪਤੀ ਨੂੰ ਪਰਮਾਣੂ ਕੋਡਾਂ ਤੱਕ ਪਹੁੰਚ ਦੀ ਸਹੂਲਤ ਵੀ ਦਿੰਦੀ ਹੈ, ਜੋ ਇਸ ਨੂੰ ਇੱਕ ਮੋਬਾਈਲ ਕਮਾਂਡ ਸੈਂਟਰ ਬਣਾਉਂਦੀ ਹੈ।



### ਕਿਵੇਂ ਬਣੀ ਇਹ ਕਾਰ?

'ਦਿ ਬੀਸਟ' ਦਾ ਪਹਿਲਾ ਸੰਸਕਰਣ 2009 ਵਿੱਚ ਤਤਕਾਲੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਕਾਰਜਕਾਲ ਦੌਰਾਨ ਲਾਂਚ ਕੀਤਾ ਗਿਆ ਸੀ। ਬਾਅਦ ਵਿੱਚ, 2018 ਵਿੱਚ ਡੋਨਾਲਡ ਟਰੰਪ ਦੇ ਪਹਿਲੇ ਰਾਸ਼ਟਰਪਤੀ ਕਾਰਜਕਾਲ ਦੌਰਾਨ, ਇਸ ਦਾ ਹੋਰ ਉੱਨਤ ਮਾਡਲ ਵਿਕਸਤ ਕੀਤਾ ਗਿਆ, ਜਿਸ ਨੂੰ ਉਨ੍ਹਾਂ ਨੇ ਸਭ ਤੋਂ ਪਹਿਲਾਂ ਨਿਊਯਾਰਕ ਵਿੱਚ ਵਰਤਿਆ। ਇਸ ਦੀ ਤਕਨਾਲੋਜੀ ਅਤੇ ਸੁਰੱਖਿਆ ਵਿਸ਼ੇਸ਼ਤਾਵਾਂ ਨੂੰ ਅਮਰੀਕੀ ਸੀਕਰੇਟ ਸਰਵਿਸ ਅਤੇ ਜਨਰਲ ਮੋਟਰਜ਼ ਦੀ ਮਿਲੀ-ਜੁਲੀ ਟੀਮ ਨੇ ਮਿਲ ਕੇ ਤਿਆਰ ਕੀਤਾ ਹੈ। ਇਸ ਦੀ ਸੈਟੇਲਾਈਟ ਸੰਚਾਰ ਪ੍ਰਣਾਲੀ ਰਾਸ਼ਟਰਪਤੀ ਨੂੰ ਦੁਨੀਆ ਦੇ ਕਿਸੇ ਵੀ ਹਿੱਸੇ ਨਾਲ ਜੋੜਦੀ ਹੈ, ਜੋ ਐਮਰਜੈਂਸੀ ਸਥਿਤੀਆਂ ਵਿੱਚ ਜ਼ਰੂਰੀ ਫ਼ੈਸਲੇ ਲੈਣ ਵਿੱਚ ਸਹਾਇਕ ਹੈ।

### ਚਲਦਾ-ਫਿਰਦਾ ਕਿਲ੍ਹਾ

'ਦਿ ਬੀਸਟ' ਨੂੰ 'ਚਲਦਾ-ਫਿਰਦਾ ਕਿਲ੍ਹਾ' ਕਹਿਣ ਦਾ ਮੁੱਖ ਕਾਰਨ ਇਸ ਦੀ ਸੁਰੱਖਿਆ ਅਤੇ ਤਕਨੀਕੀ ਸਮਰੱਥਾ ਹੈ। ਇਹ ਸਿਰਫ਼ ਇੱਕ ਵਾਹਨ ਨਹੀਂ, ਸਗੋਂ ਇੱਕ ਮੋਬਾਈਲ ਕਮਾਂਡ ਸੈਂਟਰ ਹੈ, ਜੋ ਰਾਸ਼ਟਰਪਤੀ ਨੂੰ ਕਿਸੇ ਵੀ ਸਥਿਤੀ ਵਿੱਚ ਸੁਰੱਖਿਅਤ ਅਤੇ ਜੁੜਿਆ ਰੱਖਦਾ ਹੈ। ਇਸ ਦੀ ਗਤੀ ਵੀ ਕਮਾਲ ਦੀ ਹੈ, ਜੋ ਸਿਰਫ਼ 15 ਸਕਿੰਟਾਂ ਵਿੱਚ 0 ਤੋਂ 100 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਫ਼ੜ ਸਕਦੀ ਹੈ। ਇਸ ਦੀ ਸਵਾਰੀ ਸਮਰੱਥਾ 7 ਲੋਕਾਂ ਦੀ ਹੈ, ਜਿਸ ਵਿੱਚ ਰਾਸ਼ਟਰਪਤੀ ਅਤੇ ਉਸ ਦੀ ਸੁਰੱਖਿਆ ਟੀਮ ਸ਼ਾਮਲ ਹੁੰਦੀ ਹੈ। ਅਮਰੀਕੀ ਸ਼ਕਤੀ ਦਾ ਪ੍ਰਤੀਕ 'ਦਿ ਬੀਸਟ' ਸਿਰਫ਼ ਸੁਰੱਖਿਆ ਦਾ ਸਾਧਨ ਨਹੀਂ, ਸਗੋਂ ਅਮਰੀਕੀ ਸ਼ਕਤੀ ਅਤੇ ਪ੍ਰਭਾਵ ਦਾ ਪ੍ਰਤੀਕ ਵੀ ਹੈ। ਜਦੋਂ ਵੀ ਇਹ ਕਾਰ ਕਿਸੇ ਦੇਸ਼ ਵਿੱਚ ਪਹੁੰਚਦੀ ਹੈ, ਤਾਂ ਇਹ ਅਮਰੀਕੀ ਰਾਸ਼ਟਰਪਤੀ ਦੀ ਮੌਜੂਦਗੀ ਅਤੇ ਤਾਕਤ ਨੂੰ ਪ੍ਰਤੀਬਿੰਬਤ ਕਰਦੀ ਹੈ। ਬ੍ਰਿਟੇਨ ਦੌਰੇ ਦੌਰਾਨ, ਟਰੰਪ ਅਤੇ ਉਨ੍ਹਾਂ ਦੀ ਪਤਨੀ ਮੇਲਾਨੀਆ ਇਸ ਲਿਮੋਜ਼ਿਨ ਵਿੱਚ ਸਫ਼ਰ ਕਰ ਰਹੇ ਹਨ, ਜੋ ਸਖ਼ਤ ਸੁਰੱਖਿਆ ਘੇਰੇ ਵਿੱਚ ਹੈ। ਸੁਰੱਖਿਆ ਏਜੰਸੀਆਂ ਅਨੁਸਾਰ, 'ਦਿ ਬੀਸਟ' ਨੂੰ ਹਰ ਸਮੇਂ ਸਖ਼ਤ ਨਿਗਰਾਨੀ ਅਧੀਨ ਰੱਖਿਆ ਜਾਂਦਾ ਹੈ

'ਦਿ ਬੀਸਟ' ਅਮਰੀਕੀ ਰਾਸ਼ਟਰਪਤੀ ਦੀ ਸੁਰੱਖਿਆ ਅਤੇ ਤਕਨੀਕੀ ਸਮਰੱਥਾ ਦਾ ਸਿਖਰ ਹੈ। ਇਸ ਦੀਆਂ ਵਿਸ਼ੇਸ਼ਤਾਵਾਂ, ਜਿਵੇਂ ਕਿ ਬੁਲੇਟਪਰੂਫ਼ ਬਾਡੀ, ਅਤਿ-ਆਧੁਨਿਕ ਸੰਚਾਰ ਪ੍ਰਣਾਲੀ ਅਤੇ ਐਮਰਜੈਂਸੀ ਸਹੂਲਤਾਂ, ਇਸ ਨੂੰ ਦੁਨੀਆ ਦੀ ਸਭ ਤੋਂ ਸੁਰੱਖਿਅਤ ਕਾਰ ਬਣਾਉਂਦੀਆਂ ਹਨ। ਇਹ ਨਾ ਸਿਰਫ਼ ਰਾਸ਼ਟਰਪਤੀ ਨੂੰ ਸੁਰੱਖਿਅਤ ਰੱਖਦੀ ਹੈ, ਸਗੋਂ ਅਮਰੀਕੀ ਸਰਕਾਰ ਦੀ ਸਮਰੱਥਾ ਅਤੇ ਪ੍ਰਭਾਵ ਨੂੰ ਵੀ ਦਰਸਾਉਂਦੀ ਹੈ।




## ਪੰਜਾਬ ਦੀ ਪਛਾਣ 'ਤੇ ਸੰਕਟ ਦਾ ਮਾਮਲਾ

# ਪਰਵਾਸੀ ਮਜ਼ਦੂਰਾਂ ਵਿਰੁੱਧ ਸਖ਼ਤ ਕਾਨੂੰਨ ਦੀ ਮੰਗ

## ਹੁਸ਼ਿਆਰਪੁਰ ਘਟਨਾ: ਮਾਸੂਮ ਦੇ ਕਤਲ ਨੇ ਭੜਕਾਇਆ ਪੰਜਾਬੀਆਂ ਦਾ ਗੁੱਸਾ

## ਕਈ ਕਿਸਾਨ ਯੂਨੀਅਨਾਂ ਪੰਜਾਬੀ ਸੰਘਰਸ਼ ਵਿਰੁੱਧ ਭੁਗਤਣ ਲੱਗੀਆਂ ?







ਪੰਜਾਬ, ਅੱਜ ਇੱਕ ਅਜਿਹੇ ਸੰਘਰਸ਼ ਦੇ ਮੋੜ 'ਤੇ ਖੜ੍ਹਾ ਹੈ, ਜਿੱਥੇ ਸਥਾਨਕ ਪੰਜਾਬੀਆਂ ਅਤੇ ਪਰਵਾਸੀ ਮਜ਼ਦੂਰਾਂ ਵਿਚਕਾਰ ਤਣਾਅ ਵਧਦਾ ਜਾ ਰਿਹਾ ਹੈ। ਹੁਸ਼ਿਆਰਪੁਰ ਵਿੱਚ 9 ਸਤੰਬਰ 2025 ਨੂੰ ਇੱਕ ਪਰਵਾਸੀ ਮਜ਼ਦੂਰ ਵੱਲੋਂ ਪੰਜ ਸਾਲ ਦੇ ਮਾਸੂਮ ਬੱਚੇ ਹਰਬੀਰ ਸਿੰਘ ਦਾ ਅਗਵਾ ਤੋਂ ਬਾਅਦ ਬੇਰਹਿਮੀ ਨਾਲ ਕਤਲ ਦੀ ਘਟਨਾ ਨੇ ਇਸ ਅੱਗ ਨੂੰ ਹੋਰ ਹਵਾ ਦਿੱਤੀ ਸੀ। ਇਸ ਘਟਨਾ ਨੇ ਪੰਜਾਬ ਦੇ ਸਮਾਜਿਕ ਤੇ ਸਿਆਸੀ ਮਾਹੌਲ ਨੂੰ ਤੇਜ਼ੀ ਨਾਲ ਬਦਲ ਦਿੱਤਾ, ਜਿਸ ਨਾਲ ਸਿੱਖ, ਕਿਸਾਨ, ਹਿੰਦੂ ਭਾਈਚਾਰੇ, ਸਮਾਜਿਕ ਅਤੇ ਦਲਿਤ ਜਥੇਬੰਦੀਆਂ ਨੇ ਪੰਜਾਬ ਸਰਕਾਰ ਤੋਂ ਪਰਵਾਸੀਆਂ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਕੀਤੀ। ਪਰ, ਇਸ ਸੰਘਰਸ਼ ਦੇ ਵਿਚਕਾਰ ਕੁਝ ਕਿਸਾਨ ਯੂਨੀਅਨਾਂ, ਖਾਸ ਕਰਕੇ ਕੁਝ ਕੁ ਖੱਬੇ ਪੱਖੀ ਸਮੂਹਾਂ ਦਾ ਵਿਰੋਧ ਸਾਹਮਣੇ ਆਇਆ, ਜਿਸ ਨੇ ਪੰਜਾਬੀਆਂ ਦੇ ਸੰਘਰਸ਼ ਨੂੰ ਸਵਾਲਾਂ ਦੇ ਘੇਰੇ ਵਿੱਚ ਲਿਆ ਖੜ੍ਹਾ ਕੀਤਾ।

**ਹੁਸ਼ਿਆਰਪੁਰ ਘਟਨਾ: ਪੰਜਾਬੀਆਂ ਦਾ ਗੁੱਸਾ ਉੱਬਲਿਆ**

ਬੀਤੇ ਦਿਨੀਂ ਹੁਸ਼ਿਆਰਪੁਰ ਵਿਖੇ ਇੱਕ ਪ੍ਰਵਾਸੀ ਮਜ਼ਦੂਰ 'ਤੇ ਪੰਜ ਸਾਲ ਦੇ ਬੱਚੇ ਨੂੰ ਅਗਵਾ ਕਰਕੇ ਉਸ ਦੀ ਹੱਤਿਆ ਦਾ ਇਲਜ਼ਾਮ ਲੱਗਣ ਤੋਂ ਬਾਅਦ, ਸਥਾਨਕ ਲੋਕਾਂ ਵਿੱਚ ਪਰਵਾਸੀਆਂ ਪ੍ਰਤੀ ਗੁੱਸਾ ਭੜਕ ਉੱਠਿਆ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ, ਹੁਸ਼ਿਆਰਪੁਰ ਵਿਖੇ ਮ੍ਰਿਤਕ ਬੱਚੇ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਸਮਾਗਮ ਹੋਇਆ, ਜਿਸ ਵਿੱਚ ਸਿੱਖ ਜਥੇਬੰਦੀਆਂ ਜਿਵੇਂ ਤਰਨਾ ਦਲ, ਦਲ ਖ਼ਾਲਸਾ, ਆਵਾਜ਼-ਏ-ਕੌਮ ਅਤੇ ਕਿਸਾਨ ਸੰਗਠਨਾਂ ਜਿਵੇਂ ਭਾਰਤੀ ਕਿਸਾਨ ਯੂਨੀਅਨ ਦੋਆਬਾ, ਕੰਢੀ ਕਿਸਾਨ ਯੂਨੀਅਨ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਆਗੂਆਂ ਨੇ ਪਰਵਾਸੀਆਂ ਮਜ਼ਦੂਰਾਂ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਅਤੇ ਕਾਤਲ ਨੂੰ ਫਾਂਸੀ ਦੀ ਸਜ਼ਾ ਦੇਣ ਦੀ ਮੰਗ ਕੀਤੀ।

ਇਸ ਤੋਂ ਇਲਾਵਾ, ਹੁਸ਼ਿਆਰਪੁਰ ਦੇ 27 ਪਿੰਡਾਂ ਦੀਆਂ ਪੰਚਾਇਤਾਂ ਨੇ ਮਤੇ ਪਾਸ ਕਰਕੇ ਐਲਾਨ ਕੀਤਾ ਕਿ ਕਨੂੰਨੀ ਦਸਤਾਵੇਜ਼ਾਂ ਬਿਨਾਂ ਪਰਵਾਸੀਆਂ ਨੂੰ ਪਿੰਡਾਂ ਵਿੱਚ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਬਜਵਾੜਾ ਪਿੰਡ ਦੀ ਪੰਚਾਇਤ ਨੇ ਇਸ ਦੀ ਅਗਵਾਈ ਕੀਤੀ, ਜਿਸ ਵਿੱਚ ਸਰਪੰਚ ਰਾਜੇਸ਼ ਕੁਮਾਰ ਨੇ ਸਪੱਸ਼ਟ ਕੀਤਾ ਕਿ ਪਰਵਾਸੀਆਂ ਨੂੰ ਪੰਜਾਬ ਸਰਕਾਰ ਦੁਆਰਾ ਜਾਰੀ ਪਛਾਣ ਪੱਤਰ ਜਿਵੇਂ ਆਧਾਰ ਜਾਂ ਪੈਨ ਕਾਰਡ ਦਿਖਾਉਣੇ ਪੈਣਗੇ।

**ਪੰਜਾਬੀਆਂ ਦੀਆਂ ਮੰਗਾਂ ਕੀ ਹਨ ?**

ਪੰਜਾਬ ਵਿੱਚ ਆਉਣ ਵਾਲੇ ਪਰਵਾਸੀਆਂ ਦੀ ਪਛਾਣ ਦੀ ਪੁਖਤਾ ਜਾਂਚ ਹੋਵੇ, ਜਿਸ ਵਿੱਚ ਆਧਾਰ, ਪੈਨ ਜਾਂ ਹੋਰ ਸਰਕਾਰੀ ਦਸਤਾਵੇਜ਼ ਸ਼ਾਮਲ ਹੋਣ।

ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਵਰਗੇ ਕਾਨੂੰਨ ਬਣਾਏ ਜਾਣ, ਜਿਨ੍ਹਾਂ ਵਿੱਚ ਪਰਵਾਸੀਆਂ ਨੂੰ ਜ਼ਮੀਨ ਖਰੀਦਣ, ਵੋਟਰ ਬਣਨ ਜਾਂ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ 'ਤੇ ਪਾਬੰਦੀ ਹੋਵੇ। ਪਰਵਾਸੀਆਂ ਵੱਲੋਂ ਅਪਰਾਧਕ ਗਤੀਵਿਧੀਆਂ, ਜਿਵੇਂ ਕਤਲ, ਚੋਰੀ ਜਾਂ ਗੁੰਡਾਗਰਦੀ, ਨੂੰ ਰੋਕਣ ਲਈ ਸਖ਼ਤ ਕਾਰਵਾਈ ਹੋਵੇ।

ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਪਛਾਣ ਨੂੰ ਬਚਾਉਣ ਲਈ ਨੀਤੀਆਂ ਬਣਾਉਣ ਦੀ ਮੰਗ। ਪੰਜਾਬੀਆਂ ਦੀ ਇਹ ਮੰਗਾਂ ਸਿਰਫ਼ ਹੁਸ਼ਿਆਰਪੁਰ ਦੀ ਘਟਨਾ ਨਾਲ ਸੀਮਤ ਨਹੀਂ, ਸਗੋਂ ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਦੀ ਬਦਲਦੀ ਜਨਸੰਖਿਆ ਅਤੇ ਸਮਾਜਿਕ ਢਾਂਚੇ ਨਾਲ ਜੁੜੀਆਂ ਹੋਈਆਂ ਹਨ।

2015 ਦੇ ਸਰਵੇਖਣ ਮੁਤਾਬਕ, ਪੰਜਾਬ ਵਿੱਚ ਪਰਵਾਸੀਆਂ ਦੀ ਗਿਣਤੀ 37 ਲੱਖ ਸੀ ਅਤੇ ਕੋਵਿਡ ਮਹਾਂਮਾਰੀ ਦੌਰਾਨ 18 ਲੱਖ ਪਰਵਾਸੀਆਂ ਨੇ ਪੰਜਾਬ ਛੱਡ ਕੇ ਆਪਣੇ ਸੂਬਿਆਂ ਨੂੰ ਵਾਪਸ ਜਾਣ ਲਈ ਰਜਿਸਟਰਡ ਕੀਤਾ ਸੀ। ਇਸ ਤੋਂ ਸਪੱਸ਼ਟ ਹੈ ਕਿ ਪਰਵਾਸੀਆਂ ਦੀ ਵੱਡੀ ਆਬਾਦੀ ਪੰਜਾਬ ਦੀ ਅਰਥਵਿਵਸਥਾ ਦਾ ਅਹਿਮ ਹਿੱਸਾ ਹੈ, ਪਰ ਉਸੇ ਸਮੇਂ ਸਥਾਨਕ ਪੰਜਾਬੀਆਂ ਵਿੱਚ ਇਹ ਡਰ ਵੀ ਵਧ ਰਿਹਾ ਹੈ ਕਿ ਇਹ ਆਬਾਦੀ ਪੰਜਾਬ ਦੀ ਸੱਭਿਆਚਾਰਕ ਅਤੇ ਸਿਆਸੀ ਪਛਾਣ ਨੂੰ ਬਦਲ ਰਹੀ ਹੈ।

**ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬੀਆਂ ਦੇ ਸੰਘਰਸ਼ ਦਾ ਵਿਰੋਧ**

ਕੁਝ ਕਿਸਾਨ ਯੂਨੀਅਨਾਂ ਦੇ ਲੀਡਰਾਂ ਬਲਬੀਰ ਸਿੰਘ ਰਾਜੇਵਾਲ,ਜੋਗਿੰਦਰ ਸਿੰਘ ਉਗਰਾਹਾਂ ਆਦਿ ਨੇ ਪੰਜਾਬੀਆਂ ਦੀਆਂ ਮੰਗਾਂ ਦਾ ਵਿਰੋਧ ਕੀਤਾ। ਉਨ੍ਹਾਂ ਦਾ ਤਰਕ ਹੈ ਕਿ ਪਰਵਾਸੀ ਮਜ਼ਦੂਰ ਪੰਜਾਬ ਦੀ ਖੇਤੀ ਅਤੇ ਉਦਯੋਗ ਦੀ ਰੀੜ੍ਹ ਦੀ ਹੱਡੀ ਹਨ। ਉਨ੍ਹਾਂ ਮੁਤਾਬਕ, ਪੰਜਾਬ ਦੀ ਅਰਥਵਿਵਸਥਾ ਪਰਵਾਸੀਆਂ ਤੋਂ ਬਿਨਾਂ ਚੱਲ ਨਹੀਂ ਸਕਦੀ।

ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਨੇ ਕਿਹਾ ਕਿ ਪਰਵਾਸੀਆਂ ਨੂੰ ਵੋਟ ਬੈਂਕ ਵਜੋਂ ਵਰਤਣ ਲਈ ਸਿਆਸਤਦਾਨ ਉਨ੍ਹਾਂ ਨੂੰ ਸਥਾਈ ਤੌਰ 'ਤੇ ਪੰਜਾਬ ਵਿੱਚ ਵਸਾਉਣ ਦੀ ਕੋਸ਼ਿਸ਼ ਕਰਦੇ ਹਨ, ਜੋ ਸਮੱਸਿਆ ਦੀ ਜੜ੍ਹ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੱਜ ਇੱਕ ਅਜਿਹੇ ਮੋੜ 'ਤੇ ਹੈ, ਜਿੱਥੇ ਉਸ ਦੀ ਸੱਭਿਆਚਾਰਕ, ਸਿਆਸੀ ਅਤੇ ਆਰਥਿਕ ਸਥਿਤੀ ਚਿੰਤਾਜਨਕ ਹੈ। ਪਰਵਾਸੀਆਂ ਦੀ ਵਧਦੀ ਆਬਾਦੀ ਨੇ ਸਥਾਨਕ ਸਿੱਖ ਅਤੇ ਪੰਜਾਬੀ ਭਾਈਚਾਰੇ ਨੂੰ ਘੱਟਗਿਣਤੀ ਵੱਲ ਧੱਕ ਦਿੱਤਾ ਹੈ। ਪੰਜਾਬੀ ਬੋਲੀ ਅਤੇ ਸੱਭਿਆਚਾਰ ਦੀ ਹੋਂਦ 'ਤੇ ਖਤਰਾ ਮੰਡਰਾ ਰਿਹਾ ਹੈ। ਪੰਜਾਬ ਦੇ ਨੌਜਵਾਨ ਵਿਦੇਸ਼ਾਂ ਵੱਲ ਪਲਾਇਣ ਕਰ ਰਹੇ ਹਨ, ਪਰ ਉਥੇ ਵੀ ਉਨ੍ਹਾਂ ਨੂੰ ਉਮੀਦ ਮੁਤਾਬਕ ਮੌਕੇ ਨਹੀਂ ਮਿਲ ਰਹੇ। ਪੰਜਾਬ ਵਿੱਚ ਰੁਜ਼ਗਾਰ ਅਤੇ ਸਮਾਜਿਕ ਸੁਰੱਖਿਆ ਦੀ ਘਾਟ ਨੇ ਨੌਜਵਾਨਾਂ ਵਿੱਚ ਨਿਰਾਸ਼ਾ ਵਧਾਈ ਹੈ।

ਬਿਊਰੋਕ੍ਰੇਸੀ ਵਿੱਚ ਵੀ ਪੰਜਾਬੀਆਂ ਦੀ ਨੁਮਾਇੰਦਗੀ ਘਟ ਰਹੀ ਹੈ। ਪਿਛਲੇ ਦਸ ਸਾਲਾਂ ਵਿੱਚ ਪੰਜਾਬ ਦਾ ਕੋਈ ਸਿੱਖ ਅਧਿਕਾਰੀ ਡੀ.ਜੀ.ਪੀ. ਵਰਗੇ ਅਹਿਮ ਅਹੁਦੇ 'ਤੇ ਨਹੀਂ ਪਹੁੰਚ ਸਕਿਆ। ਇਸ ਦੇ ਨਾਲ ਹੀ, ਪੁਲਿਸ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਉੱਠ ਰਹੇ ਹਨ।

ਸਿੱਖ ਚਿੰਤਕ ਪਰਮਿੰਦਰ ਸਿੰਘ ਸ਼ੌਂਕੀ ਦਾ ਮੰਨਣਾ ਹੈ ਕਿ ਇਹ ਯੂਨੀਅਨ ਲੀਡਰ ਪੰਜਾਬੀਆਂ ਦੇ ਜਾਇਜ਼ ਸੰਘਰਸ਼ ਨੂੰ ਕਮਜ਼ੋਰ ਕਰਨ ਲਈ ਸਰਕਾਰ ਅਤੇ ਪੁਲਿਸ ਦੇ ਪਰਵਾਸੀ ਅਫ਼ਸਰਾਂ ਦੀ ਸ਼ਹਿ 'ਤੇ ਕੰਮ ਕਰ ਰਹੇ ਹਨ। ਉਹ ਦੋਸ਼ ਲਾਉਂਦੇ ਹਨ ਕਿ ਪੁਲਿਸ ਦੇ ਕੁਝ ਅਫ਼ਸਰ, ਜੋ ਉੱਤਰ ਪ੍ਰਦੇਸ਼ ਅਤੇ ਬਿਹਾਰ ਤੋਂ ਹਨ, ਆਪਣੀ ਰਿਟਾਇਰਮੈਂਟ ਤੋਂ ਬਾਅਦ ਰਾਜਨੀਤਕ ਜ਼ਮੀਨ ਤਿਆਰ ਕਰਨ ਲਈ ਪਰਵਾਸੀਆਂ ਨੂੰ ਬਿਨਾਂ ਵੈਰੀਫਿਕੇਸ਼ਨ ਦੇ ਪੰਜਾਬ ਵਿੱਚ ਵਸਾਉਣ ਵਿੱਚ ਮਦਦ ਕਰ ਰਹੇ ਹਨ।

ਪੰਜਾਬ ਨੂੰ ਬਚਾਉਣ ਲਈ ਸਮੇਂ ਦੀ ਮੁੱਖ ਲੋੜ ਹੈ—ਏਕਤਾ, ਸਿਆਸੀ ਸੁਚੱਜਤਾ ਅਤੇ ਸਮਾਜਿਕ ਜਾਗਰੂਕਤਾ। ਜੇ ਅਸੀਂ ਹੁਣ ਵੀ ਨਾ ਜਾਗੇ, ਤਾਂ ਪੰਜਾਬ ਦੀ ਸਭਿਆਚਾਰਕ ਅਤੇ ਸਿਆਸੀ ਪਛਾਣ ਸੰਕਟ ਵਿੱਚ ਹੋਰ ਡੁੱਬ ਸਕਦੀ ਹੈ। ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪਰਵਾਸੀਆਂ ਦੀ ਵਧਦੀ ਆਬਾਦੀ ਨੂੰ ਪੰਜਾਬ ਦੀ ਜਨਸੰਖਿਆ ਅਤੇ ਸੱਭਿਆਚਾਰ ਲਈ ਖਤਰਾ ਦੱਸਿਆ। ਉਨ੍ਹਾਂ ਜਨਵਰੀ 2023 ਵਿੱਚ ਪੰਜਾਬ ਵਿਧਾਨ ਸਭਾ ਵਿੱਚ ਇੱਕ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕੀਤਾ ਸੀ, ਜਿਸ ਵਿੱਚ ਹਿਮਾਚਲ ਅਤੇ ਉੱਤਰਾਖੰਡ ਵਰਗੇ ਕਾਨੂੰਨ ਬਣਾਉਣ ਦੀ ਮੰਗ ਸੀ। ਪਰ, ਆਮ ਆਦਮੀ ਪਾਰਟੀ (ਆਪ) ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮੁੱਦੇ 'ਤੇ ਕੋਈ ਠੋਸ ਕਦਮ ਨਹੀਂ ਚੁੱਕਿਆ। ਮਾਨ ਨੇ ਸਿਰਫ਼ ਇਹ ਕਿਹਾ ਕਿ ਪਰਵਾਸੀਆਂ ਨੂੰ ਨਿਸ਼ਾਨਾ ਬਣਾਉਣਾ ਸਹੀ ਨਹੀਂ, ਕਿਉਂਕਿ ਇਸ ਨਾਲ ਹੋਰ ਸੂਬਿਆਂ ਵਿੱਚ ਰਹਿੰਦੇ ਪੰਜਾਬੀਆਂ ਨੂੰ ਵੀ ਮੁਸ਼ਕਿਲ ਹੋ ਸਕਦੀ ਹੈ।

ਸੋ ਪੰਜਾਬੀਆਂ ਦੀ ਮੰਗ ਵਾਜਬ ਹੈ ਕਿ ਪਰਵਾਸੀਆਂ ਨੂੰ ਕੰਮ ਕਰਨ ਦੀ ਇਜਾਜ਼ਤ ਮਿਲੇ, ਪਰ ਉਨ੍ਹਾਂ ਦੀ ਪਛਾਣ ਦੀ ਪੁਖਤਾ ਜਾਂਚ ਹੋਵੇ। ਇਸ ਵੇਲੇ ਪੰਜਾਬ ਵਿੱਚ ਸਿਰਫ਼ ਹਿੰਦੂ, ਪਰਵਾਸੀ ਹੀ ਨਹੀਂ ਆ ਰਹੇ। ਯੂ.ਪੀ., ਬਿਹਾਰ ਤੇ ਮੱਧ ਪ੍ਰਦੇਸ਼ ਵਿੱਚ ਮੁਸਲਮਾਨਾਂ ਖ਼ਿਲਾਫ਼ ਮਾਹੌਲ ਬਣਨ ਕਰਕੇ ਮੁਸਲਿਮ ਪਰਵਾਸੀ ਵੀ ਵੱਡੀ ਗਿਣਤੀ ਵਿੱਚ ਇਥੇ ਆ ਕੇ ਵਸ ਰਹੇ ਹਨ। ਪੰਜਾਬ ਸਰਕਾਰ ਲਈ ਜ਼ਰੂਰੀ ਹੈ ਕਿ ਪੰਜਾਬ ਵਿੱਚ ਪੱਕੇ ਤੌਰ 'ਤੇ ਵਸਣ ਵਾਲੇ ਪਰਵਾਸੀਆਂ ਲਈ ਕੋਈ ਸ਼ਰਤਾਂ, ਨਿਯਮ ਬਣਾਏ ਜਾਣ। ਪੰਜਾਬ ਸਰਕਾਰ ਨੂੰ ਆਪਣੇ ਤੌਰ 'ਤੇ ਪੰਜਾਬ ਦੀ ਜਨਗਣਨਾ ਵੀ ਕਰਵਾਉਣੀ ਚਾਹੀਦੀ ਹੈ। ਦੂਸਰਾ ਪੰਜਾਬ ਵਿੱਚ ਜ਼ਮੀਨ ਖ਼ਰੀਦਣ ਲਈ ਕੁਝ ਪਾਬੰਦੀਆਂ, ਜਿਵੇਂ ਕਿ ਦੇਸ਼ ਦੇ ਕਈ ਰਾਜਾਂ ਹਿਮਾਚਲ, ਸਿੱਕਮ, ਨਾਗਾਲੈਂਡ, ਉੱਤਰਾਖੰਡ, ਅਰੁਣਾਚਲ ਪ੍ਰਦੇਸ਼ ਵਿੱਚ ਜੰਮੂ-ਕਸ਼ਮੀਰ ਵਿੱਚ ਧਾਰਾ 370 ਹਟਣ ਤੋਂ ਬਾਅਦ ਵੀ ਹਨ, ਹੋਣੀਆਂ ਚਾਹੀਦੀਆਂ ਹਨ। ਗੁਜਰਾਤ ਵਿੱਚ ਵੀ ਖੇਤੀ ਵਾਲੀ ਜ਼ਮੀਨ ਖ਼ਰੀਦਣ 'ਤੇ ਕਈ ਪਾਬੰਦੀਆਂ ਹਨ।

ਪੰਜਾਬ ਨੂੰ ਆਪਣੀ ਡੈਮੋਗ੍ਰਾਫ਼ੀ ਬਚਾਉਣ ਲਈ ਕਾਨੂੰਨ ਬਣਾਉਣੇ ਚਾਹੀਦੇ ਹਨ ਅਤੇ ਪੰਜਾਬ ਵਿੱਚ ਵਸਣ ਵਾਲੇ ਪਰਵਾਸੀਆਂ ਦਾ ਪਿਛੋਕੜ ਵੀ ਜਾਂਚਣਾ ਚਾਹੀਦਾ ਹੈ, ਜਿਹੜੇ ਜ਼ਰਾਇਮ-ਪੇਸ਼ਾ ਲੋਕ ਹਨ, ਉਨ੍ਹਾਂ ਨੂੰ ਵਸਣ ਦੀ ਇਜਾਜ਼ਤ ਨਹੀਂ ਮਿਲਣੀ ਚਾਹੀਦੀ। ਪਰ ਸਾਰੇ ਪਰਵਾਸੀਆਂ ਨੂੰ ਭਜਾ ਦੇਣ ਦੀ ਸੋਚ ਗੁਰੂ ਸਾਹਿਬ ਦੀ ਸਿੱਖਿਆ ਤੇ ਪੰਜਾਬੀਅਤ ਦੀ ਸੋਚ ਨਾਲ ਮੇਲ ਨਹੀਂ ਖਾਂਦੀ, ਇਹ ਪੰਜਾਬ ਦੀ ਆਰਥਿਕਤਾ ਲਈ ਵੀ ਘਾਤਕ ਸਿੱਧ ਹੋਵੇਗੀ।

ਪੰਜਾਬ ਉੱਪਰ ਅਧਿਕਾਰ ਪੰਜਾਬੀਆਂ ਦਾ ਹੋਵੇ। ਇਹ ਮੰਗ ਸੰਵਿਧਾਨਕ ਹੈ ਅਤੇ ਪੰਜਾਬ ਦੀ ਸੱਭਿਆਚਾਰਕ ਪਛਾਣ ਨੂੰ ਬਚਾਉਣ ਦੀ ਕੋਸ਼ਿਸ਼ ਹੈ। ਪਰ, ਸਿਆਸੀ ਪਾਰਟੀਆਂ ਦੀ ਚੁੱਪ ਅਤੇ ਕੁਝ ਕੁ ਕਿਸਾਨ ਯੂਨੀਅਨਾਂ ਦਾ ਵਿਰੋਧ ਇਸ ਸੰਘਰਸ਼ ਅਗੇ ਅੜਿੱਕਾ ਬਣ ਰਿਹਾ ਹੈ।

# ਹੜ੍ਹਾਂ ਦੇ ਬਾਵਜੂਦ ਪੰਜਾਬ 'ਚ ਭਾਈਚਾਰਕ ਸਾਂਝ ਹੋਈ ਮਜ਼ਬੂਤ

## ਸਿੱਖਾਂ ਨੇ ਬੰਦ ਪਈ ਮਸਜਿਦ ਦੀਆਂ ਚਾਬੀਆਂ ਮੁਸਲਿਮ ਭਰਾਵਾਂ ਨੂੰ ਸੌਂਪੀਆਂ



ਡੇਰਾ ਬਾਬਾ ਨਾਨਕ/ ਏ.ਟੀ.ਨਿਊਜ਼: ਜਿਥੇ ਇੱਕ ਪਾਸੇ ਪੰਜਾਬ ਵਿੱਚ ਹੜ੍ਹਾਂ ਦੀ ਮਾਰ ਨੇ ਆਪਣੀ ਕਰੋਪੀ ਰਾਹੀਂ ਲੋਕਾਂ ਅੰਦਰ ਡਰ ਤੇ ਸਹਿਮ ਹੈ ਉੱਥੇ ਹੀ ਦੂਜੇ ਪਾਸੇ ਪੰਜਾਬ ਅੰਦਰ ਆਪਸੀ ਭਾਈਚਾਰਕ ਸਾਂਝ ਦੀਆਂ ਤੰਦਾਂ ਦੀ ਮਜ਼ਬੂਤੀ ਲਈ ਜੋ ਕਾਰਜ ਦੇਖਣ ਨੂੰ ਮਿਲ ਰਹੇ ਹਨ, ਇਸ ਨੂੰ ਲੈ ਕੇ ਆਪਸੀ ਭਾਈਚਾਰਕ ਸਾਂਝ ਦੀਆਂ ਤੰਦਾਂ ਮਜ਼ਬੂਤ ਹੁੰਦੀਆਂ ਦਿਖਾਈ ਦੇ ਰਹੀਆਂ ਹਨ ਜਿਸ ਕਾਰਨ ਲੋਕਾਂ ਅੰਦਰ ਬੇਹਦ ਖ਼ੁਸ਼ੀ ਵੀ ਪਾਈ ਜਾ ਰਹੀ ਹੈ। ਬਿਨਾਂ ਕਿਸੇ ਮਜ਼ਹਬੋ ਮਿੱਲਤ ਕੋਈ ਰਿਸ਼ਤੇਦਾਰੀ ਨਹੀਂ, ਕੋਈ ਵਪਾਰਕ ਸਾਂਝ ਨਹੀਂ, ਕੋਈ ਜਾਣਦੇ ਨਹੀਂ ਪਰ ਆਪਸੀ ਸਦਭਾਵਨਾਂ ਅਤੇ ਮਿਲਣ ਸਾਰੀ ਦਾ ਇਹ ਅਮਲ ਹਰ ਇੱਕ ਦੀਆਂ ਅੱਖਾਂ ਵਿੱਚ ਆਪ ਮੁਹਾਰੇ ਹੀ ਹੰਝੂ ਵਹਾਉਣ ਦਾ ਕਾਰਜ ਕਰ ਦਿੰਦਾ ਹੈ।

ਕਿੰਨੀਆਂ ਹੀ ਪੋਸਟਾਂ ਸੋਸ਼ਲ ਮੀਡੀਆ 'ਤੇ ਆਪਾਂ ਨੂੰ ਅਜਿਹੀਆਂ ਇਸ ਦੌਰਾਨ ਵੇਖਣ ਨੂੰ ਮਿਲਦੀਆਂ ਹਨ। ਕਿਥੇ ਯੂਪੀ, ਗੁਜਰਾਤ ਕਿੱਥੇ ਮਹਾਰਾਸ਼ਟਰ ਕਿੱਥੇ ਬੈਂਗਲੋਰ ਕਿੱਥੇ ਭੋਪਾਲ ਹੋਰ ਪਤਾ ਨਹੀਂ ਕਿੱਥੋਂ ਕਿੱਥੋਂ ਮੁਸਲਿਮ ਭਾਈਚਾਰੇ ਦੇ ਲੋਕ ਪੰਜਾਬ ਵਾਸੀਆਂ ਦੀ ਮਦਦ ਲਈ ਆਪ ਆ ਬਾਹੁੜੇ ਹਨ। ਇਸੇ ਵਿਚ ਹੀ ਇੱਕ ਹੋਰ ਆਪਸੀ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਮਜ਼ਬੂਤ ਕਰਨ ਲਈ ਘਟਨਾ ਵਾਪਰਦੀ ਹੈ ਕਿ ਪਾਕਿਸਤਾਨ ਬਾਰਡਰ ਦੇ ਨਜ਼ਦੀਕੀ ਇਲਾਕੇ ਡੇਰਾ ਬਾਬਾ ਨਾਨਕ ਦੇ ਪਿੰਡ ਰਮਦਾਸ ਦੀ 1947 ਤੋਂ ਬੰਦ ਪਈ ਜੁਮਾ ਮਸਜਿਦ ਨੂੰ ਮਾਲੇਰਕੋਟਲਾ ਤੋਂ ਪਹੁੰਚੇ ਮੁਸਲਿਮ ਭਾਈਚਾਰੇ ਦੇ ਆਗੂਆਂ ਕੋਲ ਸਰਪੰਚ ਸ਼ੇਰ ਸਿੰਘ ਅਵਾਣ ਤੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਨਗਰ ਕੌਂਸਲ ਸੁਰਿੰਦਰਪਾਲ ਕਾਲੀਆ ਨੇ ਖੁਲ੍ਹਵਾ ਕੇ ਮੁਸਲਿਮ ਭਾਈਚਾਰੇ ਦੇ ਹਵਾਲੇ ਕਰ ਦਿੱਤਾ ਅਤੇ ਇਥੇ ਮਸਜਿਦ ਦੀ ਸਾਫ਼-ਸਫ਼ਾਈ ਕਰਵਾ ਕੇ ਮੌਕੇ 'ਤੇ ਹੀ 1947 ਤੋਂ ਬਾਅਦ ਪਹਿਲੀ ਵਾਰ ਮੁਸਲਿਮ ਭਾਈਚਾਰੇ ਵੱਲੋਂ ਨਮਾਜ਼ ਪੜ੍ਹੀ ਗਈ। ਇਸ ਮੌਕੇ ਉਨ੍ਹਾਂ ਕਿਹਾ ਕਿ ਉਨ੍ਹਾਂ ਲਈ ਇਸ ਤੋਂ ਵੱਡਾ ਸੁਭਾਗਾਂ ਦਿਹਾੜਾ ਕੀ ਹੋ ਸਕਦਾ ਹੈ ਕਿ ਮੁਸਲਿਮ ਭਾਈਚਾਰੇ ਵੱਲੋਂ ਇਸ ਬੇਆਬਾਦ ਪਈ ਮਸੀਤ ਵਿੱਚ ਨਮਾਜ਼ ਰਾਹੀਂ ਰੱਬ ਦਾ ਨਾਂ ਲੈਣਾ ਸ਼ੁਰੂ ਹੋਇਆ ਹੈ। ਉਨ੍ਹਾਂ ਕਿਹਾ ਕਿ ਜਿਸ ਤਰੀਕੇ ਨਾਲ ਮੁਸਲਿਮ ਭਾਈਚਾਰੇ ਵੱਲੋਂ ਉਨ੍ਹਾਂ ਦੇ ਇਲਾਕੇ ਅੰਦਰ ਹੜ੍ਹ ਪੀੜਤਾਂ ਦੀ ਮਦਦ ਕੀਤੀ ਜਾ ਰਹੀ ਹੈ ਉਸ ਦਾ ਕੋਈ ਸਾਨੀ ਨਹੀਂ ਜਿਸ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਇਹ ਕਦਮ ਪੁੱਟਿਆ।

ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੱਖ ਮੁਸਲਿਮ ਸਾਂਝਾਂ ਦੇ ਕਨਵੀਨਰ ਡਾਕਟਰ ਨਸੀਰ ਅਖਤਰ ਨੇ ਦੱਸਿਆ ਕਿ ਇਹ ਬਹੁਤ ਹੀ ਵਧੀਆ ਉਪਰਾਲਾ ਹੈ, ਜੋ ਸਿੱਖ ਭਾਈਚਾਰੇ ਵੱਲੋਂ ਮੁਸਲਿਮ ਭਾਈਚਾਰੇ ਨਾਲ ਤਾਲਮੇਲ ਬਣਾ ਕੇ ਇਹ ਬੰਦ ਪਈ ਮਸਜਿਦ ਖੁਲ੍ਹਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਮੁਸਲਿਮ ਭਾਈਚਾਰੇ ਨੇ ਹੜ੍ਹ ਪ੍ਰਭਾਵਤ ਇਲਾਕਿਆਂ ਵਿਚੋਂ ਪੰਜ ਪਿੰਡਾਂ ਨੂੰ ਗੋਦ ਵੀ ਲਿਆ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸਮਾਧ ਬਾਬਾ ਬੁੱਢਾ ਸਾਹਿਬ ਰਮਦਾਸ ਵਿਖੇ ਜਿਥੇ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ, ਉਥੇ ਨਾਲ ਹੀ ਰਾਹਤ ਸਮੱਗਰੀ ਵੀ ਹੜ੍ਹ ਪੀੜਤ ਪਰਵਾਰਾਂ ਨੂੰ ਵੰਡੀ ਜਾ ਰਹੀ ਹੈ।

(ਬਾਕੀ ਸਫ਼ਾ 26 'ਤੇ)



# ਜਦੋਂ ਲੱਗਦੀ ਹੈ ਪਰਾਲੀ ਨੂੰ ਅੱਗ...

# ਕੀ ਸੁਪਰੀਮ ਕੋਰਟ ਦੀ ਸਖ਼ਤੀ

## ਨਾਲ ਪਰਾਲੀ ਨੂੰ ਅੱਗ ਲਾਉਣ ਦੇ ਰੁਝਾਨ ਨੂੰ ਪੈ ਸਕੇਗੀ ਠੱਲ੍ਹ

## ਪਰਾਲੀ ਦੀ ਸਮੱਸਿਆ ਦੇ ਹੱਲ ਲਈ ਸਰਵ ਪ੍ਰਵਾਨਿਤ ਹੱਲ ਕੱਢਣ ਦੀ ਲੋੜ

**ਜਗਮੋਹਨ ਸਿੰਘ 'ਲੱਕੀ'**

ਸੁਪਰੀਮ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਸਖ਼ਤ ਸਵਾਲ ਕੀਤਾ ਗਿਆ ਹੈ ਕਿ ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ ਗ੍ਰਿਫ਼ਤਾਰ ਕਿਉਂ ਨਹੀਂ ਕੀਤਾ ਜਾਂਦਾ ? ਸੁਪਰੀਮ ਕੋਰਟ ਨੇ ਇਹ ਵੀ ਕਿਹਾ ਹੈ ਕਿ ਕੁਝ ਕਿਸਾਨਾਂ ਨੂੰ ਜੇਲ੍ਹ 'ਚ ਬੰਦ ਕਰ ਦਿੱਤਾ ਜਾਵੇ ਤਾਂ ਇਹ ਬਾਕੀਆਂ ਲਈ ਇੱਕ ਮਜ਼ਬੂਤ ਸੰਦੇਸ਼ ਹੋਵੇਗਾ। ਦਿੱਲੀ- ਐੱਨਸੀਆਰ ਵਿੱਚ ਹਵਾ ਪ੍ਰਦੂਸ਼ਣ ਦੇ ਮੁੱਦੇ 'ਤੇ ਸੁਣਵਾਈ ਕਰ ਰਹੇ ਚੀਫ਼ ਜਸਟਿਸ ਬੀ. ਆਰ. ਗਵਈ ਤੇ ਜਸਟਿਸ ਵਿਨੋਦ ਚੰਦ੍ਰਨ ਦੇ ਬੈਂਚ ਨੇ ਕਿਹਾ ਹੈ ਕਿ ਕਿਸਾਨ ਸਾਡੇ ਲਈ ਖ਼ਾਸ ਹਨ, ਅਸੀਂ ਉਨ੍ਹਾਂ ਦੀ ਬਦੌਲਤ ਖਾ ਰਹੇ ਹਾਂ ਪਰ ਇਸ ਦਾ ਇਹ ਮਤਲਬ ਨਹੀਂ ਹੈ ਕਿ ਅਸੀਂ ਵਾਤਾਵਰਣ ਦੀ ਰਾਖੀ ਨਹੀਂ ਕਰ ਸਕਦੇ। ਸੁਪਰੀਮ ਕੋਰਟ ਨੇ ਸਰਕਾਰ ਨੂੰ ਕਿਹਾ ਹੈ ਕਿ ਤੁਸੀਂ ਫ਼ੈਸਲਾ ਲਓ ਨਹੀਂ ਤਾਂ ਅਸੀਂ ਹੁਕਮ ਕਰਾਂਗੇ।

ਇਸ ਮੌਕੇ ਪੰਜਾਬ ਸਰਕਾਰ ਦੇ ਵਕੀਲ ਨੇ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਕਈ ਕਦਮ ਚੁੱਕੇ ਹਨ ਤੇ ਪ੍ਰਦੂਸ਼ਣ ਦਾ ਪੱਧਰ ਹੌਲੀ-ਹੌਲੀ ਘੱਟ ਹੋ ਰਿਹਾ ਹੈ। ਪਿਛਲੇ ਸਾਲ ਇਸ ਵਿੱਚ ਕਮੀ ਆਈ ਸੀ, ਹੁਣ ਹੋਰ ਕਮੀ ਆਵੇਗੀ। ਹਾਲੀਆ ਸਾਲਾਂ ਵਿੱਚ ਪਰਾਲੀ ਸਾੜਨ ਦੇ ਮਾਮਲੇ 77 ਹਜ਼ਾਰ ਤੋਂ ਘੱਟ ਕੇ 10 ਹਜ਼ਾਰ ਰਹਿ ਗਏ ਹਨ। ਇੱਕ ਹੈਕਟੇਅਰ ਜ਼ਮੀਨ ਬੀਜਣ ਵਾਲੇ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਨ ਨਾਲ ਉਲਟ ਅਸਰ ਪੈ ਸਕਦਾ ਹੈ। ਜੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਦੇ ਆਸ਼ਰਿਤਾਂ ਨੂੰ ਵੀ ਨੁਕਸਾਨ ਪੁੱਜੇਗਾ।

ਹਾਲਾਂ ਕਿ ਸਰਕਾਰਾਂ ਨੇ ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣ ਲਈ ਕਈ ਕਦਮ ਚੁੱਕੇ ਹਨ। ਸੰਨ 2018 ਤੋਂ ਲੈ ਕੇ ਹੁਣ ਤੱਕ ਕੇਂਦਰ ਤੇ ਸੂਬਾ ਸਰਕਾਰਾਂ ਨੇ ਮਸ਼ੀਨਾਂ ਲਈ ਸਬਸਿਡੀਆਂ ਦਿੱਤੀਆਂ ਹਨ। ਪਰਾਲੀ ਨੂੰ ਬਾਇਓਫਿਊਲ, ਬੋਰਡ ਅਤੇ ਪੈਕੇਜਿੰਗ 'ਚ ਵਰਤਣ ਲਈ ਵੀ ਪ੍ਰੋਗਰਾਮ ਚਲਾਏ ਗਏ ਹਨ।

ਪੰਜਾਬ ਵਿੱਚ ਲੰਘੇ ਦਿਨਾਂ ਦੌਰਾਨ ਹੜ੍ਹ ਆਉਣ ਕਾਰਨ ਵੱਡੀ ਗਿਣਤੀ ਕਿਸਾਨਾਂ ਦੀ ਝੋਨੇ ਦੀ ਫਸਲ ਪੂਰੀ ਤਰ੍ਹਾਂ ਖਰਾਬ ਹੋ ਗਈ ਹੈ, ਪਰ ਜਿਹੜੇ ਇਲਾਕੇ ਹੜ੍ਹਾਂ ਤੋਂ ਬਚੇ ਰਹੇ ਹਨ, ਜਦੋਂ ਕਿ ਕਣਕ ਦੀਆਂ ਬੱਲੀਆਂ ਦੀ ਕੰਬਾਇਨ ਨਾਲ ਕਟਾਈ ਤੋਂ ਬਾਅਦ ਪਿੱਛੇ ਬਚੀ ਰਹਿੰਦ ਖੂੰਹਦ ਨੂੰ 'ਨਾੜ' ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਛੋਲਿਆਂ ਦੀ ਤੂੜੀ ਨੂੰ 'ਭੋਹ' ਕਿਹਾ ਜਾਂਦਾ ਹੈ। ਤੋਰੀਏ ਦੀ ਰਹਿੰਦ ਖੂੰਹਦ ਨੂੰ 'ਪੱਲਰਾ' ਕਿਹਾ ਜਾਂਦਾ ਹੈ। ਕਮਾਦ ਯਾਨੀ ਗੰਨੇ ਦੇ ਬਚੇ ਹੋਏ ਛਿਲਕਿਆਂ ਨੂੰ 'ਖੋਰੀ' ਕਿਹਾ ਜਾਂਦਾ ਹੈ। ਕਣਕ ਦੇ ਨਾੜ ਨੂੰ ਪਿਛਲੇ ਸੀਜ਼ਨ ਦੌਰਾਨ ਕਾਫ਼ੀ ਘੱਟ ਮਾਤਰਾ ਵਿੱਚ ਅੱਗ ਲਗਾਈ ਗਈ। ਇਸ ਦਾ ਮੁੱਖ ਕਾਰਨ ਇਹ ਸੀ ਕਿ

**ਸੁਪਰੀਮ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਨ ਲਈ ਕਹਿਣ ਨਾਲ ਕਿਸਾਨਾਂ ਵੱਲੋਂ ਖੇਤਾਂ 'ਚ ਪਰਾਲੀ ਸਾੜਨ ਦਾ ਮੁੱਦਾ ਮੁੜ ਸੁਰਖ਼ੀਆਂ ਵਿੱਚ ਆ ਗਿਆ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਦਿੱਲੀ ਦੇ ਹਾਕਮਾਂ ਨੂੰ ਪੰਜਾਬ 'ਚ ਪਰਾਲੀ ਨੂੰ ਲੱਗੀ ਅੱਗ ਦਾ ਧੂੰਆਂ ਤਾਂ ਦਿਖਾਈ ਦੇ ਜਾਂਦਾ ਹੈ ਪਰ ਹੜ੍ਹ ਦੇ ਪਾਣੀ ਵਿੱਚ ਡੁੱਬਿਆ ਪੰਜਾਬ ਦਿਖਾਈ ਨਹੀਂ ਦਿੰਦਾ। ਝੋਨੇ ਦੀ ਪਰਾਲੀ ਨੂੰ ਸਿਰਫ਼ ਪੰਜਾਬ ਦੇ ਕਿਸਾਨ ਹੀ ਅੱਗ ਨਹੀਂ ਲਾਉਂਦੇ ਸਗੋਂ ਹੋਰਨਾਂ ਸੂਬਿਆਂ ਦੇ ਕਿਸਾਨਾਂ ਵੱਲੋਂ ਵੀ ਝੋਨੇ ਦੀ ਪਰਾਲੀ ਨੂੰ ਅੱਗ ਲਾ ਕੇ ਸਾੜਿਆ ਜਾਂਦਾ ਹੈ, ਪਰ ਦੋਸ਼ੀ ਸਿਰਫ਼ ਪੰਜਾਬ ਦੇ ਕਿਸਾਨਾਂ ਨੂੰ ਠਹਿਰਾਇਆ ਜਾਂਦਾ ਹੈ। ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਿਗਿਆਨੀ ਵੀ ਇਹ ਕਹਿ ਚੁੱਕੇ ਹਨ ਕਿ ਪੰਜਾਬ ਵਿੱਚ ਪਰਾਲੀ ਨੂੰ ਲੱਗੀ ਅੱਗ ਦਾ ਧੂੰਆਂ ਦਿੱਲੀ ਤੱਕ ਪਹੁੰਚਣਾ ਸੰਭਵ ਨਹੀਂ ਹੈ ਕਿਉਂਕਿ ਪੰਜਾਬ ਤੋਂ ਦਿੱਲੀ ਬਹੁਤ ਦੂਰ ਹੈ**





ਉਹਨਾਂ ਵਿੱਚ ਇਸ ਸਮੇਂ ਝੋਨੇ ਦੀ ਕਟਾਈ ਦਾ ਸੀਜ਼ਨ ਚੱਲ ਰਿਹਾ ਹੈ। ਵੱਡੀ ਗਿਣਤੀ ਕਿਸਾਨਾਂ ਨੇ ਆਪਣੀ ਪੁੱਤਾਂ ਵਾਂਗ ਪਾਲੀ ਹੋਈ ਝੋਨੇ ਦੀ ਫਸਲ ਦੀ ਕਟਾਈ ਕਰਕੇ ਮੰਡੀਆਂ ਵਿੱਚ ਫਸਲ ਲੈ ਆਂਦੀ ਹੈ, ਕਈ ਤਾਂ ਫਸਲ ਵੇਚ ਕੇ ਵਿਹਲੇ ਵੀ ਹੋ ਗਏ ਹਨ। ਕਈ ਇਲਾਕਿਆਂ ਵਿੱਚ ਅਜੇ ਝੋਨੇ ਦੀ ਕਟਾਈ ਦਾ ਕੰਮ ਚਲ ਰਿਹਾ ਹੈ,ਜਦੋਂਕਿ ਕਈ ਥਾਂਵਾਂ 'ਤੇ ਝੋਨੇ ਦੀ ਕਟਾਈ ਤੋਂ ਬਾਅਦ ਪਰਾਲੀ ਨੂੰ ਅੱਗ ਲਾਉਣ ਦਾ ਰੁਝਾਨ ਸ਼ੁਰੂ ਵੀ ਹੋ ਚੁੱਕਿਆ ਹੈ।

ਝੋਨੇ ਦੀ ਕੰਬਾਇਨ ਨਾਲ ਕਟਾਈ ਤੋਂ ਬਾਅਦ ਬਚੀ ਰਹਿੰਦ ਖੂੰਹਦ ਨੂੰ 'ਪਰਾਲੀ' ਕਿਹਾ ਜਾਂਦਾ ਹੈ, ਕਣਕ ਦੇ ਨਾੜ ਤੋਂ ਤੂੜੀ ਬਣ ਜਾਂਦੀ ਹੈ, ਜੋ ਕਿ ਪਸ਼ੂਆਂ ਦੀ ਮੁੱਖ ਖੁਰਾਕ ਹੈ । ਇਸ ਤੋਂ ਇਲਾਵਾ ਕਣਕ ਦੇ ਨਾੜ ਨੂੰ ਖੇਤਾਂ ਵਿੱਚ ਵੀ ਵਾਹ ਦਿੱਤਾ ਜਾਂਦਾ ਹੈ। ਕਣਕ ਦਾ ਨਾੜ (ਕਣਕ ਅਤੇ ਤੂੜੀ ਲਈ ਕਟਾਈ ਕਰਨ ਤੋਂ ਬਾਅਦ) ਖੇਤਾਂ ਵਿੱਚ ਆਸਾਨੀ ਨਾਲ ਵਾਹਿਆ ਜਾ ਸਕਦਾ ਹੈ ਪਰ ਇਸ ਉੱਪਰ ਕਾਫ਼ੀ ਮਿਹਨਤ ਵੀ ਹੁੰਦੀ ਹੈ, ਜਿਵੇਂ ਕਿਸਾਨੀ ਦੇ ਹੋਰਨਾਂ ਕੰਮਾਂ ਵਿੱਚ ਸਖ਼ਤ ਮਿਹਨਤ ਹੁੰਦੀ ਹੈ। ਝੋਨੇ ਦੀ ਪਰਾਲੀ ਨੂੰ ਕਿਸਾਨ ਇਸ ਕਾਰਨ ਵੀ ਅੱਗ ਲਾਉਣ ਲਈ ਮਜਬੂਰ ਹਨ ਕਿਉਂਕਿ ਝੋਨੇ ਦੀ ਪਰਾਲੀ ਤੋਂ ਤੂੜੀ ਨਹੀਂ ਬਣਦੀ ਅਤੇ ਝੋਨੇ ਦੀ ਪਰਾਲੀ ਖੇਤਾਂ ਵਿੱਚ ਵਾਹੁਣ ਉੱਪਰ ਵੀ ਬਹੁਤ ਭਾਰੀ ਮਿਹਨਤ ਹੁੰਦੀ ਹੈ ਅਤੇ ਬਹੁਤ ਖਰਚਾ ਹੁੰਦਾ ਹੈ। ਇਹੀ ਕਾਰਨ ਹੈ ਕਿ ਸਖ਼ਤ ਮਿਹਨਤ ਅਤੇ ਭਾਰੀ ਖਰਚੇ ਤੋਂ ਬਚਣ ਲਈ ਹੀ ਕਿਸਾਨ ਝੋਨੇ ਦੀ ਪਰਾਲੀ ਨੂੰ ਖੇਤਾਂ ਵਿੱਚ ਵਾਹੁਣ ਦੀ ਥਾਂ ਅੱਗ ਲਾ ਕੇ ਸਾੜ ਦਿੰਦੇ ਹਨ। ਇਸ ਤਰ੍ਹਾਂ ਪਰਾਲੀ ਨੂੰ ਖੇਤਾਂ ਵਿਚ ਅੱਗ ਲਾਉਣਾ ਪੰਜਾਬ ਲਈ ਇਕ ਗੰਭੀਰ ਸਮੱਸਿਆ ਬਣ ਗਿਆ ਹੈ, ਜਿਸ ਦਾ ਸਰਵ ਪ੍ਰਵਾਨਿਤ ਹੱਲ ਕੱਢਣ ਵਿੱਚ ਸਾਡੀਆਂ ਸਰਕਾਰਾਂ ਅਜੇ ਤੱਕ ਫੇਲ੍ਹ ਹੀ ਸਾਬਤ ਹੋਈਆਂ ਹਨ। ਇਸ ਲੇਖਕ ਨਾਲ ਵੱਖ- ਵੱਖ ਕਿਸਾਨ ਆਗੂਆਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਤੋਂ ਬਿਨਾਂ ਕਿਸਾਨਾਂ ਕੋਲ ਹੋਰ ਕੋਈ ਦੂਜਾ ਰਾਹ ਹੀ ਨਹੀਂ ਹੈ। ਉਹਨਾਂ ਦਾ ਕਹਿਣਾ ਹੈ ਕਿ ਜੇ ਝੋਨੇ ਦੀ ਪਰਾਲੀ ਨੂੰ ਖੇਤਾਂ ਵਿੱਚ ਵਾਹਿਆ ਜਾਵੇ ਤਾਂ ਇਸ ਉੱਪਰ ਹਜ਼ਾਰਾਂ ਰੁਪਏ ਦਾ ਖਰਚਾ ਹੋ ਜਾਂਦਾ ਹੈ। ਪਹਿਲਾਂ ਹੀ ਕਰਜ਼ੇ ਦੇ ਬੋਝ ਥੱਲੇ ਦੱਬੇ ਕਿਸਾਨ ਇਹ ਖਰਚਾ ਕਰਨ ਤੋਂ ਅਸਮਰਥ ਹਨ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਪਰਾਲੀ ਨੂੰ ਖੇਤਾਂ ਵਿੱਚ ਵਾਹੁਣ ਵਾਲੀ ਮਸ਼ੀਨਰੀ ਵੀ ਬਹੁਤ ਮਹਿੰਗੀ ਹੈ ਅਤੇ ਹਰ ਕਿਸਾਨ ਇਹ ਮਸ਼ੀਨਰੀ ਖਰੀਦਣ ਦੇ ਸਮਰੱਥ ਹੀ ਨਹੀਂ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਜੇ ਕਿਸਾਨਾਂ ਨੂੰ ਖੇਤਾਂ ਵਿੱਚ ਹੀ ਝੋਨੇ ਦੀ ਪਰਾਲੀ ਨੂੰ ਅੱਗ ਲਾਏ ਜਾਣ ਤੋਂ ਰੋਕਣਾ ਹੈ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਨੂੰ ਪਰਾਲੀ ਦਾ ਮੁਆਵਜ਼ਾ ਦੇਵੇ ਤਾਂ ਕਿ ਕਿਸਾਨਾਂ ਉੱਪਰ ਹੋਰ ਕੋਈ ਆਰਥਿਕ ਬੋਝ ਨਾ ਪਵੇ। ਕਿਸਾਨ ਆਗੂ ਕਹਿੰਦੇ ਹਨ ਕਿ ਫੈਕਟਰੀਆਂ ਅਤੇ ਉਦਯੋਗਾਂ ਦੀਆਂ ਚਿਮਨੀਆਂ ਵਿਚੋਂ ਵਧੇਰੇ ਜ਼ਹਿਰੀਲਾ ਧੂੰਆਂ ਨਿਕਲਦਾ ਹੈ। ਸਰਕਾਰ ਉਹਨਾਂ ਨੂੰ ਤਾਂ ਬੰਦ ਨਹੀਂ ਕਰਵਾਉਂਦੀ ਪਰ ਕਿਸਾਨਾਂ ਦੇ ਪਿੱਛੇ ਪਈ ਹੋਈ ਹੈ।

ਖੇਤੀ ਵਿਗਿਆਨੀਆਂ ਦਾ ਕਹਿਣਾ ਹੈ ਕਿ ਝੋਨੇ ਦੀ ਪਰਾਲੀ ਅਤੇ ਫਸਲਾਂ ਦੀ ਹੋਰ ਰਹਿੰਦ ਖੂੰਹਦ ਨੂੰ ਖੇਤਾਂ ਵਿੱਚ ਹੀ ਅੱਗ ਲਾਉਣ ਕਾਰਨ ਖੇਤਾਂ ਵਿੱਚ ਰਹਿੰਦੇ ਅਨੇਕਾਂ ਹੀ ਜੀਵ ਜੰਤੂ ਅਤੇ ਕਿਸਾਨਾਂ ਦੇ ਮਿੱਤਰ ਕੀੜੇ ਵੀ ਅੱਗ ਵਿੱਚ ਜਿਉਂਦੇ ਹੀ ਸੜ ਜਾਂਦੇ ਹਨ। ਇਸ ਤੋਂ ਇਲਾਵਾ ਪਰਾਲੀ ਨੂੰ ਖੇਤਾਂ ਵਿੱਚ ਹੀ ਅੱਗ ਲਾਉਣ ਨਾਲ ਜਮੀਨ ਦੀ ਉਪਜਾਊ ਸ਼ਕਤੀ ਘੱਟ ਹੋ ਜਾਂਦੀ ਹੈ ਅਤੇ ਇਸ ਦਾ ਅਗਲੀ ਫਸਲ ਦੇ ਝਾੜ ਉਪਰ ਵੀ ਸਿੱਧਾ ਅਸਰ ਪੈਂਦਾ ਹੈ। ਪਰਾਲੀ ਦੀ ਅੱਗ ਨਾਲ ਅਨੇਕਾਂ ਹੀ ਰੁੱਖ ਅਤੇ ਹੋਰ ਪੌਦੇ ਵੀ ਸੜ ਜਾਂਦੇ ਹਨ। ਜਿਸ ਦਾ ਅਸਰ ਵਾਤਾਵਰਣ ਉੱਪਰ ਵੀ ਪੈਂਦਾ ਹੈ। ਸਿਰਫ਼ ਪੰਜਾਬ ਦੇ ਖੇਤਾਂ ਵਿੱਚ ਹੀ ਹਰ ਸਾਲ ਫਸਲਾਂ ਤੋਂ ਇਲਾਵਾ ਲਗਭਗ 47.2 ਮਿਲੀਅਨ ਟਨ ਫਸਲਾਂ ਦੀ ਪਰਾਲੀ, ਨਾੜ ਤੇ ਹੋਰ ਰਹਿੰਦ-ਖੂੰਹਦ ਪੈਦਾ ਹੁੰਦੀ ਹੈ। ਫਸਲਾਂ ਦੀ ਇਹ ਰਹਿੰਦ-ਖੂੰਹਦ ਨੂੰ ਅੱਗ ਲਾਉਣ ਕਰਕੇ ਕਈ ਗਰੀਨ ਹਾਊਸ ਗੈਸਾਂ ਤੇ ਹੋਰ ਖਤਰਨਾਕ ਤੇ ਜ਼ਹਿਰੀਲੀਆਂ ਗੈਸਾਂ ਸਾਡੇ ਵਾਤਾਵਰਣ ਵਿੱਚ ਫੈਲ ਜਾਂਦੀਆਂ ਹਨ ਜੋ ਕਿ ਮਨੁੱਖੀ ਜੀਵਨ ਲਈ ਘਾਤਕ ਹੁੰਦੀਆਂ ਹਨ। । ਸਿਰਫ਼ ਪੰਜਾਬ ਵਿੱਚ ਕਿਸਾਨਾਂ ਵੱਲੋਂ 80% ਫੀਸਦੀ ਝੋਨੇ ਦੀ ਪਰਾਲੀ ਅਤੇ ਹੋਰ ਰਹਿੰਦ-ਖੂੰਹਦ ਅਤੇ 30% ਫੀਸਦੀ ਕਣਕ ਦਾ ਨਾੜ ਅਤੇ ਹੋਰ ਰਹਿੰਦ-ਖੂੰਹਦ ਖੇਤਾਂ ਵਿੱਚ ਹੀ ਸਾੜ ਦਿੱਤੇ ਜਾਂਦੇ ਹਨ , ਜਿਸ ਕਾਰਨ ਸਾਡੇ ਵਾਤਾਵਰਣ ਵਿੱਚ ਕਾਰਬਨ ਡਾਈਆਕਸਾਈਡ, ਸਲਫਰ-ਡਾਈਆਕਸਾਈਡ, ਨਾਈਟਰਸ-ਆਕਸਾਈਡ ਆਦਿ ਗੈਸਾਂ ਦੀ ਮਾਤਰਾ ਬਹੁਤ ਵੱਧ ਜਾਂਦੀ ਹੈ।

ਚਾਹੀਦਾ ਤਾਂ ਇਹ ਹੈ ਕਿ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਪਰਾਲੀ ਨੂੰ ਖੇਤਾਂ ਵਿੱਚ ਵਾਹੁਣ ਲਈ ਲੋੜੀਂਦੀ ਮਸ਼ੀਨਰੀ ਕਿਸਾਨਾਂ ਨੂੰ ਸਬਸਿਡੀ ਉਪਰ ਦਿੱਤੀ ਜਾਵੇ, ਪੰਜਾਬ ਵਿੱਚ ਝੋਨੇ ਹੇਠ ਰਕਬਾ ਘਟਾਉਣ ਅਤੇ ਹੋਰ ਫਸਲੀ ਵਿਭਿੰਨਤਾ ਅਪਨਾਉਣ ਲਈ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇ। ਨਰਮਾ, ਕਪਾਹ, ਮੱਕੀ, ਦਾਲਾਂ ਤੇ ਹੋਰ ਫ਼ਸਲਾਂ ਦਾ ਮੰਡੀਕਰਨ ਝੋਨੇ ਦੀ ਫਸਲ ਵਾਂਗ ਹੀ ਕੀਤਾ ਜਾਵੇ ਤਾਂ ਕਿ ਕਿਸਾਨ ਮੁੜ ਇਹਨਾਂ ਫ਼ਸਲਾਂ ਨੂੰ ਬੀਜਣ ਲਈ ਉਤਸ਼ਾਹਿਤ ਹੋਣ। ਇਸ ਤੋਂ ਇਲਾਵਾ ਪੰਜਾਬ ਸਰਕਾਰ ਨੂੰ ਪਰਾਲੀ ਦੀ ਅੱਗ ਲਾਉਣ ਦੀ ਸਮੱਸਿਆ ਦਾ ਸਰਵ ਪ੍ਰਵਾਨਿਤ ਹੱਲ ਕੱਢਣ ਲਈ ਮਾਹਿਰਾਂ ਦੀ ਵਿਸ਼ੇਸ਼ ਕਮੇਟੀ ਬਣਾ ਕੇ ਇਸ ਸਮੱਸਿਆ ਨੂੰ ਪੱਕੇ ਤੌਰ ਉੱਪਰ ਹੀ ਹੱਲ ਕਰਨਾ ਚਾਹੀਦਾ ਹੈ ਤਾਂ ਕਿ ਵਾਤਾਵਰਣ ਗੰਧਲਾ ਹੋਣ ਤੋਂ ਬਚਾਉਣ ਦੇ ਨਾਲ ਨਾਲ ਲੋਕਾਂ ਵਿੱਚ ਪਰਾਲੀ ਦੀ ਅੱਗ ਤੇ ਧੂੰਏਂ ਕਾਰਨ ਫੈਲਦੀਆਂ ਬਿਮਾਰੀਆਂ ਤੋਂ ਅਤੇ ਹੋਰ ਹਾਦਸਿਆਂ ਤੋਂ ਬਚਾਓ ਹੋ ਸਕੇ। ਇਸ ਦੇ ਨਾਲ ਹੀ ਕਿਸਾਨਾਂ ਨੂੰ ਪਰਾਲੀ ਦਾ ਢੁਕਵਾਂ ਮੁਆਵਜ਼ਾ ਦੇਣ ਲਈ ਵੀ ਕੇਂਦਰ ਸਰਕਾਰ ਨੂੰ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਕਿ ਕਿਸਾਨ ਪਰਾਲੀ ਨੂੰ ਅੱਗ ਲਾਉਣ ਲਈ ਮਜਬੂਰ ਨਾ ਹੋਣ।



# ਫ਼ਲੋਰੀਡਾ ਹਾਦਸੇ ਨੇ ਪੰਜਾਬੀ ਸਿੱਖ ਡਰਾਈਵਰਾਂ ’ਤੇ ਵਧਾਇਆ ਸੰਕਟ

## ਅਮਰੀਕਾ ਵਿੱਚ ਪੰਜਾਬੀ ਟਰੱਕਰਾਂ ਦੀਆਂ ਮੁਸੀਬਤਾਂ ਵਧੀਆਂ

## ਸੰਕਟ ਦਾ ਹੱਲ: ਸਿੱਖ ਕਮਿਊਨਿਟੀ ਲਈ ਅਗਲੇ ਕਦਮ ਕੀ ਹੋਣ ?







ਅਮਰੀਕਾ ਵਿੱਚ ਪੰਜਾਬੀ ਸਿੱਖ ਟਰੱਕ ਡਰਾਈਵਰਾਂ ਨੂੰ ਇੱਕ ਘਾਤਕ ਹਾਦਸੇ ਕਾਰਨ ਵਧ ਰਹੀ ਨਜ਼ਰ ਅਤੇ ਹਰਾਸਮੈਂਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਫ਼ਲੋਰੀਡਾ ਵਿੱਚ ਹੋਏ ਇੱਕ ਟਰੱਕ ਹਾਦਸੇ ਨੇ ਪੂਰੀ ਕਮਿਊਨਿਟੀ ਨੂੰ ਨਿਸ਼ਾਨਾ ਬਣਾ ਦਿੱਤਾ ਹੈ, ਜਿਸ ਕਾਰਨ ਡਰਾਈਵਰ ਸੜਕਾਂ ’ਤੇ ਨਿਕਲਣ ਤੋਂ ਡਰ ਰਹੇ ਹਨ। ਇਸ ਹਾਦਸੇ ਵਿੱਚ ਇੱਕ ਭਾਰਤੀ ਟਰੱਕ ਡਰਾਈਵਰ ਹਰਜਿੰਦਰ ਸਿੰਘ ’ਤੇ ਤਿੰਨ ਲੋਕਾਂ ਦੀ ਮੌਤ ਦਾ ਦੋਸ਼ ਲੱਗਾ ਹੈ, ਜਿਸ ਨੇ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਡਰਾਈਵਿੰਗ ਲਾਇਸੈਂਸਾਂ ਨੂੰ ਲੈ ਕੇ ਸਿਆਸੀ ਬਹਿਸ ਛੇੜ ਦਿੱਤੀ ਹੈ। ਅਮਰੀਕਾ ਦੀ ਡਿਪਾਰਟਮੈਂਟ ਆਫ਼ ਹੋਮਲੈਂਡ ਸੈਕਿਊਰਿਟੀ (ਡੀਐਚਐਸ) ਨੇ ਕੈਲੀਫ਼ੋਰਨੀਆ ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਕਿਉਂਕਿ ਹਰਜਿੰਦਰ ਨੇ ਉੱਥੇ ਹੀ ਆਪਣਾ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ (ਸੀਡੀਐਲ) ਅਤੇ ਵਰਕ ਪਰਮਿਟ ਹਾਸਲ ਕੀਤਾ ਸੀ। ਇਸ ਘਟਨਾ ਨੇ ਪੰਜਾਬੀ ਡਰਾਈਵਰਾਂ ਵਿੱਚ ਡਰ ਪੈਦਾ ਕਰ ਦਿੱਤਾ ਹੈ, ਜੋ ਅਮਰੀਕੀ ਵਪਾਰ ਦੀ ਰੀੜ੍ਹ ਦੀ ਹੱਡੀ ਹਨ। ਲਗਭਗ 7 ਲੱਖ ਪੰਜਾਬੀ ਸਿੱਖ ਅਮਰੀਕਾ ਵਿੱਚ ਰਹਿੰਦੇ ਹਨ, ਜਿਨ੍ਹਾਂ ਵਿੱਚੋਂ 1.5 ਲੱਖ ਟਰੱਕਿੰਗ ਇੰਡਸਟਰੀ ਵਿੱਚ ਕੰਮ ਕਰਦੇ ਹਨ, ਜ਼ਿਆਦਾਤਰ ਪੱਛਮੀ ਕੰਢੇ ’ਤੇ।

**ਅਮਰੀਕਾ ਵਿੱਚ ਟਰੱਕ ਡਰਾਈਵਰਾਂ ਦੀ**



**ਸਮੱਸਿਆ ਅਤੇ ਸੰਕਟ ਕੀ ਹੈ ?**

ਅਮਰੀਕੀ ਟਰੱਕਿੰਗ ਇੰਡਸਟਰੀ ਵਿੱਚ ਪੰਜਾਬੀ ਸਿੱਖ ਡਰਾਈਵਰ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਹ ਲਾਸ ਐਂਜਲਸ ਪੋਰਟਾਂ ਤੋਂ ਭਾਰੀ ਭੇਜੂਮਲਾਂ ਨੂੰ ਪੂਰੇ ਦੇਸ਼ ਵਿੱਚ ਪਹੁੰਚਾਉਂਦੇ ਹਨ, ਜੋ ਵਾਲਮਾਰਟ, ਅਮੇਜ਼ਨ ਵਰਗੀਆਂ ਵੱਡੀਆਂ ਕੰਪਨੀਆਂ ਲਈ ਜ਼ਰੂਰੀ ਹੈ। ਪਰ ਫ਼ਲੋਰੀਡਾ ਹਾਦਸੇ ਤੋਂ ਬਾਅਦ ਉਹਨਾਂ ਨੂੰ ਵਧੀਆ ਨਿਗਰਾਨੀ ਅਤੇ ਹਰਾਸਮੈਂਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੁਮਿਤ ਸਿੰਘ ਵਰਗੇ ਡਰਾਈਵਰ, ਜੋ 15 ਸਾਲਾਂ ਤੋਂ ਇਸ ਵਪਾਰ ਵਿੱਚ ਹਨ, ਹੁਣ ਰਾਜ ਛੱਡਣ ਤੋਂ ਡਰਦੇ ਹਨ। ਉਹਨਾਂ ਦੇ ਵਟਸਐਪ ਗਰੁੱਪਾਂ ਵਿੱਚ ਹਰ ਰੋਜ਼ ਨਵੀਆਂ ਧਮਕੀਆਂ ਆ ਰਹੀਆਂ ਹਨ - ਤਿੰਨ ਸਹਿਯੋਗੀਆਂ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਫੜਿਆ ਹੈ। ਰਮਨ ਢਿੱਲੋਂ, ਨੌਰਥ ਅਮਰੀਕਾ ਪੰਜਾਬੀ ਟਰੱਕਿੰਗ ਐਸੋਸੀਏਸ਼ਨ ਦੇ ਸੀ.ਈ.ਓ., ਨੇ ਦੱਸਿਆ ਕਿ ਗੋਰੇ ਟਰੱਕਾਂ ’ਤੇ ਪਾਣੀ ਦੀਆਂ ਬੋਤਲਾਂ ਅਤੇ ਅੰਡੇ ਸੁੱਟ ਰਹੇ ਹਨ। ਬਲਦੇਵ ਕੰਗ, ਕਾਰਗੋ ਸੋਲੂਸ਼ਨਜ਼ ਐਕਸਪ੍ਰੈੱਸ ਦੇ ਡਾਇਰੈਕਟਰ, ਨੇ ਕਿਹਾ ਕਿ ਉਹਨਾਂ ਦੀ ਕੰਪਨੀ ਵਿੱਚ ਪੰਜ ਪੰਜਾਬੀ ਡਰਾਈਵਰਾਂ ਨੇ ਡਰ ਕਾਰਨ ਨੌਕਰੀ ਛੱਡ ਦਿੱਤੀ। ਇਹ ਸੰਕਟ ਸਿਰਫ਼ ਸਿੱਖਾਂ ਤੱਕ ਸੀਮਿਤ ਨਹੀਂ, ਸੋਮਾਲੀ ਅਤੇ ਮੈਕਸੀਕਨ ਡਰਾਈਵਰ ਵੀ ਡਰੇ ਹੋਏ ਹਨ। ਇੰਡਸਟਰੀ ਪਹਿਲਾਂ ਹੀ ਟੈਰਿਫ਼ ਤੇ ਮੰਦੀ ਕਾਰਨ ਸੁਸਤ ਹੋ ਚੁੱਕੀ ਹੈ, ਅਤੇ ਹੁਣ ਇਸ ਨਵੀਂ ਚੁਣੌਤੀ ਨੇ ਬਿਜ਼ਨਸ ਨੂੰ ਹੋਰ ਨੁਕਸਾਨ ਪਹੁੰਚਾਇਆ ਹੈ। ਡਰਾਈਵਰ ਇੰਟਰਸਟੇਟ ਰੂਟਾਂ ਤੋਂ ਬਚ ਰਹੇ ਹਨ ਅਤੇ ਲੋਕਲ ਨੌਕਰੀਆਂ ਨੂੰ ਤਰਜੀਹ ਦੇ ਰਹੇ ਹਨ। ਇਸ ਨਾਲ ਲੌਜਿਸਟਿਕਸ ਚੇਨ ਵਿੱਚ ਵਿਘਨ ਪੈ ਰਿਹਾ ਹੈ ਅਤੇ ਪੰਜਾਬੀ ਟਰੱਕਿੰਗ ਕਲਚਰ ‘ਜੋ ਭਾਰਤ ਅਤੇ ਉੱਤਰ ਅਮਰੀਕਾ ਵਿੱਚ ਡਰਾਈਵਰਾਂ ਦੀ ਜ਼ਿੰਦਗੀ ’ਤੇ ਅਧਾਰਿਤ ਪੰਜਾਬੀ ਗੀਤਾਂ ਤੱਕ ਫ਼ੈਲਿਆ ਹੈ’ ਖ਼ਤਰੇ ਵਿੱਚ ਹੈ।

### ਅਮਰੀਕਾ ਪਾਬੰਦੀਆਂ ਕਿਉਂ ਲਗਾ ਰਿਹੈ ਅਤੇ ਕੀ-ਕੀ ਪਾਬੰਦੀਆਂ ਲਗਾਈਆਂ ?

ਫ਼ਲੋਰੀਡਾ ਹਾਦਸਾ 12 ਅਗਸਤ 2025 ਨੂੰ ਵਾਪਰਿਆ, ਜਦੋਂ ਹਰਜਿੰਦਰ ਸਿੰਘ ਨੇ ਫ਼ਲੋਰੀਡਾ ਟਰਨਪਾਈਕ ’ਤੇ ਗ਼ੈਰ-ਕਾਨੂੰਨੀ ਯੂ-ਟਰਨ ਲਿਆ, ਜਿਸ ਨਾਲ ਉਸ ਦੇ ਟਰੱਕ ਦਾ ਟ੍ਰੇਲਰ ਰਾਹ ਵਿੱਚ ਆ ਗਿਆ ਅਤੇ ਇੱਕ ਮਿਨੀਵੈਨ ਨਾਲ ਟਕਰਾਅ ਹੋ ਗਿਆ। ਇਸ ਵਿੱਚ ਤਿੰਨ ਲੋਕ ਇੱਕ 37 ਸਾਲ ਦੀ ਔਰਤ, 54 ਸਾਲ ਦਾ ਮਰਦ ਅਤੇ 30 ਸਾਲ ਦਾ ਡਰਾਈਵਰ ਮਾਰੇ ਗਏ।

ਹਰਜਿੰਦਰ, ਜੋ 2018 ਵਿੱਚ ਮੈਕਸੀਕੋ ਰਾਹੀਂ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਆਇਆ ਸੀ, ਨੂੰ ਵੈਹਿਕੂਲਰ ਹੋਮੀਸਾਈਡ ਅਤੇ ਮੈਨਸਲਾਟਰ ਵਰਗੇ ਅਪਰਾਧਾਂ ਦੇ ਚਾਰਜਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਉਸ ਨੂੰ ਜ਼ਮਾਨਤ ਨਹੀਂ ਮਿਲੀ ਅਤੇ ਉਹ ਸੇਂਟ ਲੂਸੀ ਕਾਉਂਟੀ ਜੇਲ੍ਹ ਵਿੱਚ ਹੈ, ਜਿੱਥੇ ਉਸ ਨੂੰ 45 ਸਾਲ ਦੀ ਕੈਦ ਹੋ ਸਕਦੀ ਹੈ। ਡੀਐਚਐਸ ਨੇ ਖੁਲਾਸਾ ਕੀਤਾ ਕਿ ਉਸ ਨੇ ਵਾਸ਼ਿੰਗਟਨ ਅਤੇ ਕੈਲੀਫ਼ੋਰਨੀਆ ਵਿੱਚ ਸੀਡੀਐਲ ਹਾਸਲ ਕੀਤੇ, ਪਰ ਉਹ ਅੰਗਰੇਜ਼ੀ ਫ਼ਲੂਐਂਸੀ ਟੈਸਟ ਵਿੱਚ ਫੇਲ੍ਹ ਹੋ ਗਿਆ ਸੀ। ਟਰੰਪ ਪ੍ਰਸ਼ਾਸਨ ਨੇ ਇਸ ਨੂੰ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਸੁਰੱਖਿਆ ਨਾਲ ਜੋੜ ਕੇ ਪਾਬੰਦੀਆਂ ਲਗਾਈਆਂ। ਅਪ੍ਰੈਲ 2025 ਵਿੱਚ ਟਰੰਪ ਨੇ ਐਗਜ਼ੀਕਿਊਟਿਵ ਆਰਡਰ ਜਾਰੀ ਕੀਤਾ ਕਿ ਅੰਗਰੇਜ਼ੀ ਨਾ ਬੋਲਣ ਵਾਲੇ ਟਰੱਕਰ ਅਯੋਗ ਹਨ, ਕਿਉਂਕਿ ਉਹ ਟ੍ਰੈਫ਼ਿਕ ਸਾਈਨਾਂ ਨੂੰ ਨਾ ਸਮਝਣ ਕਾਰਨ ਖ਼ਤਰਨਾਕ ਹਨ। ਹਾਦਸੇ ਤੋਂ ਬਾਅਦ ਸੈਕ੍ਰੇਟਰੀ ਆਫ਼ ਸਟੇਟ ਮਾਰਕੋ ਰੂਬੀਓ ਨੇ ਵਿਦੇਸ਼ੀ ਵਰਕਰ ਵੀਜ਼ੇ ਫ਼੍ਰੀਜ਼ ਕਰ ਦਿੱਤੇ, ਜਿਸ ਨਾਲ ਕਮਰਸ਼ੀਅਲ ਟਰੱਕ ਡਰਾਈਵਰਾਂ ਲਈ ਨਵੇਂ ਵੀਜ਼ੇ ਰੁਕ ਗਏ।

## ਇਸ ਸੰਕਟ ਦਾ ਹੱਲ ਕੀ ਹੈ?

ਇਸ ਸੰਕਟ ਨੂੰ ਹੱਲ ਕਰਨ ਲਈ ਕਈ ਕਦਮ ਚੁੱਕਣੇ ਪੈਣਗੇ। ਪਹਿਲਾਂ ਤਾਂ ਸਿੱਖ ਅਡਵੋਕੇਸੀ ਗਰੁੱਪਾਂ ਜਿਵੇਂ ਸਿੱਖ ਕੋਲੀਸ਼ਨ ਅਤੇ ਨੌਰਥ ਅਮਰੀਕਾ ਪੰਜਾਬੀ ਟਰੱਕਿੰਗ ਐਸੋਸੀਏਸ਼ਨ ਨੂੰ ਅਮਰੀਕੀ ਹਕੂਮਤ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਉਹ ਕਹਿ ਰਹੇ ਹਨ ਕਿ ਇੱਕ ਵਿਅਕਤੀ ਦੀ ਗਲਤੀ ਨੂੰ ਪੂਰੀ ਕਮਿਊਨਿਟੀ ’ਤੇ ਨਹੀਂ ਥੋਪਿਆ ਜਾਣਾ ਚਾਹੀਦਾ। ਹਰਜਿੰਦਰ ਦੇ ਕੇਸ ਵਿੱਚ ਚੇਂਜ਼.ਆਰਗ ਵਰਗੇ ਪਲੇਟਫ਼ਾਰਮਾਂ ’ਤੇ 2.7 ਮਿਲੀਅਨ ਤੋਂ ਵੱਧ ਲੋਕਾਂ ਨੇ ਪਟੀਸ਼ਨ ਸਾਈਨ ਕੀਤੀ ਹੈ, ਜੋ ਦਿਖਾਉਂਦੀ ਹੈ ਕਿ ਕਮਿਊਨਿਟੀ ਇਕੱਠੀ ਹੋ ਰਹੀ ਹੈ। ਭਾਰਤ ਸਰਕਾਰ ਨੂੰ ਵੀ ਅੱਗੇ ਆਉਣਾ ਚਾਹੀਦਾ ਹੈ - ਸ਼੍ਰੋਮਣੀ ਅਕਾਲੀ ਦਲ ਦੀ ਐੱਮਪੀ ਹਰਸਿਮਰਤ ਕੌਰ ਬਾਦਲ ਨੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੂੰ ਚਿੱਠੀ ਲਿਖੀ ਹੈ ਕਿ ਹਰਜਿੰਦਰ ਨੂੰ ਕੌਂਸਲਰ ਐਕਸੈੱਸ ਮਿਲੇ ਅਤੇ ਵੀਜ਼ਾ ਫ਼੍ਰੀਜ਼ ਨੂੰ ਵਾਪਸ ਲਿਆ ਜਾਵੇ। ਇੰਡੀਅਨ ਅਧਿਕਾਰੀਆਂ ਨੂੰ ਕੈਲੀਫ਼ੋਰਨੀਆ ਨਾਲ ਮਿਲ ਕੇ ਲਾਇਸੈਂਸਿੰਗ ਪ੍ਰੋਸੈੱਸ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ, ਤਾਂ ਜੋ ਅੰਗਰੇਜ਼ੀ ਅਤੇ ਸੁਰੱਖਿਆ ਟੈਸਟਾਂ ਨੂੰ ਸਖ਼ਤ ਬਣਾਇਆ ਜਾਵੇ। ਡਰਾਈਵਰਾਂ ਨੂੰ ਆਪਣੇ ਅਧਿਕਾਰਾਂ ਬਾਰੇ ਜਾਗਰੂਕ ਕੀਤਾ ਜਾਵੇ ਅਤੇ ਵਕੀਲਾਂ ਨਾਲ ਜੁੜਨ ਵਾਲੀਆਂ ਸੰਸਥਾਵਾਂ ਨੂੰ ਮਜ਼ਬੂਤ ਕੀਤਾ ਜਾਵੇ। ਲੰਮੇ ਸਮੇਂ ਵਿੱਚ, ਅਮਰੀਕੀ ਹਕੂਮਤ ਨੂੰ ਇਮੀਗ੍ਰੇਂਟ ਵਰਕਰਾਂ ਲਈ ਫ਼ੇਅਰ ਵੀਜ਼ਾ ਪਾਲਿਸੀ ਬਣਾਉਣੀ ਚਾਹੀਦੀ ਹੈ, ਜੋ ਉਹਨਾਂ ਦੇ ਯੋਗਤਾ ਨੂੰ ਮਾਨਤਾ ਦੇਵੇ। ਸਿੱਖ ਕਮਿਊਨਿਟੀ ਨੂੰ ਆਪਣੇ ਟਰੱਕਿੰਗ ਨੈੱਟਵਰਕ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ, ਜਿਸ ਵਿੱਚ ਟਰੱਕ ਸਟੌਪ ਰੈਸਟੋਰੈਂਟਸ ਤੋਂ ਲੈ ਕੇ ਲੌਜਿਸਟਿਕਸ ਕੰਪਨੀਆਂ ਤੱਕ ਸ਼ਾਮਲ ਹਨ। ਇਹ ਸੰਕਟ ਤਕਨੀਕੀ ਤਰੱਕੀ ਨਾਲ ਵੀ ਹੱਲ ਹੋ ਸਕਦਾ ਹੈ, ਜਿਵੇਂ ਬਿਹਤਰ ਡੈਸ਼ਕੈਮ ਅਤੇ ਟ੍ਰੇਨਿੰਗ ਪ੍ਰੋਗਰਾਮ। ਜੇਕਰ ਇਹਨਾਂ ਕਦਮਾਂ ਨੂੰ ਅਪਣਾਇਆ ਗਿਆ ਤਾਂ ਪੰਜਾਬੀ ਡਰਾਈਵਰ ਫ਼ਿਰ ਸੁਰੱਖਿਅਤ ਅਤੇ ਮਾਣ ਨਾਲ ਸੜਕਾਂ ’ਤੇ ਵਾਪਸ ਆ ਸਕਣਗੇ।

# ਕੀ ਅਮਰੀਕਾ ਟੁੱਟਣ ਵਾਲਾ ਹੈ, ਇਹ ਟਰੰਪ ਦਾ ਆਖਰੀ ਰਾਜ ਹੋਵੇਗਾ?

## ਸੋਸ਼ਲ ਮੀਡੀਆ ’ਤੇ ਭਵਿੱਖਬਾਣੀ ਕਿਉਂ ਚੱਲ ਰਹੀ ਹੈ ➢ ਕੀ ਇਹ ਗੱਪ ਹੈ ਜਾਂ ਸੱਚ ? ➢ ਕੀ 1861 ਦੀ ਵੰਡ ਵਾਲਾ ਅਮਰੀਕਾ ਦਾ ਕਾਲਾ ਅਧਿਆਏ ਫਿਰ ਦੁਹਰਾਵੇਗਾ ?

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ, ਜੋ ਦੁਨੀਆ ਦਾ ਸਭ ਤੋਂ ਵੱਡੀ ਤਾਕਤ ਵਾਲਾ ਰਾਸ਼ਟਰ ਵਜੋਂ ਜਾਣਿਆ ਜਾਂਦਾ ਹੈ, ਅੱਜਕੱਲ੍ਹ ਸੋਸ਼ਲ ਮੀਡੀਆ ’ਤੇ ਇੱਕ ਅਜੀਬ ਭਵਿੱਖਬਾਣੀ ਦੇ ਚੱਕਰ ਵਿੱਚ ਘਿਰਿਆ ਹੋਇਆ ਹੈ। ਇਸ ਭਵਿੱਖਬਾਣੀ ਅਨੁਸਾਰ, ਅਮਰੀਕਾ ਜਲਦੀ ਹੀ ਦੋ ਹਿੱਸਿਆਂ ਵਿੱਚ ਵੰਡ ਜਾਵੇਗਾ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਦੇ ਆਖਰੀ ਰਾਸ਼ਟਰਪਤੀ ਬਣਨਗੇ। ਇਹ ਗੱਲ ਨਾ ਸਿਰਫ਼ ਟਵਿੱਟਰ (ਐੱਗਸ) ਤੇ ਫੇਸਬੁੱਕ ਵਰਗੀਆਂ ਪਲੇਟਫਾਰਮਾਂ ਤੇ ਵਾਇਰਲ ਹੋ ਰਹੀ ਹੈ, ਸਗੋਂ ਲੋਕ ਇਸ ਨੂੰ ਸਾਂਝਾ ਕਰਕੇ ਚਰਚਾ ਵੀ ਕਰ ਰਹੇ ਹਨ।

**ਭਵਿੱਖਬਾਣੀ ਦੀ ਉਪਜ ਪ੍ਰਗਯਾ ਮਿਸ਼ਰਾ ਜੋਤਸ਼ੀ ਦੀ**

ਇਹ ਸਭ ਚੱਲ ਰਹੀ ਭਵਿੱਖਬਾਣੀ ਇੱਕ ਭਾਰਤੀ ਜੋਤਸ਼ੀ ਅਤੇ ਵਾਸਤੂ ਵਿਸ਼ੇਸ਼ਜ ਪ੍ਰਗਯਾ ਮਿਸ਼ਰਾ ਨਾਲ ਜੁੜੀ ਹੋਈ ਹੈ। ਉਹ ਐਸਟ੍ਰੋਟਾਕ ਵਰਗੀਆਂ ਪਲੇਟਫਾਰਮਾਂ ’ਤੇ ਕੰਮ ਕਰਦੀ ਹੈ ਅਤੇ ਇੰਸਟਾਗ੍ਰਾਮ ’ਤੇ ਆਪਣੀਆਂ ਰਾਜਨੀਤਿਕ ਭਵਿੱਖਬਾਣੀਆਂ ਸਾਂਝੀ ਕਰਦੀ ਹੈ। ਉਹਨਾਂ ਨੇ ਕਿਹਾ ਹੈ ਕਿ ਡੋਨਾਲਡ ਟਰੰਪ ਯੂਨਾਈਟਿਡ ਸਟੇਟਸ ਆਫ਼ ਅਮਰੀਕਾ (ਯੂਐਸਏ) ਦੇ ਆਖਰੀ ਰਾਸ਼ਟਰਪਤੀ ਹੋਣਗੇ। ਜੁਲਾਈ 2027 ਤੱਕ, ਸੋਵੀਅਤ ਯੂਨੀਅਨ ਵਾਂਗ ਯੂ.ਐਸ.ਏ. ਵੀ ਟੁੱਟ ਜਾਵੇਗਾ। ਉਹਨਾਂ ਅਨੁਸਾਰ, ਦੋ ਜਾਂ ਤਿੰਨ ਰਾਜ ਵੱਖਰੇ ਹੋ ਜਾਣਗੇ, ਜਿਸ ਨਾਲ ਅਮਰੀਕਾ ਦੀ ਏਕਤਾ ਖਤਰੇ ਵਿੱਚ ਪੈ ਜਾਵੇਗੀ। ਇਹ ਵੀਡੀਓ ਅਤੇ ਪੋਸਟਾਂ ਨੇ ਸੋਸ਼ਲ ਮੀਡੀਆ ’ਤੇ ਹਫੜਾ-ਦਫੜੀ ਮਚਾ ਦਿੱਤੀ ਹੈ। ਲੋਕ ਕਮੈਂਟਸ ਵਿੱਚ ਲਿਖ ਰਹੇ ਹਨ ਕਿ ‘ਕੀ ਅਸੀਂ ਸਿਵਲ ਵਾਰ ਵੱਲ ਵਧ ਰਹੇ ਹਾਂ?’ ਜਾਂ ‘ਟਰੰਪ ਦੇ ਫ਼ੈਸਲੇ ਅਮਰੀਕਾ ਨੂੰ ਖਤਮ ਕਰ ਦੇਣਗੇ।’



**ਇਹ ਭਵਿੱਖਬਾਣੀ ਸੱਚ ਹੈ ਜਾਂ ਗੱਪ ?**

ਐਲਨ ਐੱਮ (ਐੱਲਐੱਮ) ਗ੍ਰੋਕ ਵਰਗੇ ਟੂਲਾਂ ਨੇ ਵੀ ਇਸ ਨੂੰ ਪ੍ਰਗਯਾ ਮਿਸ਼ਰਾ ਨਾਲ ਜੋੜਿਆ ਹੈ, ਪਰ ਉਹਨਾਂ ਨੇ ਸਪੱਸ਼ਟ ਕੀਤਾ ਕਿ ਉਹਨਾਂ ਦੀਆਂ ਜ਼ਿਆਦਾਤਰ ਭਵਿੱਖਬਾਣੀਆਂ ਭਵਿੱਖਮੁਖੀ ਹਨ, ਜਿਵੇਂ 2027 ਵਿੱਚ ਅਮਰੀਕਾ ਦਾ ਟੁੱਟਣਾ ਜਾਂ ਭਾਰਤ ਦਾ ਯੂਐੱਨਐੱਸਸੀ ਮੈਂਬਰ ਬਣਨਾ। ਹਾਲਾਂਕਿ, ਖੋਜ ਵਿੱਚ ਉਹਨਾਂ ਦੀ ਕੋਈ ਵੀ ਭਵਿੱਖਬਾਣੀ ਪੂਰੀ ਤਰ੍ਹਾਂ ਸੱਚ ਨਹੀਂ ਨਿਕਲੀ। ਫਿਰ ਵੀ, ਇਹ ਗੱਲਾਂ ਲੋਕਾਂ ਨੂੰ ਆਕਰਸ਼ਿਤ ਕਰ ਰਹੀਆਂ ਹਨ, ਕਿਉਂਕਿ ਅਮਰੀਕਾ ਪਹਿਲਾਂ ਹੀ ਟਰੰਪ ਦੀਆਂ ਨੀਤੀਆਂ ਕਾਰਨ ਡਗਮਗਾ ਰਿਹਾ ਹੈ। ਟਰੰਪ ਦੇ ਟੈਰਿਫ਼ ਵਰਗੇ ਫ਼ੈਸਲਿਆਂ ਨੇ ਵਿਸ਼ਵ ਵਿੱਚ ਵਪਾਰਕ ਤਣਾਅ ਵਧਾ ਦਿੱਤਾ ਹੈ। ਇਹ ਫ਼ੈਸਲੇ ਨਾ ਸਿਰਫ਼ ਵਿਸ਼ਵ ਨੂੰ ਪ੍ਰਭਾਵਿਤ ਕਰ ਰਹੇ ਹਨ, ਸਗੋਂ ਅਮਰੀਕੀ ਅੰਦਰੂਨੀ ਏਕਤਾ ਨੂੰ ਵੀ ਚੁਣੌਤੀ ਦੇ ਰਹੇ ਹਨ।

ਐਕਸ ਤੇ ਲੋਕ ਲਿਖ ਰਹੇ ਹਨ ਕਿ ‘ਅਮਰੀਕਾ ਪਹਿਲਾਂ ਹੀ ਦੋ ਦੇਸ਼ ਬਣ ਗਿਆ ਹੈ - ਇੱਕ ਪਾਸੇ ਟਰੰਪ ਦੇ ਸਮਰਥਕ, ਦੂਜੇ ਪਾਸੇ ਲੋਕਤੰਤਰ ਦੇ ਹਮਾਇਤੀ।’ ਇੱਕ ਯੂਜ਼ਰ ਨੇ ਲਿਖਿਆ, ‘ਟਰੰਪ ਦੇ ਫ਼ੈਸਲੇ ਨਾਲ ਅਮਰੀਕਾ ਰੂਸ ਅਤੇ ਚੀਨ ਵਰਗੀਆਂ ਤਾਕਤਾਂ ਨਾਲ ਟਕਰਾਅ ਵਿੱਚ ਘਿਰਿਆ ਹੋਇਆ ਹੈ, ਜੋ ਇਸ ਨੂੰ ਵੰਡ ਦੇ ਕਿਨਾਰੇ ਤੇ ਲੈ ਜਾ ਰਿਹਾ ਹੈ।’ ਹੋਰ ਇੱਕ ਪੋਸਟ ਵਿੱਚ ਕਿਹਾ ਗਿਆ, ‘ਬਲੂ ਸਟੇਟਸ (ਡੈਮੋਕਰੈਟਿਕ ਰਾਜ) ਆਪਣੇ ਫੈਕਟਰੀਆਂ ਅਤੇ ਪੋਰਟਾਂ ਨਾਲ ਵੱਖ ਹੋ ਜਾਣਗੇ ਅਤੇ ਰੈੱਡ ਸਟੇਟਸ (ਰਿਪਬਲਿਕਨ ਰਾਜ) ਖ਼ੁਦ ਨੂੰ ਬਚਾਉਣ ਦੀ ਕੋਸ਼ਿਸ਼ ਕਰਨਗੇ। ਇਹ ਦੂਜਾ ਸਿਵਲ ਵਾਰ ਹੋ ਸਕਦਾ ਹੈ।’

ਇਹ ਚਰਚਾ ਨਾ ਸਿਰਫ਼ ਅਮਰੀਕੀਆਂ ਵਿੱਚ ਡਰ ਪੈਦਾ ਕਰ ਰਹੀ ਹੈ, ਸਗੋਂ ਵਿਦੇਸ਼ੀ ਲੋਕ ਵੀ ਇਸ ਵਿੱਚ ਸ਼ਾਮਲ ਹੋ ਰਹੇ ਹਨ। ਇੱਕ ਰਿਪੋਰਟ ਅਨੁਸਾਰ, ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਅਮਰੀਕਾ ਵਿੱਚ ਧਾਰਮਿਕ ਵੰਡ ਵੀ ਵਧੀ ਹੈ - ਇੱਕ ਪਾਸੇ ਸੈਕੂਲਰ (ਧਰਮ ਨਿਰਪੱਖ),ਈਵਾਂਜੈਲੀਕਲ ਖ਼ਰੀਸ਼ਤੀਆਨ ਲੋਕ, ਦੂਜੇ ਪਾਸੇ ਕੈਥਲਿਕ ਅਤੇ ਮੁਸਲਿਮ। ਇਹ ਵੰਡ ਰੰਗ, ਜਾਤੀ ਜਾਂ ਵਰਗ ਨਾਲ ਨਹੀਂ, ਸਗੋਂ ਵਿਸ਼ਵਾਸ ਨਾਲ ਜੁੜੀ ਹੋਈ ਹੈ।

**ਅਮਰੀਕਾ ਦਾ ਇਤਿਹਾਸ: ਪਹਿਲਾਂ ਵੀ ਹੋ ਚੁੱਕੀ ਹੈ ਵੰਡ**

ਇਹ ਪਹਿਲੀ ਵਾਰ ਨਹੀਂ ਜਦੋਂ ਅਮਰੀਕਾ ਨੂੰ ਟੁੱਟਣ ਦੀ ਗੱਲ ਹੋ ਰਹੀ ਹੈ।

(ਬਾਕੀ ਸਫ਼ਾ 26 ’ਤੇ)


**ਦਰਪਣ ਝੂਠ ਨਹੀਂ ਬੋਲਦਾ**

# ਸੁਪਰੀਮ ਕੋਰਟ ਦਾ ਇਤਿਹਾਸਕ ਫ਼ੈਸਲਾ: ਅਨੰਦ ਕਾਰਜ ਰਜਿਸਟ੍ਰੇਸ਼ਨ ਲਈ ਨਿਯਮ ਜਾਰੀ

## ਸਿੱਖ ਵਿਆਹਾਂ ਨੂੰ ਮਿਲੇਗੀ ਕਾਨੂੰਨੀ ਮਾਨਤਾ: ਚਾਰ ਮਹੀਨਿਆਂ ਵਿੱਚ ਨਿਯਮ ਬਣਾਉਣ ਦੇ ਹੁਕਮ

ਬੀਤੇ ਦਿਨੀਂ ਸੁਪਰੀਮ ਕੋਰਟ ਨੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਹੁਕਮ ਦਿੱਤਾ ਹੈ ਕਿ ਉਹ ਚਾਰ ਮਹੀਨਿਆਂ ਦੇ ਅੰਦਰ 'ਅਨੰਦ ਕਾਰਜ' ਵਿਆਹਾਂ ਦੀ ਰਜਿਸਟ੍ਰੇਸ਼ਨ ਲਈ ਨਿਯਮ ਬਣਾ ਕੇ ਨੋਟੀਫ਼ਾਈ ਕਰਨ। ਇਹ ਫ਼ੈਸਲਾ ਨਾ ਸਿਰਫ਼ ਸਿੱਖ ਭਾਈਚਾਰੇ ਦੀ ਧਾਰਮਿਕ ਪਛਾਣ ਨੂੰ ਮਾਨਤਾ ਦਿੰਦਾ ਹੈ, ਬਲਕਿ ਨਾਗਰਿਕ ਬਰਾਬਰੀ ਨੂੰ ਵੀ ਯਕੀਨੀ ਬਣਾਉਂਦਾ ਹੈ। ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੇ ਆਪਣੇ 4 ਸਤੰਬਰ ਨੂੰ ਪਾਸ ਕੀਤੇ ਹੁਕਮ ਵਿੱਚ ਕਿਹਾ ਸੀ ਕਿ ਜਦੋਂ ਕਾਨੂੰਨ ਅਨੰਦ ਕਾਰਜ ਨੂੰ ਵਿਆਹ ਦੇ ਕਾਨੂੰਨੀ ਰੂਪ ਵਜੋਂ ਮਾਨਤਾ ਦਿੰਦਾ ਹੈ, ਪਰ ਰਜਿਸਟ੍ਰੇਸ਼ਨ ਲਈ ਕੋਈ ਨਿਯਮ ਨਹੀਂ ਬਣਾਉਂਦਾ, ਤਾਂ ਇਹ ਵਾਅਦਾ ਅੱਧਾ-ਅਧੂਰਾ ਹੀ ਨਿਭਾਇਆ ਜਾਂਦਾ ਹੈ।

ਇਹ ਮਾਮਲਾ ਇੱਕ ਪਬਲਿਕ ਇੰਟਰੈਸਟ ਲਿਟੀਗੇਸ਼ਨ (ਪੀ.ਆਈ.ਐਲ.) 'ਤੇ ਸੁਣਵਾਈ ਦੌਰਾਨ ਉੱਭਰਿਆ, ਜਿਸ ਨੂੰ ਅਮਨਜੋਤ ਸਿੰਘ ਨੇ ਫ਼ਾਈਲ ਕੀਤਾ ਸੀ। ਅਮਨਜੋਤ ਸਿੰਘ, ਜੋ ਖੁਦ ਇੱਕ ਸਿੱਖ ਨਾਗਰਿਕ ਹਨ, ਨੇ ਆਰਟੀਕਲ 32 ਅਧੀਨ ਇਹ ਪਟੀਸ਼ਨ ਦਰਜ ਕੀਤੀ ਸੀ। ਉਹਨਾਂ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਅਨੰਦ ਮੈਰੇਜ ਐਕਟ, 1909 (2013 ਵਿੱਚ ਸੋਧਿਆ ਹੋਇਆ) ਦੀ ਧਾਰਾ 6 ਅਧੀਨ ਰਜਿਸਟ੍ਰੇਸ਼ਨ ਲਈ ਨਿਯਮ ਬਣਾਉਣ ਦੀ ਜ਼ਿੰਮੇਵਾਰੀ ਸੂਬਾ ਸਰਕਾਰਾਂ 'ਤੇ ਹੈ, ਪਰ ਬਹੁਤੇ ਸੂਬਿਆਂ ਵਿੱਚ ਇਹ ਨਹੀਂ ਹੋਇਆ। ਨਤੀਜੇ ਤੌਰ 'ਤੇ ਸਿੱਖ ਜੋੜਿਆਂ ਨੂੰ ਹੋਰ ਵਿਆਹਾਂ ਵਾਂਗ ਰਜਿਸਟ੍ਰੇਸ਼ਨ ਵਿੱਚ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਪਟੀਸ਼ਨ ਵਿੱਚ ਕਿਹਾ ਗਿਆ ਸੀ ਕਿ ਕੁਝ ਸੂਬਿਆਂ ਜਿਵੇਂ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਨਿਯਮ ਬਣੇ ਹੋਏ ਹਨ, ਪਰ ਬਾਕੀ 17 ਸੂਬਿਆਂ ਅਤੇ 7 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਅਜੇ ਵੀ ਇਹ ਕਾਨੂੰਨ ਅੱਧਾ-ਅਧੂਰਾ ਹੈ। ਅਮਨਜੋਤ ਨੇ ਪਹਿਲਾਂ ਉੱਤਰਾਖੰਡ ਹਾਈਕੋਰਟ ਵਿੱਚ ਵੀ ਇਹ ਮਾਮਲਾ ਉਠਾਇਆ ਸੀ, ਜਿਥੇ ਕੋਰਟ ਨੇ ਸੂਬਾ ਨੂੰ ਨਿਯਮ ਬਣਾਉਣ ਦੇ ਹੁਕਮ ਦਿੱਤੇ ਸਨ, ਪਰ ਕੇਂਦਰੀ ਪੱਧਰ 'ਤੇ ਇਹ ਸਮੱਸਿਆ ਜਾਰੀ ਸੀ।



ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ ਵਿੱਚ ਸਪੱਸ਼ਟ ਕੀਤਾ ਕਿ ਧਾਰਾ 6 ਇੱਕ ਸਕਾਰਾਤਮਕ ਫ਼ਰਜ਼ ਨਿਰਧਾਰਤ ਕਰਦੀ ਹੈ, ਜਿਸ ਅਧੀਨ ਹਰੇਕ ਸੂਬੇ ਨੂੰ ਅਨੰਦ ਕਾਰਜ ਵਿਆਹਾਂ ਲਈ ਰਜਿਸਟ੍ਰੇਸ਼ਨ ਮਸ਼ੀਨਰੀ ਬਣਾਉਣੀ ਪਵੇਗੀ। ਬੈਂਚ ਨੇ ਕਿਹਾ, 'ਇੱਕ ਧਰਮ ਨਿਰਪੱਖ ਗਣਰਾਜ ਵਿੱਚ ਰਾਜ ਨੂੰ ਕਿਸੇ ਨਾਗਰਿਕ ਦੀ ਆਸਥਾ ਵਿੱਚ ਰੁਕਾਵਟ ਨਹੀਂ ਬਣਨਾ ਚਾਹੀਦਾ।' ਫ਼ੈਸਲੇ ਅਨੁਸਾਰ, ਜਦੋਂ ਤੱਕ ਨਿਯਮ ਨੋਟੀਫ਼ਾਈ ਨਹੀਂ ਹੁੰਦੇ, ਤੱਕ ਸਾਰੇ ਸੂਬੇ ਅਤੇ ਯੂਟੀਆਂ ਨੂੰ ਮੌਜੂਦਾ ਵਿਆਹ ਰਜਿਸਟ੍ਰੇਸ਼ਨ ਢਾਂਚੇ ਅਧੀਨ ਅਨੰਦ ਕਾਰਜ ਵਿਆਹਾਂ ਨੂੰ ਬਿਨਾਂ ਵਿਤਕਰੇ ਰਜਿਸਟਰ ਕਰਨਾ ਹੋਵੇਗਾ। ਜੇਕਰ ਜੋੜਾ ਚਾਹੇ ਤਾਂ ਸਰਟੀਫ਼ਿਕੇਟ ਵਿੱਚ 'ਅਨੰਦ ਕਾਰਜ' ਗੀਤ ਨੂੰ ਵੀ ਲਿਖਿਆ ਜਾਵੇ। ਇਹ ਅੰਤਰਿਮ ਉਪਾਅ ਹਨ ਜੋ ਰਜਿਸਟ੍ਰੇਸ਼ਨ ਨੂੰ ਰੋਕ ਨਹੀਂ ਸਕਦੇ।

ਇਸ ਫ਼ੈਸਲੇ ਨਾਲ ਸਿੱਖ ਭਾਈਚਾਰੇ ਨੂੰ ਵੱਡੇ ਅਧਿਕਾਰ ਮਿਲਣਗੇ। ਪਹਿਲਾਂ ਅਨੰਦ ਕਾਰਜ ਵਿਆਹਾਂ ਨੂੰ ਕਾਨੂੰਨੀ ਮਾਨਤਾ ਤਾਂ ਮਿਲੀ ਹੋਈ ਸੀ, ਪਰ ਰਜਿਸਟ੍ਰੇਸ਼ਨ ਨਾ ਹੋਣ ਕਾਰਨ ਜੋੜਿਆਂ ਨੂੰ ਵਸੋਂ, ਵਿਰਾਸਤ, ਬੀਮੇ, ਵਜ਼ੀਫ਼ੇ ਅਤੇ ਹੋਰ ਨਾਗਰਿਕ ਅਧਿਕਾਰਾਂ ਲਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ ਇਹ ਵਿਆਹ ਹੋਰ ਵਿਆਹਾਂ ਵਾਂਗ ਪੂਰੀ ਤਰ੍ਹਾਂ ਪ੍ਰਮਾਣਿਤ ਹੋਣਗੇ, ਜੋ ਖਾਸ ਕਰਕੇ ਔਰਤਾਂ ਅਤੇ ਬੱਚਿਆਂ ਦੇ ਹੱਕਾਂ ਨੂੰ ਸੁਰੱਖਿਅਤ ਕਰੇਗਾ। ਬੈਂਚ ਨੇ ਜ਼ੋਰ ਦਿੱਤਾ ਕਿ ਰਜਿਸਟ੍ਰੇਸ਼ਨ ਨਾ ਹੋਣ ਨਾਲ ਵਿਆਹ ਗੈਰ ਕਾਨੂੰਨੀ ਨਹੀਂ ਹੁੰਦਾ, ਪਰ ਸਰਟੀਫ਼ਿਕੇਟ ਨਾ ਹੋਣ ਨਾਲ ਨਾਗਰਿਕ ਜੀਵਨ ਵਿੱਚ ਅਨਿਆਂ ਹੁੰਦਾ ਹੈ। ਇਹ ਫ਼ੈਸਲਾ ਸਿੱਖ ਰੀਤੀ-ਰਿਵਾਜ ਨੂੰ ਸੰਵਿਧਾਨਕ ਸੁਰੱਖਿਆ ਦਿੰਦਾ ਹੈ ਅਤੇ ਭਵਿੱਖੀ ਪੀੜ੍ਹੀਆਂ ਨੂੰ ਆਪਣੇ ਧਾਰਮਿਕ ਵਿਆਹ ਨੂੰ ਰਜਿਸਟਰ ਕਰਨ ਦਾ ਅਧਿਕਾਰ ਦਿੰਦਾ ਹੈ।

ਫ਼ੈਸਲੇ ਨੂੰ ਲਾਗੂ ਕਰਨ ਲਈ ਕੋਰਟ ਨੇ ਵਿਸ਼ੇਸ਼ ਨਿਰਦੇਸ਼ ਵੀ ਜਾਰੀ ਕੀਤੇ ਹਨ। ਹਰੇਕ ਸੂਬੇ ਅਤੇ ਯੂ. ਟੀ. ਵਿੱਚ ਸੈਕਟਰੀ ਪੱਧਰੀ ਨੋਡਲ ਅਧਿਕਾਰੀ ਨਿਯੁਕਤ ਕੀਤੇ ਜਾਣ। ਕੇਂਦਰ ਸਰਕਾਰ ਨੂੰ ਕੋਆਰਡੀਨੇਟਿੰਗ ਅਥਾਰਟੀ ਬਣਾਇਆ ਗਿਆ ਹੈ, ਜੋ ਦੋ ਮਹੀਨਿਆਂ ਵਿੱਚ ਮਾਡਲ ਨਿਯਮ ਤਿਆਰ ਕਰਕੇ ਸੂਬਿਆਂ ਨੂੰ ਭੇਜੇਗੀ। ਛੇ ਮਹੀਨਿਆਂ ਵਿੱਚ ਕੇਂਦਰ ਨੂੰ ਰਿਪੋਰਟ ਕੋਰਟ ਵਿੱਚ ਦੇਣੀ ਹੋਵੇਗੀ ਅਤੇ ਇਹ ਰਿਪੋਰਟ ਵੀ ਕਾਨੂੰਨ ਮੰਤਰਾਲੇ ਦੀ ਵੈੱਬਸਾਈਟ 'ਤੇ ਅਪਲੋਡ ਕਰਨੀ ਹੋਵੇਗੀ। ਖਾਸ ਤੌਰ 'ਤੇ ਗੋਆ, ਦਮਣ-ਦੀਵ ਅਤੇ ਸਿੱਕਮ ਵਰਗੇ ਪ੍ਰਦੇਸ਼ਾਂ ਲਈ ਅੰਤਰੀਮ ਰਜਿਸਟ੍ਰੇਸ਼ਨ ਨੂੰ ਜ਼ਰੂਰੀ ਬਣਾਇਆ ਗਿਆ ਹੈ। ਕੋਰਟ ਨੇ ਚਿਤਾਵਨੀ ਵੀ ਦਿੱਤੀ ਕਿ ਨਿਯਮ ਨਾ ਹੋਣ ਕਾਰਨ ਕੋਈ ਅਰਜ਼ੀ ਰੱਦ ਨਹੀਂ ਕੀਤੀ ਜਾ ਸਕਦੀ।

ਜੇਕਰ ਸੂਬੇ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਜਲਦੀ ਅਮਲ ਵਿੱਚ ਲਿਆਉਂਦੇ ਹਨ, ਤਾਂ ਲੱਖਾਂ ਸਿੱਖਾਂ ਨੂੰ ਰਾਹਤ ਮਿਲੇਗੀ।

# ਅ਼ਫਗਾਨਿਸਤਾਨ ਯੂਨੀਵਰਸਿਟੀਆਂ ਵਿੱਚ ਔਰਤਾਂ ਦੀਆਂ ਕਿਤਾਬਾਂ 'ਤੇ ਪਾਬੰਦੀ

## ਔਰਤਾਂ ਨਾਲ ਜੁੜੇ ਵਿਸ਼ੇ ਖਤਮ, ਸਿੱਖਿਆ 'ਤੇ ਵੱਡਾ ਸੱਟ ਵੱਜੀ

## ਇਰਾਨੀ ਸਾਹਿਤ 'ਤੇ ਵੀ ਰੋਕ, ਅ਼ਫਗਾਨ ਸੱਭਿਆਚਾਰ ਨੂੰ ਖ਼ਤਰਾ

ਅ਼ਫਗਾਨਿਸਤਾਨ 'ਚ ਤਾਲਿਬਾਨ ਸਰਕਾਰ ਨੇ ਇੱਕ ਵਾਰ ਫ਼ਿਰ ਔਰਤਾਂ ਵਿਰੁੱਧ ਸਖ਼ਤ ਕਦਮ ਚੁੱਕਦਿਆਂ ਯੂਨੀਵਰਸਿਟੀਆਂ ਵਿੱਚ ਔਰਤਾਂ ਵੱਲੋਂ ਲਿਖੀਆਂ ਕਿਤਾਬਾਂ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਫ਼ੈਸਲਾ 19 ਸਤੰਬਰ 2025 ਤੋਂ ਲਾਗੂ ਹੋ ਗਿਆ ਹੈ, ਜਿਸ ਨਾਲ ਅ਼ਫਗਾਨ ਸਿੱਖਿਆ ਪ੍ਰਣਾਲੀ 'ਤੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ।

ਤਾਲਿਬਾਨ ਦੇ ਉੱਚ ਸਿੱਖਿਆ ਮੰਤਰਾਲੇ ਦੇ ਡਿਪਟੀ ਡਾਇਰੈਕਟਰ ਜਿਆਉਰ ਰਹਿਮਾਨ ਆਰਿਊਬੀ ਨੇ ਕਿਹਾ ਕਿ ਇਹ ਫ਼ੈਸਲਾ 'ਧਾਰਮਿਕ ਵਿਦਵਾਨਾਂ ਅਤੇ ਮਾਹਿਰਾਂ' ਦੀ ਸਲਾਹ ਨਾਲ ਲਿਆ ਗਿਆ ਹੈ। ਇਸ ਨਾਲ ਨਾ ਸਿਰਫ਼ ਔਰਤਾਂ ਦੀਆਂ 140 ਕਿਤਾਬਾਂ ਸਮੇਤ ਕੁੱਲ 680 ਕਿਤਾਬਾਂ 'ਤੇ ਰੋਕ ਲੱਗੀ ਹੈ, ਸਗੋਂ 18 ਵਿਸ਼ਿਆਂ ਨੂੰ ਵੀ ਸਿਲੇਬਸ ਵਿਚੋਂ ਹਟਾਇਆ ਗਿਆ ਹੈ, ਜਿਨ੍ਹਾਂ ਵਿਚੋਂ 6 ਖਾਸ ਤੌਰ 'ਤੇ ਔਰਤਾਂ ਨਾਲ ਸਬੰਧਿਤ ਸਨ।

ਤਾਲਿਬਾਨ ਦਾ ਇਹ ਫ਼ੈਸਲਾ ਔਰਤਾਂ ਦੇ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ। ਇਨ੍ਹਾਂ 680 ਕਿਤਾਬਾਂ ਨੂੰ 'ਸ਼ਰੀਆ ਵਿਰੋਧੀ' ਅਤੇ ਤਾਲਿਬਾਨ ਦੀਆਂ ਨੀਤੀਆਂ ਦੇ ਖ਼ਿਲਾਫ਼ ਦੱਸਿਆ ਗਿਆ ਹੈ। ਇਨ੍ਹਾਂ ਵਿਚੋਂ 140 ਕਿਤਾਬਾਂ ਔਰਤਾਂ ਵੱਲੋਂ ਲਿਖੀਆਂ ਗਈਆਂ ਸਨ, ਜਿਨ੍ਹਾਂ ਵਿੱਚ ਮਨੁੱਖੀ ਅਧਿਕਾਰ, ਯੌਨ ਸ਼ੋਸ਼ਣ ਅਤੇ




ਸਮਾਜਿਕ ਮੁੱਦਿਆਂ 'ਤੇ ਚਰਚਾ ਸੀ। ਇਸ ਤੋਂ ਇਲਾਵਾ, ਤਾਲਿਬਾਨ ਨੇ ਜਿਨ੍ਹਾਂ 18 ਵਿਸ਼ਿਆਂ ਨੂੰ ਬੰਦ ਕਰਨ ਦਾ ਹੁਕਮ ਦਿੱਤਾ ਸੀ, ਉਨ੍ਹਾਂ ਵਿੱਚ ਜੈਂਡਰ ਅਤੇ ਡਿਵੈਲਪਮੈਂਟ, ਔਰਤਾਂ ਦੀ ਸਮਾਜ ਸ਼ਾਸਤਰ ਅਤੇ ਸੰਚਾਰ ਵਿੱਚ ਔਰਤਾਂ ਦੀ ਭੂਮਿਕਾ ਵਰਗੇ ਵਿਸ਼ੇ ਸ਼ਾਮਲ ਸਨ। ਪਹਿਲਾਂ ਹੀ ਔਰਤਾਂ ਦੀ ਸਿੱਖਿਆ 'ਤੇ ਪੂਰਨ ਪਾਬੰਦੀ, ਬਿਨਾਂ ਪਤੀ ਦੇ ਬਾਹਰ ਜਾਣ 'ਤੇ ਰੋਕ ਅਤੇ ਡਰਾਈਵਿੰਗ 'ਤੇ ਮਨਾਹੀ ਵਰਗੇ ਸਖ਼ਤ ਕਦਮ ਚੁੱਕੇ ਜਾ ਚੁੱਕੇ ਹਨ।

ਸਾਬਕਾ ਉਪ ਨਿਆਂ ਮੰਤਰੀ ਜਕੀਆ ਅਦੇਲੀ ਨੇ ਇਸ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ, 'ਜਦੋਂ ਔਰਤਾਂ ਨੂੰ ਪੜ੍ਹਨ ਦੀ ਆਗਿਆ ਨਹੀਂ, ਤਾਂ ਉਨ੍ਹਾਂ ਦੇ ਵਿਚਾਰ ਅਤੇ ਲਿਖਤਾਂ ਨੂੰ ਦਬਾਉਣਾ ਕੋਈ ਹੈਰਾਨੀਜਨਕ ਨਹੀਂ। ਤਾਲਿਬਾਨ ਦੀ ਸੋਚ ਸਿੱਧੇ ਤੌਰ 'ਤੇ ਔਰਤ ਵਿਰੋਧੀ ਹੈ।'

ਕਾਬੁਲ ਯੂਨੀਵਰਸਿਟੀ ਦੇ ਪ੍ਰੋਫ਼ੈਸਰਾਂ ਨੇ ਦੱਸਿਆ ਕਿ ਇਸ ਪਾਬੰਦੀ ਨੇ ਉਨ੍ਹਾਂ ਦੇ ਸਾਹਮਣੇ ਵੱਡੀ ਸਮੱਸਿਆ ਖੜ੍ਹੀ ਕਰ ਦਿੱਤੀ ਹੈ। ਹੁਣ ਉਨ੍ਹਾਂ ਨੂੰ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਖੁਦ ਹੀ ਪਾਠ ਸਮੱਗਰੀ ਤਿਆਰ ਕਰਨੀ ਪੈ ਰਹੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਰਾਨੀ ਸਾਹਿਤ ਅਤੇ ਖੋਜ ਵਿਸ਼ਵ-ਵਿਆਪੀ ਗਿਆਨ ਦਾ ਅਹਿਮ ਹਿੱਸਾ ਹੈ ਅਤੇ ਇਸ 'ਤੇ ਰੋਕ ਨਾਲ ਸਿੱਖਿਆ 'ਚ ਵੱਡਾ ਖਾਲੀਪਣ ਪੈਦਾ ਹੋਵੇਗਾ। ਅਧਿਆਪਕਾਂ ਨੂੰ ਨਵੀਂ ਸਮੱਗਰੀ ਤਿਆਰ ਕਰਨ ਵਿੱਚ ਸਮਾਂ ਅਤੇ ਸਰੋਤਾਂ ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਨਾਲ ਸਿੱਖਿਆ ਦੀ ਗੁਣਵੱਤਾ 'ਤੇ ਵੀ ਅਸਰ ਪਵੇਗਾ।

# ਫ਼ਲਸਤੀਨ ਨੂੰ ਬ੍ਰਿਟੇਨ, ਕੈਨੇਡਾ ਤੇ ਆਸਟ੍ਰੇਲੀਆ ਨੇ ਮਾਨਤਾ ਦਿਤੀ

## ਅਮਰੀਕਾ ਨੇ ਚੁੱਪ ਵੱਟੀ, ਇਜ਼ਰਾਈਲ ਹੋਇਆ ਨਾਰਾਜ਼

## ਫ਼ਲਸਤੀਨ ਨੂੰ ਸਿਆਸੀ ਮਜ਼ਬੂਤੀ ਮਿਲੀ ਪਰ ਜ਼ਮੀਨੀ ਚੁਣੌਤੀਆਂ ਬਰਕਰਾਰ

ਬ੍ਰਿਟੇਨ, ਕੈਨੇਡਾ ਅਤੇ ਆਸਟ੍ਰੇਲੀਆ ਨੇ ਫ਼ਲਸਤੀਨ ਨੂੰ ਸੁਤੰਤਰ ਦੇਸ਼ ਵਜੋਂ ਮਾਨਤਾ ਦੇ ਕੇ ਅੰਤਰਰਾਸ਼ਟਰੀ ਸਿਆਸਤ ਵਿੱਚ ਇੱਕ ਵੱਡਾ ਮੋੜ ਲਿਆਂਦਾ ਹੈ। ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਪਿਛਲੇ ਦਿਨੀਂ ਐਲਾਨ ਕੀਤਾ ਸੀ ਕਿ ਇਹ ਕਦਮ ਫ਼ਲਸਤੀਨ ਅਤੇ ਇਜ਼ਰਾਇਲ ਵਿਚਕਾਰ ਸ਼ਾਂਤੀ ਅਤੇ ਦੋ-ਦੇਸ਼ ਹੱਲ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਹੈ। ਕੈਨੇਡਾ ਪਹਿਲਾਂ ਹੀ ਜੀ7 ਦੇਸ਼ਾਂ ਵਿੱਚੋਂ ਪਹਿਲਾ ਦੇਸ਼ ਬਣ ਚੁੱਕਾ ਸੀ ਜਿਸ ਨੇ ਫ਼ਲਸਤੀਨ ਨੂੰ ਮਾਨਤਾ ਦਿੱਤੀ, ਜਦਕਿ ਆਸਟ੍ਰੇਲੀਆ ਨੇ ਵੀ ਇਸ ਦੀ ਪੁਸ਼ਟੀ ਕੀਤੀ। ਇਸ ਫੈਸਲੇ ਨੇ ਫ਼ਲਸਤੀਨੀਆਂ ਦੀ ਸੁਤੰਤਰਤਾ ਦੀ ਉਮੀਦ ਨੂੰ ਨਵਾਂ ਜੀਵਨ ਦਿੱਤਾ ਹੈ, ਪਰ ਇਸ ਦੇ ਜ਼ਮੀਨੀ ਪ੍ਰਭਾਵ ਅਤੇ ਸਿਆਸੀ ਅਸਰ ਅਜੇ ਵੀ ਚਰਚਾ ਦਾ ਵਿਸ਼ਾ ਹਨ। ਫ਼ਲਸਤੀਨੀ ਵਿਦੇਸ਼ ਮੰਤਰੀ ਵਰਸੇਨ ਅਘਾਬੇਕੀਅਨ ਸ਼ਾਹੀਨ ਨੇ ਇਸ ਨੂੰ 'ਇਤਿਹਾਸਕ ਅਤੇ ਅਟੱਲ' ਕਦਮ ਕਰਾਰ ਦਿੱਤਾ, ਜੋ ਫ਼ਲਸਤੀਨ ਦੀ ਸੰਪ੍ਰਭੂਤਾ ਦੀ ਰਾਹ ਨੂੰ ਹੋਰ ਨੇੜੇ ਲਿਆਉਂਦਾ ਹੈ।

**ਪਹਿਲਾਂ ਕਿਹੜੇ ਦੇਸ਼ਾਂ ਨੇ ਦਿੱਤੀ ਸੀ ਮਾਨਤਾ?**

ਫ਼ਲਸਤੀਨ ਨੂੰ ਪਹਿਲਾਂ ਹੀ 139 ਦੇਸ਼ ਮਾਨਤਾ ਦੇ ਚੁੱਕੇ ਹਨ, ਜਿਨ੍ਹਾਂ ਵਿੱਚ ਸੰਯੁਕਤ ਰਾਸ਼ਟਰ ਦੇ 193 ਮੈਂਬਰ ਦੇਸ਼ਾਂ ਵਿੱਚੋਂ ਵੱਡੀ ਗਿਣਤੀ ਸ਼ਾਮਲ ਹੈ। ਇਨ੍ਹਾਂ ਵਿੱਚ ਸਵੀਡਨ, ਸਪੇਨ, ਨਾਰਵੇ, ਆਇਰਲੈਂਡ ਅਤੇ



ਕਈ ਅਰਬ ਅਤੇ ਅਫਰੀਕੀ ਦੇਸ਼ ਸ਼ਾਮਲ ਹਨ। ਸੰਯੁਕਤ ਰਾਸ਼ਟਰ ਵਿੱਚ ਫ਼ਲਸਤੀਨ ਨੂੰ 2012 ਤੋਂ 'ਗੈਰ-ਮੈਂਬਰ ਨਿਰੀਖਕ ਦੇਸ਼' ਦਾ ਦਰਜਾ ਮਿਲਿਆ ਹੋਇਆ ਹੈ। ਪਰ, ਪੱਛਮੀ ਦੇਸ਼ਾਂ ਵਿੱਚੋਂ ਜ਼ਿਆਦਾਤਰ, ਖ਼ਾਸ ਕਰਕੇ ਅਮਰੀਕਾ ਅਤੇ ਪਹਿਲਾਂ ਬ੍ਰਿਟੇਨ ਵਰਗੇ ਦੇਸ਼, ਇਸ ਮਾਮਲੇ ਵਿੱਚ ਸੰਜਮ ਵਰਤਦੇ ਰਹੇ ਹਨ। ਹੁਣ ਬ੍ਰਿਟੇਨ, ਕੈਨੇਡਾ ਅਤੇ ਆਸਟ੍ਰੇਲੀਆ ਦੀ ਮਾਨਤਾ ਨੇ ਪੱਛਮੀ ਦੇਸ਼ਾਂ ਦੇ ਰਵੱਈਏ ਵਿੱਚ ਬਦਲਾਅ ਦਾ ਸੰਕੇਤ ਦਿੱਤਾ ਹੈ। ਇਹ ਫੈਸਲਾ ਫ਼ਲਸਤੀਨ ਦੀ ਸਿਆਸੀ ਅਤੇ ਕੂਟਨੀਤਕ ਸਥਿਤੀ ਨੂੰ ਮਜ਼ਬੂਤ ਕਰਦਾ ਹੈ, ਭਾਵੇਂ ਜ਼ਮੀਨੀ ਪੱਧਰ 'ਤੇ ਤੁਰੰਤ ਤਬਦੀਲੀ ਦੀ ਉਮੀਦ ਘੱਟ ਹੈ।

**ਇਜ਼ਰਾਇਲ ਦਾ ਸਖ਼ਤ ਪ੍ਰਤੀਕਰਮ**

ਇਜ਼ਰਾਇਲ ਨੇ ਇਸ ਫੈਸਲੇ ਦਾ ਸਖ਼ਤ ਵਿਰੋਧ ਕੀਤਾ ਹੈ। ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਸ ਨੂੰ 'ਅੱਤਵਾਦ ਨੂੰ ਇਨਾਮ' ਦੇਣ ਦੇ ਬਰਾਬਰ ਦੱਸਿਆ। ਉਨ੍ਹਾਂ ਦਾ ਕਹਿਣਾ ਹੈ ਕਿ ਫ਼ਲਸਤੀਨ ਨੂੰ ਮਾਨਤਾ ਦੇਣ ਨਾਲ ਹਮਾਸ ਵਰਗੇ ਸੰਗਠਨਾਂ ਦਾ ਹੌਸਲਾ ਵਧੇਗਾ, ਜਿਨ੍ਹਾਂ ਨੇ 7 ਅਕਤੂਬਰ, 2023 ਦੇ ਹਮਲਿਆਂ ਵਿੱਚ ਵੱਡੀ ਭੂਮਿਕਾ ਨਿਭਾਈ ਸੀ। ਇਜ਼ਰਾਇਲੀ ਵਿਦੇਸ਼ ਮੰਤਰਾਲੇ ਨੇ ਵੀ ਬਿਆਨ ਜਾਰੀ ਕਰਕੇ ਕਿਹਾ ਕਿ ਇਹ ਮਾਨਤਾ ਹਮਾਸ ਦੀ ਹਮਾਇਤ ਦੇ ਸਮਾਨ ਹੈ ਅਤੇ ਇਸ ਨਾਲ ਸ਼ਾਂਤੀ ਦੀਆਂ ਕੋਸ਼ਿਸ਼ਾਂ ਨੂੰ ਨੁਕਸਾਨ ਪਹੁੰਚੇਗਾ। ਨੇਤਨਯਾਹੂ ਨੇ ਸਪੱਸ਼ਟ ਕੀਤਾ ਕਿ ਜਾਰਡਨ ਨਦੀ ਦੇ ਪੱਛਮ ਵਿੱਚ ਕੋਈ ਫ਼ਲਸਤੀਨੀ ਦੇਸ਼ ਨਹੀਂ ਬਣਨ ਦਿੱਤਾ ਜਾਵੇਗਾ। ਇਜ਼ਰਾਈਲ ਦਾ ਇਹ ਸਖ਼ਤ ਰੁਖ਼ ਉਸ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਨੀਤੀ ਦਾ ਹਿੱਸਾ ਹੈ, ਜਿਸ ਵਿੱਚ ਉਹ ਫ਼ਲਸਤੀਨ ਦੀ ਸੁਤੰਤਰਤਾ ਨੂੰ ਸੁਰੱਖਿਆ ਲਈ ਖਤਰੇ ਵਜੋਂ ਦੇਖਦਾ ਹੈ।

**ਅਮਰੀਕਾ ਦੀ ਨੀਤੀ ਅਤੇ ਸੰਭਾਵਿਤ ਅਸਰ**

ਅਮਰੀਕਾ ਨੇ ਹੁਣ ਤੱਕ ਫ਼ਲਸਤੀਨ ਨੂੰ ਸੁਤੰਤਰ ਦੇਸ਼ ਵਜੋਂ ਮਾਨਤਾ ਨਹੀਂ ਦਿੱਤੀ। ਅਮਰੀਕੀ ਨੀਤੀ ਲੰਬੇ ਸਮੇਂ ਤੋਂ ਇਜ਼ਰਾਇਲ ਦੇ ਸਮਰਥਨ ਵਿੱਚ ਰਹੀ ਹੈ,

(ਬਾਕੀ ਸਫ਼ਾ 26 'ਤੇ)

## ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਮਾਮਲਾ

# ਰਾਜੋਆਣਾ ਨੂੰ ਹੁਣ ਤੱਕ ਕਿਉਂ ਨਹੀਂ ਦਿੱਤੀ ਗਈ ਫ਼ਾਂਸੀ : ਸੁਪਰੀਮ ਕੋਰਟ

ਨਵੀਂ ਦਿੱਲੀ/ਏ.ਟੀ. ਨਿਊਜ਼ਃ ਸੁਪਰੀਮ ਕੋਰਟ ਨੇ ਕੇਂਦਰ ਨੂੰ ਅੱਜ ਪੁੱਛਿਆ ਕਿ ਪੰਜਾਬ ਦੇ ਉਸ ਵੇਲੇ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਗਏ ਤੇ ਸਜ਼ਾ-ਏ-ਮੌਤ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਨੂੰ ਹੁਣ ਤੱਕ ਫਾਂਸੀ ਕਿਉਂ ਨਹੀਂ ਦਿੱਤੀ ਗਈ। ਰਾਜੋਆਣਾ ਨੂੰ 1995 ਵਿੱਚ ਪੰਜਾਬ ਦੇ ਉਸ ਵੇਲੇ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦਾ ਦੋਸ਼ੀ ਠਹਿਰਾਇਆ ਗਿਆ ਸੀ। ਰਾਜੋਆਣਾ ਪਿਛਲੇ 29 ਸਾਲਾਂ ਤੋਂ ਜੇਲ੍ਹ ਵਿੱਚ ਨਜ਼ਰਬੰਦ ਹੈ। ਇਸ ਕੇਸ ਬਾਰੇ ਵਧੀਕ ਸਾਲਿਸਿਟਰ ਜਨਰਲ ਕੇ ਐਮ ਨਟਰਾਜ ਨੇ ਜਸਟਿਸ ਵਿਕਰਮ ਨਾਥ, ਸੰਦੀਪ ਮਹਿਤਾ ਅਤੇ ਐਨ ਵੀ ਅੰਜਾਰੀਆ ਦੇ ਬੈਂਚ ਨੂੰ ਜਾਣਕਾਰੀ ਦਿੱਤੀ।



ਬੈਂਚ ਨੇ ਵਧੀਕ ਸਾਲਿਸਿਟਰ ਜਨਰਲ ਨੂੰ ਪੁੱਛਿਆ, 'ਤੁਸੀਂ ਉਸ ਨੂੰ ਹੁਣ ਤੱਕ ਫਾਂਸੀ ਕਿਉਂ ਨਹੀਂ ਦਿੱਤੀ ? ਇਸ ਲਈ ਕੌਣ ਜ਼ਿੰਮੇਵਾਰ ਹੈ। ਘੱਟੋ-ਘੱਟ, ਅਸੀਂ ਫਾਂਸੀ 'ਤੇ ਰੋਕ ਨਹੀਂ ਲਗਾਈ ਹੈ।' ਸਰਵਉਚ ਅਦਾਲਤ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਦੀ ਅਪੀਲ 'ਤੇ ਸੁਣਵਾਈ ਕਰ ਰਹੀ ਹੈ।

ਰਾਜੋਆਣਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਉਨ੍ਹਾਂ ਦੇ ਮੁਵੱਕਿਲ ਦੀ ਰਹਿਮ ਦੀ ਪਟੀਸ਼ਨ 'ਤੇ ਕੋਈ ਫੈਸਲਾ ਨਹੀਂ ਲਿਆ ਗਿਆ ਹੈ। ਰੋਹਤਗੀ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਪਹਿਲਾਂ ਕਿਹਾ ਸੀ ਕਿ ਰਹਿਮ ਦੀ ਪਟੀਸ਼ਨ ਦਾ ਸਮੇਂ ਸਿਰ ਫੈਸਲਾ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਸਿਖਰਲੀ ਅਦਾਲਤ ਨੇ ਕਿਹਾ ਹੈ ਕਿ ਰਾਜੋਆਣਾ ਨੇ ਖੁਦ ਰਹਿਮ ਦੀ ਪਟੀਸ਼ਨ ਦਾਇਰ ਨਹੀਂ ਕੀਤੀ ਸੀ, ਬਲਕਿ ਇਹ ਗੁਰਦੁਆਰਾ ਕਮੇਟੀ ਵਲੋਂ ਦਾਇਰ ਕੀਤੀ ਗਈ ਸੀ। ਬੈਂਚ ਨੇ ਕੇਸ ਦੀ ਸੁਣਵਾਈ 15 ਅਕਤੂਬਰ ਤੱਕ ਮੁਲਤਵੀ ਕਰਦਿਆਂ ਕਿਹਾ ਕਿ ਕੇਂਦਰ ਦੀ ਬੇਨਤੀ 'ਤੇ ਮਾਮਲੇ ਨੂੰ ਮੁਲਤਵੀ ਨਹੀਂ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਸਰਵਉਚ ਅਦਾਲਤ ਨੇ 20 ਜਨਵਰੀ ਨੂੰ ਕੇਂਦਰ ਨੂੰ ਰਾਜੋਆਣਾ ਦੀ ਰਹਿਮ ਦੀ ਪਟੀਸ਼ਨ 'ਤੇ ਫੈਸਲਾ ਲੈਣ ਲਈ ਕਿਹਾ ਸੀ। ਕੇਂਦਰ ਨੇ ਉਦੋਂ ਮਾਮਲੇ ਦੀ ਸੰਵੇਦਨਸ਼ੀਲਤਾ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ਰਹਿਮ ਦੀ ਪਟੀਸ਼ਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

ਪਿਛਲੇ ਸਾਲ 25 ਸਤੰਬਰ ਨੂੰ ਸਿਖਰਲੀ ਅਦਾਲਤ ਨੇ ਰਾਜੋਆਣਾ ਦੀ ਪਟੀਸ਼ਨ 'ਤੇ ਕੇਂਦਰ, ਪੰਜਾਬ ਸਰਕਾਰ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਨ ਤੋਂ ਜਵਾਬ ਮੰਗਿਆ ਸੀ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਦੀ 31 ਅਗਸਤ, 1995 ਨੂੰ ਚੰਡੀਗੜ੍ਹ ਸਥਿਤ ਸਿਵਲ ਸਕੱਤਰੇਤ ਵਿਚ ਬੰਬ ਧਮਾਕੇ ਰਾਹੀਂ ਹੱਤਿਆ ਕੀਤੀ ਗਈ ਸੀ। ਇੱਕ ਵਿਸ਼ੇਸ਼ ਅਦਾਲਤ ਨੇ ਜੁਲਾਈ 2007 ਵਿੱਚ ਰਾਜੋਆਣਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ। 3 ਮਈ, 2023 ਨੂੰ ਸਿਖਰਲੀ ਅਦਾਲਤ ਨੇ ਉਸ ਦੀ ਮੌਤ ਦੀ ਸਜ਼ਾ ਨੂੰ ਘਟਾਉਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਸਮਰੱਥ ਅਥਾਰਟੀ ਉਸ ਦੀ ਰਹਿਮ ਦੀ ਪਟੀਸ਼ਨ ਨਾਲ ਨਜਿੱਠ ਸਕਦੀ ਹੈ। ਆਪਣੀ ਤਾਜ਼ਾ ਪਟੀਸ਼ਨ ਵਿੱਚ ਰਾਜੋਆਣਾ ਨੇ ਲਗਪਗ 29 ਸਾਲਾਂ ਤੋਂ ਜੇਲ੍ਹ ਵਿੱਚ ਰਹਿਣ ਦਾ ਜ਼ਿਕਰ ਕੀਤਾ, ਜਿਸ ਵਿੱਚੋਂ ਉਸ ਨੇ 15 ਸਾਲ ਤੋਂ ਵੱਧ ਮੌਤ ਦੀ ਸਜ਼ਾ ਦੇ ਦੋਸ਼ੀ ਵਜੋਂ ਬਿਤਾਏ। ਉਸ ਨੇ ਕਿਹਾ ਕਿ ਮਾਰਚ 2012 ਵਿੱਚ ਸੰਵਿਧਾਨ ਦੀ ਧਾਰਾ 72 ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਉਸ ਵਲੋਂ ਰਹਿਮ ਦੀ ਪਟੀਸ਼ਨ ਦਾਇਰ ਕੀਤੀ ਗਈ ਸੀ।

# ਹੜ੍ਹ ਦੀ ਮਾਰ ਕਾਰਨ ਖੇਤੀ ਸੰਕਟ ਡੂੰਘਾ: ਜ਼ਰਖੇਜ਼ ਜ਼ਮੀਨ ਰੇਤ 'ਚ ਬਦਲੀ

## 'ਜਿਸ ਦਾ ਖੇਤ, ਉਸ ਦੀ ਰੇਤ' ਸਰਕਾਰੀ ਸਕੀਮ ਕਿਸਾਨਾਂ ਲਈ ਸੁਪਨਾ

## ਸਰਕਾਰੀ ਵਾਅਦੇ ਠੁੱਸ, ਕਿਸਾਨ ਸਰਕਾਰ ਤੋਂ ਨਿਰਾਸ਼, ਕਿਸਾਨਾਂ ਦੀਆਂ ਚੁਣੌਤੀਆਂ ਵਧੀਆਂ

ਪੰਜਾਬ ਵਿੱਚ 2025 ਦੇ ਹੜ੍ਹਾਂ ਨੇ 20 ਜ਼ਿਲ੍ਹਿਆਂ ਦੇ 2100 ਤੋਂ ਵੱਧ ਪਿੰਡਾਂ ਦੀ ਲੱਖਾਂ ਏਕੜ ਜ਼ਮੀਨ ਵਿੱਚ ਫ਼ਸਲਾਂ ਦਾ ਭਾਰੀ ਨੁਕਸਾਨ ਕੀਤਾ ਹੈ ਅਤੇ ਇਸ ਵਿੱਚੋਂ ਬਹੁਤ ਵੱਡੇ ਹਿੱਸੇ ਦੀ ਉਪਜਾਊ ਜ਼ਮੀਨ ਉਪਰ ਗਾਰ (ਰੇਤ, ਭਲ ਤੇ ਕੁਝ ਮਿੱਟੀ ਦਾ ਮਿਸ਼ਰਨ) ਵਿਛਾ ਦਿੱਤੀ ਹੈ। ਇਸ ਗਾਰ ਦੀ ਤਹਿ ਕੁਝ ਸੈਂਟੀਮੀਟਰ ਤੋਂ ਕਈ ਮੀਟਰ ਮੋਟੀ ਹੋਣ ਦੇ ਨਾਲ ਖੇਤਾਂ ਨੂੰ ਉੱਚਾ ਨੀਵਾਂ ਕਰ ਦਿੱਤਾ ਹੈ, ਜਿਸ ਕਾਰਨ ਜ਼ਮੀਨ ਦੀ ਉਪਜਾਊ ਸ਼ਕਤੀ ਦਾ ਨੁਕਸਾਨ ਹੋਇਆ ਹੈ। ਝੋਨੇ ਦੀ ਫ਼ਸਲ ਦੀ ਬਰਬਾਦੀ, ਖੇਤਾਂ ਵਿੱਚ ਖੜ੍ਹੇ ਪਾਣੀ, ਤੇ ਰੇਤ-ਮਿੱਟੀ ਦੀ ਮੋਟੀ ਪਰਤ ਨੇ ਇਨ੍ਹਾਂ ਕਿਸਾਨਾਂ ਦੀ ਜ਼ਿੰਦਗੀ ਨੂੰ ਹਨੇਰੇ ਵਿੱਚ ਧੱਕ ਦਿੱਤਾ ਹੈ।





ਖੇਤਾਂ ਵਿੱਚ 2 ਤੋਂ 5 ਫ਼ੁੱਟ ਤੱਕ ਪਾਣੀ ਖੜ੍ਹਾ ਹੈ। ਕਈ ਥਾਈਂ ਤਾਂ 5 ਤੋਂ 7 ਫ਼ੁੱਟ ਮੋਟੀ ਰੇਤ-ਮਿੱਟੀ ਦੀ ਪਰਤ ਜਮ੍ਹਾਂ ਹੋ ਚੁੱਕੀ ਹੈ, ਜਿਸ ਨੇ ਜ਼ਰਖੇਜ਼ ਜ਼ਮੀਨ ਨੂੰ ਬੰਜਰ ਬਣਾ ਦਿੱਤਾ। ਕਿਸਾਨ ਕਸ਼ਮੀਰ ਸਿੰਘ ਧੰਗਾਈ ਦੱਸਦੇ ਹਨ, 'ਸਾਡੇ ਖੇਤ, ਜਿਨ੍ਹਾਂ 'ਚ ਅਸੀਂ ਝੋਨੇ ਦੀ ਫ਼ਸਲ ਲਾਈ ਸੀ, ਅੱਜ ਰੇਤ ਦੇ ਢੇਰ ਹਨ। ਨਾ ਫ਼ਸਲ ਬਚੀ, ਨਾ ਜ਼ਮੀਨ। ਬੈਂਕ ਦੀਆਂ ਕਿਸ਼ਤਾਂ, ਸ਼ਾਹੂਕਾਰ ਦਾ ਉਧਾਰ, ਟਰੈਕਟਰ ਦੀਆਂ ਲਿਮਟਾਂ—ਸਭ ਦਾ ਬੋਝ ਸਿਰ 'ਤੇ ਹੈ।'

ਇਹਨਾਂ ਕਿਸਾਨਾਂ ਦੀ ਜ਼ਮੀਨ 'ਤੇ ਜਮ੍ਹਾਂ ਰੇਤ ਨੂੰ ਹਟਾਉਣ ਲਈ ਵੱਡੀ ਮਸ਼ੀਨਰੀ ਦੀ ਲੋੜ ਹੈ, ਜੋ ਇਨ੍ਹਾਂ ਕੋਲ ਨਹੀਂ। ਸੜਕਾਂ ਅਤੇ ਰਸਤੇ, ਜੋ ਹੜ੍ਹ ਦੇ ਪਾਣੀ ਨਾਲ ਟੁੱਟ ਚੁੱਕੇ ਹਨ, ਰੇਤ ਦੀ ਨਿਕਾਸੀ ਨੂੰ ਹੋਰ ਮੁਸ਼ਕਿਲ ਬਣਾ ਰਹੇ ਹਨ।

ਕਿਸਾਨ ਮਾਹਿਰਾਂ ਦਾ ਮੰਨਣਾ ਹੈ ਕਿ ਗਾਰ ਵਿੱਚ ਜੈਵਿਕ ਪਦਾਰਥ ਨਹੀਂ ਹੁੰਦੇ। ਇਨ੍ਹਾਂ ਦੇ ਬਣਨ ਲਈ ਫ਼ਸਲਾਂ ਦੀ ਰਹਿੰਦ-ਖੂੰਹਦ, ਪਸ਼ੂਆਂ ਦਾ ਮਲ-ਮੂਤਰ, ਰੂੜੀ ਆਦਿ ਪਾ ਕੇ ਇਸ ਦਾ ਘਾਟਾ ਪੂਰਾ ਕਰਨ ਵਿੱਚ ਕੁਝ ਸਾਲ ਲੱਗ ਸਕਦੇ ਹਨ। ਨਾਲ ਹੀ, ਗਾਰ ਵਿੱਚ ਲਾਭਦਾਇਕ ਜੀਵਾਣੂਆਂ ਤੇ ਵੱਡੇ ਜੀਵਾਂ ਦੀ ਗਿਣਤੀ ਨਾਂਹ ਦੇ ਬਰਾਬਰ ਹੋਣ ਕਰ ਕੇ ਇਨ੍ਹਾਂ ਦੀ ਗਿਣਤੀ ਤੇ ਵਿਭਿੰਨਤਾ ਵਧਣ ਲਈ ਕਈ ਸਾਲ ਲੱਗ ਸਕਦੇ ਹਨ। ਗਾਰ ਦੀ ਪਾਣੀ ਜਜ਼ਬ ਕਰਨ ਦੀ ਸਮਰੱਥਾ ਨਾਂਹ ਦੇ ਬਰਾਬਰ ਹੈ। ਨਤੀਜੇ ਵਜੋਂ ਕਈ ਸਾਲ ਫ਼ਸਲਾਂ ਦਾ ਝਾੜ ਘੱਟ ਰਹਿਣ ਦਾ ਖ਼ਦਸ਼ਾ ਹੋਵੇਗਾ।

ਕਿਸਾਨ ਆਗੂ ਪਲਵਿੰਦਰ ਸਿੰਘ ਮਾਹਲ ਦਾ ਕਹਿਣਾ ਹੈ, 'ਸਰਕਾਰ ਨੇ 'ਜਿਸ ਦਾ ਖੇਤ, ਉਸ ਦੀ ਰੇਤ' ਵਾਲੀ ਸਕੀਮ ਦਾ ਐਲਾਨ ਤਾਂ ਕਰ ਦਿੱਤਾ, ਪਰ ਇਸ ਦਾ ਅਸਰ ਘੱਟ ਹੀ ਦਿਖਾਈ ਦਿੰਦਾ। ਖੇਤਾਂ ਵਿੱਚ ਜਮ੍ਹਾਂ ਹੋਈ ਰੇਤ ਦੀ ਕੁਆਲਿਟੀ ਇੰਨੀ ਮਾੜੀ ਹੈ ਕਿ ਨਾ ਇਸ ਨੂੰ ਵੇਚਣ ਵਾਲਾ ਮਿਲਦਾ, ਨਾ ਹੀ ਇਸ ਨੂੰ ਚੁੱਕਣ ਦਾ ਸਾਧਨ।' ਉਹ ਅੱਗੇ ਕਹਿੰਦੇ ਹਨ, 'ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਵੱਡੇ ਪੱਧਰ 'ਤੇ ਮੁਹਿੰਮ ਸ਼ੁਰੂ ਕੀਤੀ ਜਾਵੇ, ਜਿਸ ਨਾਲ ਜ਼ਮੀਨ ਨੂੰ ਮੁੜ ਵਾਹੀਯੋਗ ਬਣਾਇਆ ਜਾ ਸਕੇ।'

### 'ਜਿਸ ਦਾ ਖੇਤ, ਉਸ ਦੀ ਰੇਤ' ਸਕੀਮ ਇੱਕ ਸੁਫ਼ਨਾ

ਪੰਜਾਬ ਸਰਕਾਰ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਕਿਸਾਨਾਂ ਲਈ 'ਜਿਸ ਦਾ ਖੇਤ, ਉਸ ਦੀ ਰੇਤ' ਸਕੀਮ ਸ਼ੁਰੂ ਕੀਤੀ ਹੈ। ਇਸ ਸਕੀਮ ਤਹਿਤ ਕਿਸਾਨ ਆਪਣੇ ਖੇਤਾਂ 'ਚ ਜਮ੍ਹਾਂ ਹੋਈ ਰੇਤ ਅਤੇ ਮਿੱਟੀ ਨੂੰ ਹਟਾ ਸਕਦੇ ਹਨ ਅਤੇ ਉਸ ਨੂੰ ਵੇਚ ਕੇ ਕੁਝ ਕਮਾਈ ਵੀ ਕਰ ਸਕਦੇ ਹਨ। ਸਰਕਾਰ ਮੁਤਾਬਕ, ਇਸ ਕੰਮ ਲਈ ਕਿਸਾਨਾਂ ਨੂੰ ਕਿਸੇ ਵਾਤਾਵਰਣ ਮਨਜ਼ੂਰੀ ਜਾਂ ਪਰਮਿਟ ਦੀ ਲੋੜ ਨਹੀਂ। ਨਾ ਹੀ ਰੇਤ ਵੇਚਣ 'ਤੇ ਕੋਈ ਰਾਇਲਟੀ ਦੇਣੀ ਪਵੇਗੀ। ਸਿਰਫ਼ ਹੜ੍ਹ ਨਾਲ ਜਮ੍ਹਾਂ ਹੋਈ ਰੇਤ ਨੂੰ ਹੀ ਹਟਾਇਆ ਜਾ ਸਕੇਗਾ, ਅਤੇ ਇਹ ਨੀਤੀ ਸਿਰਫ਼ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਲਾਗੂ ਹੋਵੇਗੀ।

ਪਰ ਪ੍ਰੋਫ਼ੈਸਰ ਰਣਜੀਤ ਸਿੰਘ ਘੁੰਮਣ ਕਹਿੰਦੇ ਹਨ, 'ਖੇਤਾਂ ਵਿਚ ਜਮ੍ਹਾਂ ਰੇਤ ਅਤੇ ਮਿੱਟੀ ਦਾ ਮਿਸ਼ਰਣ ਇੰਨਾ ਮਾੜੀ ਕੁਆਲਿਟੀ ਦਾ ਹੈ ਕਿ ਇਸ ਦਾ ਕੋਈ ਖਰੀਦਦਾਰ ਨਹੀਂ। ਕਿਸਾਨਾਂ ਕੋਲ ਨਾ ਤਾਂ ਇਸ ਨੂੰ ਹਟਾਉਣ ਲਈ ਮਸ਼ੀਨਰੀ ਹੈ, ਨਾ ਹੀ ਸਰਕਾਰ ਨੇ ਅਜੇ ਤੱਕ ਕੋਈ ਵੱਡੀ ਮੁਹਿੰਮ ਸ਼ੁਰੂ ਕੀਤੀ।' ਉਨ੍ਹਾਂ ਸੁਝਾਅ ਦਿੱਤਾ ਕਿ ਸਰਕਾਰ ਨੂੰ ਇਸ ਮਿੱਟੀ ਨਾਲ ਧੁੱਸੀ ਬੰਨ੍ਹ ਮਜ਼ਬੂਤ ਕਰਨੇ ਚਾਹੀਦੇ ਹਨ, ਤਾਂ ਜੋ ਭਵਿੱਖ ਵਿੱਚ ਹੜ੍ਹ ਦੀ ਮਾਰ ਤੋਂ ਬਚਿਆ ਜਾ ਸਕੇ।

### ਮੁੱਖ ਮੰਤਰੀ ਦੇ ਐਲਾਨ

ਮੁੱਖ ਮੰਤਰੀ ਭਗਵੰਤ ਮਾਨ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਸਫ਼ਾਈ ਮੁਹਿੰਮ ਦਾ ਐਲਾਨ ਕੀਤਾ। ਉਨ੍ਹਾਂ ਕਿਹਾ, '2300 ਪਿੰਡਾਂ ਅਤੇ ਵਾਰਡਾਂ ਵਿੱਚ ਸਫ਼ਾਈ ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਹਰ ਪਿੰਡ ਵਿੱਚ ਜੇ.ਸੀ.ਬੀ., ਟਰੈਕਟਰ-ਟਰਾਲੀ ਅਤੇ ਲੇਬਰ ਦਾ ਪ੍ਰਬੰਧ ਸਰਕਾਰ ਕਰੇਗੀ। ਮਿੱਟੀ, ਮਲਬਾ ਅਤੇ ਹੜ੍ਹ ਨਾਲ ਵਹਿ ਕੇ ਆਈਆਂ ਚੀਜ਼ਾਂ ਨੂੰ ਸਾਫ਼ ਕੀਤਾ ਜਾਵੇਗਾ।' ਇਸ ਮੁਹਿੰਮ ਲਈ 100 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ ਅਤੇ 24-25 ਸਤੰਬਰ ਤੱਕ ਮਿੱਟੀ-ਮਲਬਾ ਸਾਫ਼ ਕਰਨ ਦਾ ਟੀਚਾ ਮੁਕੰਮਲ ਕਰਨ ਦੀ ਗੱਲ ਕਹੀ ਗਈ।

### ਕਿਸਾਨਾਂ ਦੀ ਪੁਕਾਰ

ਪਰ ਸਰਹੱਦੀ ਖੇਤਰ ਦੇ ਕਿਸਾਨਾਂ ਦਾ ਕਹਿਣਾ ਹੈ ਕਿ ਸਰਕਾਰ ਦੇ ਵਾਅਦੇ ਕਾਗਜ਼ੀ ਜਾਪਦੇ ਹਨ। ਗੁਰਿੰਦਰਬੀਰ ਸਿੰਘ ਥੋਬਾ ਕਹਿੰਦੇ ਹਨ, 'ਸਾਡੇ ਵਰਗੇ ਮਝੈਲਾਂ ਨੂੰ ਲਾਈਨਾਂ 'ਚ ਲੱਗ ਕੇ ਰਾਹਤ ਲੈਣ ਦੀ ਆਦਤ ਨਹੀਂ। ਸਰਕਾਰ ਜੇ ਸੱਚਮੁੱਚ ਮਦਦ ਕਰਨੀ ਚਾਹੁੰਦੀ ਹੈ, ਤਾਂ ਸਾਡੇ ਖੇਤਾਂ ਨੂੰ ਮੁੜ ਵਾਹੀਯੋਗ ਬਣਾਉਣ ਲਈ ਵੱਡੀਆਂ ਮਸ਼ੀਨਾਂ ਅਤੇ ਢੁਕਵਾਂ ਪ੍ਰਬੰਧ ਕਰੇ।' ਸਤਨਾਮ ਸਿੰਘ ਅੜਾਇਆ ਨੇ ਗੁੱਸੇ ਵਿੱਚ ਆਖਿਆ, 'ਸਰਕਾਰਾਂ ਸਾਡੇ ਦੁੱਖ ਨੂੰ ਸਿਆਸਤ ਦਾ ਅਖਾੜਾ ਬਣਾ ਰਹੀਆਂ ਹਨ। (ਬਾਕੀ ਸਫ਼ਾ 27 'ਤੇ)

# ਬਿਆਸ ਦਰਿਆ ਦਾ ਰੁਖ ਮੋੜਨ ਵਿਰੁੱਧ ਕਿਸਾਨਾਂ ਦਾ ਰੋਸ: ਰਾਧਾ ਸਵਾਮੀ ਡੇਰੇ 'ਤੇ ਗੰਭੀਰ ਇਲਜ਼ਾਮ

## ਨਾਜਾਇਜ਼ ਖੁਦਾਈ ਨੇ ਬਣਾਇਆ ਹੜ੍ਹਾਂ ਦਾ ਸੰਕਟ: ਕਿਸਾਨਾਂ ਦਾ ਸਰਕਾਰਾਂ 'ਤੇ ਇਲਜ਼ਾਮ

## ਹਾਈਕੋਰਟ ਦੇ ਹੁਕਮਾਂ ਦੀ ਉਲੰਘਣਾ: ਡੇਰੇ ਦੀ ਮਨਮਾਨੀ 'ਤੇ ਕਿਉਂ ਚੁੱਪ ਹੈ ਪੰਜਾਬ

ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਬਿਆਸ ਦਰਿਆ ਨਾਲ ਜੁੜੇ ਵਿਵਾਦ ਨੇ ਨਵਾਂ ਮੋੜ ਲੈ ਲਿਆ ਹੈ। ਭਾਰਤੀ ਕਿਸਾਨ ਯੂਨੀਅਨ (ਸਿਰਸਾ) ਨੇ ਰਾਧਾ ਸਵਾਮੀ ਸਤਸੰਗ ਬਿਆਸ ਡੇਰੇ ਵੱਲੋਂ ਦਰਿਆ ਦੇ ਵਹਾਅ ਨੂੰ ਮੋੜਨ ਅਤੇ ਨਾਜਾਇਜ਼ ਖੁਦਾਈ ਕਰਨ ਵਿਰੁੱਧ ਗੰਭੀਰ ਰੋਸ ਪ੍ਰਗਟ ਕੀਤਾ ਹੈ। ਜ਼ਿਲ੍ਹਾ ਪ੍ਰਧਾਨ ਅਮਨਦੀਪ ਸਿੰਘ ਮੰਡ, ਸੂਬਾ ਵਰਕਿੰਗ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਬਲ ਅਤੇ ਸਾਬਕਾ ਸਰਪੰਚ ਜਸਵਿੰਦਰ ਸਿੰਘ ਦੀ ਅਗਵਾਈ ਵਿੱਚ ਵੱਖ-ਵੱਖ ਪਿੰਡਾਂ ਵਿੱਚ ਹੋਈਆਂ ਮੀਟਿੰਗਾਂ ਵਿੱਚ ਐਲਾਨ ਕੀਤਾ ਗਿਆ ਕਿ 26 ਸਤੰਬਰ ਨੂੰ ਵੱਖ-ਵੱਖ ਪਿੰਡਾਂ ਤੋਂ ਟਰੈਕਟਰਾਂ ਨਾਲ ਮਾਰਚ ਕੱਢ ਕੇ ਡਿਪਟੀ ਕਮਿਸ਼ਨਰ ਦਫ਼ਤਰ ਤੱਕ ਪਹੁੰਚਿਆ ਜਾਵੇਗਾ। ਕੌਮੀ ਪ੍ਰਧਾਨ ਬਲਦੇਵ ਸਿੰਘ ਸਿਰਸਾ ਨੇ ਵੀ ਪਿੰਡਾਂ ਦਾਊਦਪੁਰ, ਮੰਡ ਕੂਕਾ, ਮੰਗਲ ਲਬਾਣਾ, ਟਾਹਲੀ, ਹਬੀਬਵਾਲ ਅਤੇ ਲੱਖਣ ਕੇ ਪੱਡੇ ਵਰਗੀਆਂ ਜਗ੍ਹਾਵਾਂ 'ਤੇ ਪਹੁੰਚ ਕੇ ਸਮਰਥਨ ਦਿੱਤਾ। ਉਹਨਾਂ ਨੇ ਕਿਹਾ ਕਿ ਇਹ ਸਾਰਿਆਂ ਦਾ ਫ਼ਰਜ਼ ਹੈ ਕਿ ਡੇਰੇ ਵੱਲੋਂ ਬਿਆਸ 'ਤੇ ਚੌਥਾ ਬੰਨ੍ਹ ਬਣਾਉਣ ਦੇ ਉਪਰਾਲਿਆਂ ਨੂੰ ਰੋਕਿਆ ਜਾਵੇ, ਨਹੀਂ ਤਾਂ ਪੰਜਾਬ ਦੀਆਂ ਜ਼ਮੀਨਾਂ ਖ਼ਤਰੇ ਵਿੱਚ ਪੈ ਜਾਣਗੀਆਂ।



ਇਸ ਵਿਵਾਦ ਦੀ ਜੜ੍ਹ ਬਿਆਸ ਦਰਿਆ ਦੇ ਕੰਢੇ 'ਤੇ ਸਥਿਤ ਡੇਰਾ ਰਾਧਾ ਸਵਾਮੀ ਸਤਸੰਗ ਬਿਆਸ ਨਾਲ ਜੁੜੀ ਹੈ, ਜੋ 1891 ਵਿੱਚ ਸਥਾਪਿਤ ਹੋਇਆ ਸੀ। ਡੇਰੇ ਦਾ ਮੁੱਖ ਕੇਂਦਰ ਡੇਰਾ ਬਾਬਾ ਜੈਮਲ ਸਿੰਘ ਵਿਖੇ ਹੈ, ਜੋ ਦਰਿਆ ਦੇ ਕੰਢੇ 'ਤੇ ਹੀ ਵੱਸਿਆ ਹੈ। ਕਿਸਾਨਾਂ ਅਨੁਸਾਰ, ਡੇਰੇ ਨੇ ਆਪਣੇ ਵਿਸਥਾਰ ਲਈ ਦਰਿਆ ਨੂੰ ਮੋੜਨ ਅਤੇ ਨਾਜਾਇਜ਼ ਖੁਦਾਈ ਕਰਕੇ ਨੇੜਲੇ ਪਿੰਡਾਂ ਦੀਆਂ ਲੱਖਾਂ ਏਕੜ ਜ਼ਮੀਨਾਂ ਨੂੰ ਹੜ੍ਹਾਂ ਦਾ ਸ਼ਿਕਾਰ ਬਣਾ ਦਿੱਤਾ ਹੈ। ਪਿਛਲੇ ਕਈ ਸਾਲਾਂ ਤੋਂ ਚੱਲ ਰਹੇ ਇਸ ਵਿਵਾਦ ਨੇ ਹੁਣ ਤੇਜ਼ੀ ਫੜ ਲਈ ਹੈ, ਕਿਉਂਕਿ ਹਾਈਕੋਰਟ ਦੇ ਦਰਿਆ ਨਾਲ ਛੇੜ-ਛਾੜ ਰੋਕਣ ਦੇ ਹੁਕਮਾਂ ਨੂੰ ਨਜ਼ਰ-ਅੰਦਾਜ਼ ਕਰਕੇ ਡੇਰੇ ਵੱਲੋਂ ਮਾਈਨਿੰਗ ਜਾਰੀ ਰੱਖੀ ਹੋਈ ਹੈ। ਕਿਸਾਨ ਆਗੂਆਂ ਨੇ ਇਲਜ਼ਾਮ ਲਗਾਇਆ ਹੈ ਕਿ ਅਫ਼ਸਰ ਡੇਰੇ ਨੂੰ ਢਾਲ ਬਣਾ ਰਹੇ ਹਨ ਅਤੇ ਹਾਈਕੋਰਟ ਦੇ ਹੁਕਮਾਂ ਦੀ ਉਲੰਘਣਾ ਹੋ ਰਹੀ ਹੈ। ਇਸ ਨਾਲ ਨਾ ਸਿਰਫ਼ ਜ਼ਮੀਨਾਂ ਬਰਬਾਦ ਹੋ ਰਹੀਆਂ ਹਨ, ਸਗੋਂ ਪਾਣੀ ਦੇ ਵਹਾਅ ਵਿੱਚ ਵਿਘਨ ਪੈਣ ਕਾਰਨ ਹਰ ਸਾਲ ਹੜ੍ਹਾਂ ਦਾ ਖਤਰਾ ਵਧ ਰਿਹਾ ਹੈ।

### ਡੇਰੇ ਨੇ ਕਿਵੇਂ ਬਿਆਸ ਦੀ ਜ਼ਮੀਨ 'ਤੇ ਕਬਜ਼ਾ ਕੀਤਾ: ਹੜ੍ਹਾਂ ਦਾ ਕਾਰਨ ਬਣੀ ਖੁਦਾਈ

ਕਿਸਾਨਾਂ ਵੱਲੋਂ ਦੋਸ਼ ਲਗਾਇਆ ਹੈ ਕਿ ਡੇਰੇ ਨੇ ਆਪਣੇ ਵਿਸਥਾਰ ਲਈ ਦਰਿਆ ਨਾਲ (ਬਾਕੀ ਸਫ਼ਾ 27 'ਤੇ)

# ਰਾਹੁਲ ਗਾਂਧੀ ਨੂੰ ਸਿਰੋਪਾ ਦੇਣ ਦਾ ਵਿਵਾਦ: ਸਿੱਖ ਮਰਯਾਦਾ ਜਾਂ ਸਿਆਸੀ ਸਾਜਿਸ਼ ?

## ਸਿਰੋਪਾ ਸਬੰਧੀ ਸ਼੍ਰੋਮਣੀ ਕਮੇਟੀ ਦੀ ਸਖ਼ਤੀ ਰਾਹੁਲ ਬਾਰੇ ਕਿਉਂ ?, ਪਰ ਬਾਦਲ ਪਰਿਵਾਰ 'ਤੇ ਚੁੱਪੀ ਕਿਉਂ ?

## ਸਿਰੋਪੇ ਦੀ ਪਰੰਪਰਾ: ਪੰਥਕ ਸਨਮਾਨ ਹੈ, ਸਿਆਸੀ ਪੈਂਤੜੇ ਬਾਜ਼ੀ ਨਹੀਂ-ਪੰਥਕ ਰਾਇ





ਪੰਜਾਬ ਦੇ ਰਾਮਦਾਸ ਕਸਬੇ ਵਿੱਚ ਸਥਿਤ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਵਿਖੇ ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਨੂੰ ਸਿਰੋਪਾ ਭੇਟ ਕਰਨ ਦਾ ਮਾਮਲਾ ਇੱਕ ਵੱਡੇ ਵਿਵਾਦ ਦਾ ਕਾਰਨ ਬਣ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਮਾਮਲੇ ਵਿੱਚ ਸਖ਼ਤ ਕਾਰਵਾਈ ਕਰਦਿਆਂ ਗੁਰਦੁਆਰੇ ਦੇ ਇੱਕ ਗ੍ਰੰਥੀ ਨੂੰ ਬਰਖਾਸਤ ਕਰ ਦਿੱਤਾ ਸੀ, ਦੋ ਕਰਮਚਾਰੀਆਂ ਨੂੰ ਮੁਅੱਤਲ ਕੀਤਾ ਸੀ ਅਤੇ ਇੱਕ ਨੂੰ ਤਬਦੀਲ ਕਰ ਦਿੱਤਾ ਸੀ। ਸ਼੍ਰੋਮਣੀ ਕਮੇਟੀ ਦਾ ਕਹਿਣਾ ਸੀ ਕਿ ਰਾਹੁਲ ਗਾਂਧੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿਰੋਪਾ ਦੇਣ ਨਾਲ ਸਿੱਖ ਮਰਿਯਾਦਾ ਦਾ ਉਲੰਘਣ ਹੋਇਆ ਅਤੇ ਇਹ ਸਨਮਾਨ ਸਿਰਫ ਉਨ੍ਹਾਂ ਪੰਥਕ ਸਖਸ਼ੀਅਤਾਂ ਲਈ ਹੈ, ਜਿਨ੍ਹਾਂ ਨੇ ਸਿੱਖ ਧਰਮ ਅਤੇ ਸਮਾਜ ਦੀ ਵੱਡੀ ਸੇਵਾ ਕੀਤੀ ਹੋਵੇ। ਪਰ ਇਹ ਮਾਮਲਾ ਸਿਰਫ ਮਰਯਾਦਾ ਦੀ ਉਲੰਘਣਾ ਤੱਕ ਸੀਮਤ ਨਹੀਂ, ਸਗੋਂ ਇਸ ਵਿੱਚ ਸਿੱਖ ਸਿਆਸਤ ਅਤੇ ਬਾਦਲ ਪਰਿਵਾਰ ਦੀ ਰਾਜਨੀਤੀ ਵੀ ਮਹਿਸੂਸ ਹੋ ਰਹੀ ਹੈ।

**ਮਾਮਲੇ ਦੀ ਸੰਖੇਪ ਜਾਣਕਾਰੀ**

ਇਸ ਹਫਤੇ ਦੀ ਸ਼ੁਰੂਆਤ ਵਿੱਚ ਰਾਹੁਲ ਗਾਂਧੀ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨ ਆਏ ਸਨ। ਇਸ ਦੌਰਾਨ ਉਹ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਵਿਖੇ ਮੱਥਾ ਟੇਕਣ ਪਹੁੰਚੇ। ਇੱਥੇ ਗੁਰਦੁਆਰੇ ਦੇ ਕੁਝ ਸੇਵਾਦਾਰਾਂ ਨੇ ਉਨ੍ਹਾਂ ਨੂੰ ਸਿਰੋਪਾ ਭੇਟ ਕੀਤਾ। ਇਹ ਸਿਰੋਪਾ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ, ਦਰਬਾਰ ਸਾਹਿਬ ਦੇ ਪਵਿੱਤਰ ਸਥਾਨ ਵਿੱਚ ਦਿੱਤਾ ਗਿਆ।

ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਦੀ ਜਾਂਚ ਤੋਂ ਬਾਅਦ ਗੁਰਦੁਆਰੇ ਦੇ ਸਟਾਫ ਵਿਰੁੱਧ ਸਖ਼ਤ ਕਾਰਵਾਈ ਕੀਤੀ। ਪਰ ਇਸ ਕਾਰਵਾਈ ਨੂੰ ਲੈ ਕੇ ਸਿੱਖ ਸਮਾਜ ਅਤੇ ਸਿਆਸੀ ਹਲਕਿਆਂ ਵਿੱਚ ਵਿਵਾਦ ਛਿੜ ਗਿਆ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸ਼੍ਰੋਮਣੀ ਕਮੇਟੀ ਦੀ ਕਾਰਵਾਈ ਨੂੰ ਦੁਖਦ, ਹੈਰਾਨਕੁੰਨ ਅਤੇ ਮੰਦਭਾਗਾ ਕਰਾਰ ਦਿੱਤਾ। ਦੂਜੇ ਪਾਸੇ, ਸ਼੍ਰੋਮਣੀ ਕਮੇਟੀ ਮੈਂਬਰ ਕਿਰਨਜੋਤ ਕੌਰ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਰਾਹੁਲ ਗਾਂਧੀ ਨੂੰ ਉਨ੍ਹਾਂ ਦੀ ਦਾਦੀ ਇੰਦਰਾ ਗਾਂਧੀ ਦੇ ਕੰਮਾਂ ਲਈ ਜਿੰਮੇਵਾਰ ਠਹਿਰਾਉਣਾ ਗਲਤ ਹੈ, ਕਿਉਂਕਿ 1984 ਦੇ ਸਮੇਂ ਰਾਹੁਲ ਸਿਰਫ ਇੱਕ ਬੱਚੇ ਸਨ।

**ਸ਼੍ਰੋਮਣੀ ਕਮੇਟੀ ਦੇ ਨਿਯਮ ਅਤੇ ਸਿਰੋਪੇ ਦੀ ਮਰਯਾਦਾ**

ਸ਼੍ਰੋਮਣੀ ਕਮੇਟੀ ਨੇ ਨਵੰਬਰ 2022 ਵਿੱਚ ਸਿਰੋਪਾ ਦੇਣ ਦੀ ਪਰੰਪਰਾ ਨੂੰ ਨਿਯਮਬੱਧ ਕੀਤਾ ਸੀ। ਨਿਯਮਾਂ ਅਨੁਸਾਰ, ਸਿਰੋਪਾ ਸਿਰਫ ਉਨ੍ਹਾਂ ਪੰਥਕ ਸਖਸ਼ੀਅਤਾਂ ਨੂੰ ਦਿੱਤਾ ਜਾ ਸਕਦਾ ਹੈ, ਜਿਨ੍ਹਾਂ ਨੇ ਸਿੱਖ ਧਰਮ ਅਤੇ ਸਮਾਜ ਲਈ ਵਿਸ਼ੇਸ਼ ਸੇਵਾਵਾਂ ਕੀਤੀਆਂ ਹੋਣ। ਕਿਸੇ ਵੀ ਵੀ.ਆਈ.ਪੀ. ਜਾਂ ਰਾਜਨੀਤਕ ਸਖਸ਼ੀਅਤ ਨੂੰ ਗੁਰਦੁਆਰੇ ਦੇ ਪਵਿੱਤਰ ਸਥਾਨ ਵਿੱਚ ਸਿਰੋਪਾ ਨਹੀਂ ਦਿੱਤਾ ਜਾ ਸਕਦਾ। ਜੇਕਰ ਕਿਸੇ ਮਹੱਤਵਪੂਰਨ ਮਹਿਮਾਨ ਦਾ ਸਨਮਾਨ ਕਰਨਾ ਹੋਵੇ, ਤਾਂ ਉਸ ਨੂੰ ਗੁਰਦੁਆਰੇ ਦੇ ਬਾਹਰ ਧਾਰਮਿਕ ਕਿਤਾਬਾਂ ਦਾ ਸੈੱਟ ਜਾਂ ਹੋਰ ਸਨਮਾਨ ਭੇਟ ਕੀਤਾ ਜਾ ਸਕਦਾ ਹੈ।ਸਿੱਖ ਵਿਦਵਾਨ ਪ੍ਰੋਫੈਸਰ ਧਰਮ ਸਿੰਘ ਅਨੁਸਾਰ, ਸਿਰੋਪਾ ਸਿੱਖ ਪਰੰਪਰਾ ਵਿੱਚ ਸੰਗਤ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਨੁਮਾਇੰਦਗੀ ਵਜੋਂ ਦਿੱਤਾ ਜਾਣ ਵਾਲਾ ਸਰਬਉੱਚ ਸਨਮਾਨ ਹੈ। ਇਹ ਸਿਰਫ ਉਸ ਨੂੰ ਮਿਲਣਾ ਚਾਹੀਦਾ ਹੈ, ਜੋ ਸਿੱਖ ਧਰਮ ਪ੍ਰਤੀ ਸਮਰਪਣ ਅਤੇ ਸੇਵਾ ਦੀ ਮਿਸਾਲ ਹੋਵੇ। ਪਰ ਅੱਜਕੱਲ੍ਹ ਸਿਰੋਪਾ ਦੀ ਪਰੰਪਰਾ ਨੂੰ ਸਿਆਸੀ ਅਤੇ ਸਮਾਜਿਕ ਪ੍ਰਭਾਵ ਵਾਲੇ ਲੋਕਾਂ ਨੂੰ ਸੌਖੇ ਢੰਗ ਨਾਲ ਦੇਣ ਦੀ ਰਵਾਇਤ ਬਣ ਗਈ ਹੈ, ਜੋ ਸਿੱਖ ਮਰਯਾਦਾ ਦੇ ਖ਼ਿਲਾਫ਼ ਹੈ।

ਇਸ ਵਿਵਾਦ ਵਿੱਚ ਸਭ ਤੋਂ ਵੱਡਾ ਸਵਾਲ ਇਹ ਉੱਠਦਾ ਹੈ ਕਿ ਸ਼੍ਰੋਮਣੀ ਕਮੇਟੀ ਦੀ ਕਾਰਵਾਈ ਕੀ ਸਿਰਫ ਮਰਯਾਦਾ ਦੀ ਰਾਖੀ ਲਈ ਹੈ, ਜਾਂ ਇਸ ਪਿੱਛੇ ਬਾਦਲ ਪਰਿਵਾਰ ਦੀ ਸਿਆਸਤ ਕੰਮ ਕਰ ਰਹੀ ਹੈ ?

(ਬਾਕੀ ਸਫ਼ਾ 26 'ਤੇ)

# ਸ਼ਰਧਾਲੂਆਂ ਦੇ ਦਰਸ਼ਨਾਂ ਲਈ ਮੁੜ ਖੋਲ੍ਹਿਆ ਗੁਰਦੁਆਰਾ ਕਰਤਾਰਪੁਰ ਸਾਹਿਬ

## ਪਰ ਭਾਰਤ ਸਰਕਾਰ ਨੇ ਅਜੇ ਸ਼ੁਰੂ ਨਹੀਂ ਕੀਤੀ ਕਰਤਾਰਪੁਰ ਯਾਤਰਾ



ਕਰਤਾਰਪੁਰ/ਏ.ਟੀ.ਨਿਊਜ਼: ਪਾਕਿਸਤਾਨ ਸਰਕਾਰ ਨੇ ਪੁਸ਼ਟੀ ਕੀਤੀ ਹੈ ਕਿ ਹਾਲ ਹੀ 'ਚ ਹੜ੍ਹ ਕਾਰਨ ਪ੍ਰਭਾਵਿਤ ਸਿੱਖਾਂ ਦੇ ਧਾਰਮਿਕ ਅਸਥਾਨ ਸ੍ਰੀ ਕਰਤਾਰਪੁਰ ਸਾਹਿਬ ਦਾ ਕੰਪਲੈਕਸ ਪੂਰੀ ਤਰ੍ਹਾਂ ਸਾਫ਼ ਹੈ ਅਤੇ ਇਸ ਨੂੰ ਸ਼ਰਧਾਲੂਆਂ ਲਈ ਖੋਲ੍ਹ ਦਿੱਤਾ ਗਿਆ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੇ ਕਿਹਾ, "ਹਾਲ ਹੀ 'ਚ ਮੌਨਸੂਨੀ ਮੀਂਹ ਦੌਰਾਨ ਕਰਤਾਰਪੁਰ ਸਾਹਿਬ ਹੜ੍ਹ ਨਾਲ ਪ੍ਰਭਾਵਿਤ ਹੋਇਆ ਸੀ, ਪਰ ਹੁਣ ਇਹ ਪੂਰੀ ਤਰ੍ਹਾਂ ਸਾਫ਼ ਹੈ।"

ਦੱਸਣਯੋਗ ਹੈ ਕਿ ਪੰਜਾਬ ਜੋ ਕਿ ਪਾਕਿਸਤਾਨ ਦਾ ਸਭ ਵੱਡਾ ਸੂਬਾ ਹੈ, ਵਿੱਚ ਅਗਸਤ ਮਹੀਨੇ ਦੇ ਆਖਰ 'ਚ ਭਾਰੀ ਹੜ੍ਹ ਆਏ ਸਨ, ਜਿਸ ਕਾਰਨ ਵੱਡੇ ਪੈਮਾਨੇ 'ਤੇ ਤਬਾਹੀ ਹੋਈ ਸੀ। ਗੁਰਦੁਆਰਾ ਸਾਹਿਬ ਕੰਪਲੈਕਸ 'ਚ ਪਾਣੀ ਭਰ ਗਿਆ ਸੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਸਰੂਪ ਤੇ ਸੇਵਾਦਾਰ ਪਹਿਲੀ ਮੰਜ਼ਿਲ 'ਤੇ ਸੁਰੱਖਿਅਤ ਰਹੇ ਸਨ, ਜਿਨ੍ਹਾਂ ਨੂੰ ਬਾਅਦ ਵਿੱਚ ਉੱਥੋਂ ਬਾਹਰ ਕੱਢ ਲਿਆ ਗਿਆ ਸੀ।

ਕਰਤਾਰਪੁਰ ਕੌਰੀਡੋਰ ਦਾ ਉਦਘਾਟਨ 2019 ਵਿੱਚ ਕੀਤਾ ਗਿਆ ਸੀ। ਇਹ ਲਾਂਘਾ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਕਰਤਾਰਪੁਰ (ਪਾਕਿਸਤਾਨ) ਜਿੱਥੇ ਗੁਰੂ ਨਾਨਕ ਦੇਵ ਜੀ ਨੇ ਆਖਰੀ ਸਮਾਂ ਬਿਤਾਇਆ ਸੀ, ਨੂੰ ਭਾਰਤੀ ਪੰਜਾਬ ਦੇ ਜ਼ਿਲ੍ਹੇ ਗੁਰਦਾਸਪੁਰ 'ਚ ਪੈਂਦੇ ਗੁਰਦੁਆਰਾ ਡੇਰਾ ਬਾਬਾ ਨਾਨਕ ਨਾਲ ਜੋੜਦਾ ਹੈ। ਇਹ ਗਲਿਆਰਾ 4.7 ਕਿਲੋਮੀਟਰ ਲੰਬਾ ਹੈ ਜਿਸ ਰਾਹੀਂ ਭਾਰਤੀ ਸ਼ਰਧਾਲੂ ਬਿਨਾਂ ਵੀਜ਼ੇ ਤੋਂ ਕਰਤਾਰਪੁਰ ਸਾਹਿਬ ਵਿਖੇ ਦਰਸ਼ਨ ਕਰਨ ਜਾਂਦੇ ਹਨ। ਹਾਲਾਂਕਿ ਭਾਰਤ ਨੇ ਪਾਕਿਸਤਾਨ-ਸਮਰਥਿਤ ਦਹਿਸ਼ਤਗਰਦਾਂ ਵੱਲੋਂ ਪਹਿਲਗਾਮ 'ਚ ਹਮਲਾ ਕੀਤੇ ਜਾਣ ਮਗਰੋਂ 7 ਮਈ ਨੂੰ ਲਾਂਘੇ ਰਾਹੀਂ ਸੰਚਾਲਨ ਮੁਅੱਤਲ ਕਰ ਦਿੱਤਾ ਸੀ। ਇਹ ਸੰਚਾਲਨ ਹਾਲੇ ਤੱਕ ਬਹਾਲ ਨਹੀਂ ਹੋਇਆ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਾਲ ਹੀ 'ਚ ਗਲਿਆਰਾ ਮੁੜ ਖੋਲ੍ਹਣ 'ਤੇ ਜ਼ੋਰ ਦਿੱਤਾ ਸੀ ਅਤੇ ਆਖਿਆ ਸੀ ਕਿ ਉਹ ਜਲਦੀ ਹੀ ਇਸ ਸਬੰਧੀ ਕੇਂਦਰ ਨੂੰ ਪੱਤਰ ਲਿਖਣਗੇ।

(ਬਾਕੀ ਸਫ਼ਾ 26 'ਤੇ)

# ਬੰਦੀ ਸਿੰਘਾਂ ਦੀ ਰਿਹਾਈ ਲਈ ਪੈਦਲ ਮਾਰਚ 10 ਨਵੰਬਰ ਨੂੰ: ਮੰਡ



ਅੰਮ੍ਰਿਤਸਰ/ਏ.ਟੀ.ਨਿਊਜ਼: ਮੁਤਵਾਜੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਕਿਹਾ ਕਿ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ 2015 ਦੇ ਸਰਬੱਤ ਖ਼ਾਲਸਾ ਸੰਮੇਲਨ ਦੀ ਸਮੁੱਚੀ ਟੀਮ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ 10 ਨਵੰਬਰ ਨੂੰ ਪੈਦਲ ਮਾਰਚ ਸ਼ੁਰੂ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਮਾਰਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ੁਰੂ ਹੋ ਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਹੁੰਦਾ ਹੋਇਆ ਵਾਪਸ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੰਪੂਰਨਤਾ ਕਰੇਗਾ। ਉਨ੍ਹਾਂ ਕਿਹਾ ਕਿ ਜੇਲ੍ਹ ਵਿੱਚ ਬੰਦ ਸੁਧੀਰ ਸੂਰੀ ਦੇ ਕਤਲ ਦੇ ਦੋਸ਼ ਵਿੱਚ ਸੰਦੀਪ ਸਿੰਘ ਦੇ ਮਾਮਲੇ ਵਿੱਚ ਜੇਲ੍ਹ ਪ੍ਰਸ਼ਾਸ਼ਨ ਤੇ ਪੰਜਾਬ ਸਰਕਾਰ ਨੂੰ ਕਾਨੂੰਨ ਮੁਤਾਬਿਕ ਕਾਰਵਾਈ ਕਰਨੀ ਚਾਹੀਦੀ ਹੈ, ਇਸ ਮਾਮਲੇ ਵਿੱਚ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਸਾਰੀਆਂ ਹੀ ਸਿੱਖ ਜਥੇਬੰਦੀਆਂ ਅਤੇ ਸੰਸਥਾਵਾਂ ਨੂੰ ਆਪਣੇ ਵਖਰੇਵੇਂ ਛੱਡਦਿਆਂ ਇੱਕ ਹੋ ਕੇ ਚਲਣਾ ਚਾਹੀਦਾ ਹੈ। ਇਸ ਮੌਕੇ 2015 ਦੇ ਸਰਬੱਤ ਖਾਲਸਾ ਸੰਮੇਲਨ ਦੇ ਮੁੱਖ ਪ੍ਰਬੰਧਕ ਭਾਈ ਜਰਨੈਲ ਸਿੰਘ ਸਖੀਰਾ, ਭਾਈ ਮੋਹਕਮ ਸਿੰਘ, ਭਾਈ ਸਤਨਾਮ ਸਿੰਘ ਮਨਾਵਾ ਜਸਲੀਨ ਸਿੰਘ ਸਖੀਰਾ, ਪਰਮਜੀਤ ਸਿੰਘ ਆਦਿ ਹਾਜ਼ਰ ਸਨ।

# ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੜ੍ਹ ਰਾਹਤ ਸੇਵਾਵਾਂ ਲਈ ਵੈੱਬਸਾਈਟ ਜਾਰੀ



ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਅੰਦਰ ਹੜ੍ਹ ਪ੍ਰਭਾਵਿਤ ਲੋਕਾਂ ਲਈ ਰਾਹਤ ਸੇਵਾਵਾਂ ਨੂੰ ਸੰਗਠਤ, ਸਾਰਥਿਕ ਤੇ ਢੁੱਕਵੇਂ ਢੰਗ ਨਾਲ ਕਰਵਾਉਣ ਦੇ ਮੰਤਵ ਨਾਲ ਸਰਕਾਰ ਏ ਖ਼ਾਲਸਾ ਨਾਮ ਦੀ ਵੈੱਬਸਾਈਟ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤੀ।

ਉਨ੍ਹਾਂ ਪੰਜਾਬ ਅੰਦਰ ਸੇਵਾ ਤੇ ਰਾਹਤ ਕਾਰਜ ਕਰ ਰਹੀਆਂ ਸਮੂਹ ਜਥੇਬੰਦੀਆਂ, ਸੰਸਥਾਵਾਂ, ਸ਼ਖ਼ਸੀਅਤਾਂ ਤੇ ਸਮੂਹਾਂ ਨੂੰ ਅਪੀਲ ਕੀਤੀ ਕਿ ਉਹ ਇਸ ਵੈੱਬਸਾਈਟ 'ਤੇ ਆਪਣੀ ਜਥੇਬੰਦੀ ਤੇ ਸੇਵਾਵਾਂ ਸਬੰਧੀ ਵੇਰਵਿਆਂ ਨੂੰ ਰਜਿਸਟਰ ਕਰਨ ਤਾਂ ਜੋ ਨੀਤੀਗਤ ਢੰਗ ਨਾਲ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਸਿੱਖ ਗੁਰੂਆਂ ਵੱਲੋਂ ਚਲਾਇਆ ਹੋਇਆ ਖ਼ਾਲਸਾ ਪੰਥ ਸਰਬੱਤ ਦੇ ਭਲੇ ਦੀ ਗੱਲ ਕਰਦਾ ਹੈ ਅਤੇ ਇਸੇ ਤੋਂ ਪ੍ਰੇਰਿਤ ਹੋ ਕੇ ਸਿੱਖ ਜਾਂ ਸਿੱਖ ਸੰਸਥਾਵਾਂ ਹਮੇਸ਼ਾ ਹੀ ਕੁਦਰਤੀ ਆਫ਼ਤ ਜਾਂ ਹੋਰ ਸਮੱਸਿਆ ਤੋਂ ਜੂਝਦੇ ਲੋਕਾਂ ਦੀ ਬਿਨਾਂ ਕਿਸੇ ਵਿਤਕਰੇ ਤੋਂ ਮਦਦ ਕਰਦੀਆਂ ਹਨ।

ਜਥੇਦਾਰ ਨੇ ਕਿਹਾ ਕਿ ਬੀਤੇ ਦਿਨੀਂ ਜੋ ਪੰਜਾਬ ਅੰਦਰ ਹੜ੍ਹਾਂ ਦੀ ਗੰਭੀਰ ਮਾਰ ਪਈ ਹੈ, ਲੋਕਾਂ ਦਾ ਜਾਨੀ ਤੇ ਮਾਲੀ ਨੁਕਸਾਨ ਹੋਇਆ, ਉਸ ਉਪਰੰਤ ਕਈ ਸਿੱਖਾਂ ਤੇ ਸਿੱਖ ਸੰਸਥਾਵਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੱਕ ਪਹੁੰਚ ਕੀਤੀ ਕਿ ਸੰਸਥਾਵਾਂ ਰਾਹਤ ਸੇਵਾਵਾਂ ਤਾਂ ਕਰ ਰਹੀਆਂ ਹਨ ਪਰ ਇਨ੍ਹਾਂ ਦਾ ਆਪਸੀ ਤਾਲਮੇਲ ਤੇ ਪਾਰਦਰਸ਼ਤਾ ਹੋਣੀ ਜ਼ਰੂਰੀ ਹੈ ਤਾਂ ਜੋ ਦਸਵੰਧ ਵਿਅਰਥ ਨਾ ਜਾਵੇ ਅਤੇ ਪ੍ਰਭਾਵਿਤ ਤੇ ਲੋੜਵੰਦ ਲੋਕਾਂ ਤੱਕ ਮਦਦ ਪਹੁੰਚੇ। ਇਸ ਸਬੰਧੀ ਸੇਵਾ ਕਰ ਰਹੀਆਂ ਸਮੂਹ ਸੰਸਥਾਵਾਂ, ਸ਼ਖ਼ਸੀਅਤਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪਿਛਲੇ ਦਿਨੀਂ ਮੀਟਿੰਗ ਕੀਤੀ ਗਈ ਸੀ ਅਤੇ ਸੁਝਾਅ ਲਏ ਗਏ ਸਨ, ਜਿਸ ਤੋਂ ਬਾਅਦ ਇਹ ਵੈੱਬਸਾਈਟ ਤਿਆਰ ਕਰਨ ਦਾ ਫ਼ੈਸਲਾ ਲਿਆ ਗਿਆ ਸੀ।

ਜਥੇਦਾਰ ਨੇ ਕਿਹਾ ਕਿ ਸਰਕਾਰ-ਏ-ਖ਼ਾਲਸਾ ਵੈੱਬਸਾਈਟ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ ਖ਼ਾਲਸਾ ਪੰਥ ਵੱਲੋਂ ਕੀਤਾ ਗਿਆ ਇੱਕ ਉਪਰਾਲਾ ਹੈ। ਜਿਸ ਰਾਹੀਂ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਨੂੰ ਸਾਕਾਰ ਕਰਦਿਆਂ ਰਾਹਤ ਸੇਵਾਵਾਂ ਕਰ ਰਹੀਆਂ ਵੱਖ-ਵੱਖ ਸੰਸਥਾਵਾਂ ਨੂੰ ਸੰਗਠਤ ਕਰਕੇ ਤੇ ਇਨ੍ਹਾਂ ਦੇ ਤਾਲਮੇਲ ਰਾਹੀਂ ਦਸਵੰਧ ਨੂੰ ਸਾਰਥਕ ਤੇ ਢੁੱਕਵੇਂ ਰੂਪ ਵਿੱਚ ਲਗਾਉਣ ਤੇ ਕੌਮ ਅਤੇ ਮਨੁੱਖਤਾ ਦੇ ਭਵਿੱਖ ਲਈ ਲੋੜੀਂਦੀਆਂ ਸੇਵਾਵਾਂ ਲਈ ਵਰਤਣ ਦਾ ਇੱਕ ਯਤਨ ਹੈ। ਉਨ੍ਹਾਂ ਕਿਹਾ ਕਿ ਮੁੱਢਲੇ ਤੌਰ 'ਤੇ ਇਸ ਮੰਚ ਰਾਹੀਂ ਕੁੱਲ ਛੇ ਤਰ੍ਹਾਂ ਦੀਆਂ ਸੇਵਾਵਾਂ ਮੁਹੱਈਆ ਕਰਵਾਉਣ ਦੇ ਕਾਰਜ ਕੀਤੇ ਜਾਣਗੇ, ਜਿਨ੍ਹਾਂ ਵਿੱਚ ਖੇਤ ਪੱਧਰ ਕਰਨਾ, ਘਰਾਂ ਦੀ ਸੇਵਾ, ਪਸ਼ੂ ਧਨ ਦੀ ਸੇਵਾ, ਸਿਹਤ ਸੇਵਾ, ਸਿੱਖਿਆ ਸੇਵਾ ਅਤੇ ਹੋਰ ਸੇਵਾਵਾਂ ਸ਼ਾਮਲ ਹਨ।

ਉਨ੍ਹਾਂ ਕਿਹਾ ਕਿ ਸੰਸਥਾਵਾਂ ਵੱਲੋਂ ਇਸ ਮੰਚ ਨੂੰ ਚੰਗਾ ਹੁੰਗਾਰਾ ਮਿਲਿਆ ਹੈ ਅਤੇ ਉਮੀਦ ਹੈ ਕਿ ਇਸ ਰਾਹੀਂ ਹੜ੍ਹ ਪ੍ਰਭਾਵਿਤਾਂ ਲਈ ਪ੍ਰਭਾਵਸ਼ਾਲੀ ਰਾਹਤ ਤੇ ਮੁੜ ਵਸੇਬੇ ਦੇ ਕਾਰਜ ਕੀਤੇ ਜਾ ਸਕਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਾਸੀ ਕੋਈ ਵੀ ਮਾਈ ਭਾਈ ਭਾਵੇਂ ਕਿਸੇ ਵੀ ਧਰਮ ਤੋਂ ਹੋਵੇ ਇਸ ਵੈੱਬਸਾਈਟ ਉੱਤੇ ਰਜਿਸਟਰ ਕਰਕੇ ਮਦਦ ਦੀ ਲੋੜ ਬਾਰੇ ਜਾਂ ਜੋ ਸੇਵਾ ਕਰ ਸਕਦਾ ਹੋਵੇ, ਆਪਣੀ ਜਾਣਕਾਰੀ ਮੁਹੱਈਆ ਕਰਵਾ ਸਕਦਾ ਹੈ। ਇੱਕ ਵਾਰ ਜਾਣਕਾਰੀ ਰਜਿਸਟਰ ਹੋਣ ਉਪਰੰਤ ਉਸ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਨਿਯੁਕਤ ਸੇਵਾਦਾਰ ਵਾਲੰਟੀਅਰਾਂ ਵੱਲੋਂ ਤਸਦੀਕ ਕੀਤੀ ਜਾਵੇਗੀ ਅਤੇ ਸਹੀ ਹੋਣ ਉਪਰੰਤ ਸੇਵਾ ਕਰਨ ਵਾਲੀ ਸੰਸਥਾ ਨੂੰ ਕਾਰਜ ਸੌਂਪ ਦਿੱਤਾ ਜਾਵੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਪੰਜਾਬ ਦੀ ਸਿਆਸਤ 'ਤੇ ਡੇਰਾਵਾਦ ਦਾ ਪ੍ਰਭਾਵ

ਲੰਘੇ ਦਿਨੀਂ ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਵੱਲੋਂ ਨਾਭਾ ਜੇਲ੍ਹ ਵਿੱਚ ਬੰਦ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨਾਲ ਕੀਤੀ ਗਈ ਮੁਲਾਕਾਤ ਨੇ ਪੰਜਾਬ ਦੀ ਸਿਆਸਤ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ। ਡੇਰਾ ਬਿਆਸ ਮੁਖੀ ਢਿੱਲੋਂ ਅਸਲ ਵਿੱਚ ਬਿਕਰਮ ਮਜੀਠੀਆ ਦੇ ਸਹੁਰਾ ਪਰਿਵਾਰ ਵੱਲੋਂ ਰਿਸ਼ਤੇਦਾਰ ਹਨ। ਪੰਜਾਬ ਦੇ ਉੱਚ ਸਿਆਸੀ ਗਲਿਆਰਿਆਂ ਤੋਂ ਲੈ ਕੇ ਪਿੰਡਾਂ ਦੀਆਂ ਸੱਥਾਂ ਤੱਕ ਡੇਰਾ ਬਿਆਸ ਮੁਖੀ ਅਤੇ ਬਿਕਰਮ ਮਜੀਠੀਆ ਵਿਚਾਲੇ ਹੋਈ ਮੁਲਾਕਾਤ ਤੋਂ ਬਾਅਦ ਕਿਆਸ ਅਰਾਈਆਂ ਦਾ ਦੌਰ ਸ਼ੁਰੂ ਹੋ ਗਿਆ ਹੈ ਭਾਵੇਂ ਕਿ ਇਸ ਮੁਲਾਕਾਤ ਦਾ ਭੇਦ ਅਜੇ ਤੱਕ ਨਹੀਂ ਖੁੱਲ੍ਹਿਆ। ਇਸ ਮੁਲਾਕਾਤ ਨੇ ਸਿਆਸੀ ਪਾਰਟੀਆਂ ਅਤੇ ਡੇਰਿਆਂ ਵਿਚਾਲੇ ਮੇਲ ਜੋਲ ਨੂੰ ਉਜਾਗਰ ਕੀਤਾ ਹੈ। ਉਂਝ ਵੀ ਪੰਜਾਬ ਦੀ ਸਿਆਸਤ ਵੱਖ- ਵੱਖ ਡੇਰਿਆਂ ਦਾ ਪ੍ਰਭਾਵ ਲੰਬੇ ਸਮੇਂ ਤੋਂ ਕਬੂਲਦੀ ਆ ਰਹੀ ਹੈ।

ਪੰਜਾਬ ਦੇ ਡੇਰਿਆਂ 'ਚ ਸਭ ਤੋਂ ਪੁਰਾਣਾ ਤੇ ਵਿਸ਼ਾਲ ਘੇਰੇ ਵਾਲਾ ਧਾਰਮਿਕ ਡੇਰਾ ਰਾਧਾ ਸੁਆਮੀ ਹੈ, ਜਿਸ ਦੀ ਮਾਨਤਾ ਨਾ ਸਿਰਫ਼ ਪੰਜਾਬ ਬਲਕਿ ਹੋਰਨਾਂ ਸੂਬਿਆਂ ਤੇ ਵਿਦੇਸ਼ਾਂ ਤੱਕ ਵੀ ਹੈ। ਇਸ ਡੇਰੇ ਨਾਲ ਹਰ ਪਾਰਟੀ ਦੇ ਆਗੂ ਸਿੱਧੇ ਤੌਰ 'ਤੇ ਵੀ ਜੁੜੇ ਹੋਏ ਹਨ ਜੋ ਕਿ ਡੇਰੇ ਦੇ ਪੱਕੇ ਸ਼ਰਧਾਲੂ ਹਨ। ਇੱਥੇ ਸੂਬਾਈ ਤੋਂ ਇਲਾਵਾ ਕੌਮੀ ਪੱਧਰ ਦੇ ਸਿਆਸਤਦਾਨ ਵੀ ਡੇਰਾ ਮੁਖੀ ਕੋਲ ਆ ਚੁੱਕੇ ਹਨ ਅਤੇ ਅਕਸਰ ਹੀ ਚੁੱਪ-ਚੁਪੀਤੇ ਡੇਰੇ ਪਹੁੰਚ ਜਾਂਦੇ ਹਨ। ਡੇਰਾ ਰਾਧਾ ਸੁਆਮੀ ਦੇ ਸਤਿਸੰਗ ਘਰ ਹਰ ਕਸਬੇ ਤੇ ਸ਼ਹਿਰ ਅੰਦਰ ਮੌਜੂਦ ਹਨ, ਜਿੱਥੇ ਵੱਡੀ ਗਿਣਤੀ 'ਚ ਸ਼ਰਧਾਲੂ ਆਉਂਦੇ ਹਨ। ਭਾਰਤ ਦੇ ਪ੍ਰਧਾਨ ਮੰਤਰੀ ਮੋਦੀ, ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਅਤੇ ਹੋਰ ਸੀਨੀਅਰ ਰਾਸ਼ਟਰੀ ਸਿਆਸੀ ਆਗੂ ਵੀ ਡੇਰਾ ਬਿਆਸ ਸਮੇਂ ਸਮੇਂ 'ਤੇ ਆਪਣੀ ਹਾਜ਼ਰੀ ਲਵਾ ਚੁੱਕੇ ਹਨ। ਭਾਵੇਂ ਕਿ ਡੇਰਾ ਬਿਆਸ ਵੱਲੋਂ ਸਿਆਸਤ ਵਿੱਚ ਹਿੱਸਾ ਨਾ ਲੈਣ ਦਾ ਐਲਾਨ ਕੀਤਾ ਜਾਂਦਾ ਹੈ ਪਰ ਸਿਆਸੀ ਆਗੂਆਂ ਨੂੰ ਤਾਂ ਡੇਰਾ ਮੁਖੀ ਦਾ ਆਸ਼ੀਰਵਾਦ ਅਤੇ ਸੰਕੇਤ ਹੀ ਕਾਫ਼ੀ ਹੁੰਦਾ ਹੈ।

ਇਸ ਸੱਚਾਈ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਪੰਜਾਬ ਦੀ ਸਿਆਸਤ 'ਤੇ ਧਾਰਮਿਕ ਡੇਰਿਆਂ ਦਾ ਬਹੁਤ ਵੱਡਾ ਪ੍ਰਭਾਵ ਹੈ। ਸੂਬੇ ਅੰਦਰ ਮੌਜੂਦਾ ਸਮੇਂ ਛੋਟੇ-ਵੱਡੇ 7000 ਦੇ ਕਰੀਬ ਧਾਰਮਿਕ ਡੇਰੇ ਹਨ। ਡੇਰਾ ਬਿਆਸ, ਡੇਰਾ ਸੰਤ ਬਾਬਾ ਸਰਵਣ ਦਾਸ ਮਹਾਰਾਜ ਸੱਚਖੰਡ ਬੱਲਾਂ, ਨੂਰਮਹਿਲ ਸਥਿਤ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਤੋਂ ਇਲਾਵਾ ਹਰਿਆਣਾ ਦੇ ਡੇਰਾ ਸਿਰਸਾ ਦਾ ਵੀ ਪੰਜਾਬ 'ਚ ਵੱਡਾ ਪ੍ਰਭਾਵ ਹੈ। ਇਹਨਾਂ ਮੁੱਖ ਡੇਰਿਆਂ ਤੋਂ ਇਲਾਵਾ ਪੰਜਾਬ ਅੰਦਰ ਸੰਤ ਨਿਰੰਕਾਰੀ ਮਿਸ਼ਨ, ਨਾਮਧਾਰੀ ਸੰਪਰਦਾ ਭੈਣੀ ਸਾਹਿਬ, ਡੇਰਾ ਸੰਤ ਪ੍ਰੀਤਮ ਦਾਸ ਜੀ ਜੌੜੇ ਬਾਬੇ ਜਲੰਧਰ, ਭਗਵਾਨ ਵਾਲਮੀਕਿ ਆਸ਼ਰਮ ਰਾਮ ਤੀਰਥ ਅੰਮ੍ਰਿਤਸਰ, ਨਾਨਕਸਰ ਕਲੇਰਾਂ ਵਾਲੇ ਜਗਰਾਓਂ, ਡੇਰਾ ਲੋਪੋਂ ਮੋਗਾ, ਸਵਾਮੀ ਜਗਤ ਗਿਰੀ ਆਸ਼ਰਮ ਪਠਾਨਕੋਟ, ਡੇਰਾ ਬਾਲ ਯੋਗੀ ਬਾਬਾ ਪ੍ਰਗਟ ਨਾਥ ਰਹੀਮਪੁਰ ਨਕੋਦਰ, ਬਾਬਾ ਲਾਲ ਦਿਆਲ ਜੀ ਧਿਆਨਪੁਰ ਧਾਮ, ਡੇਰਾ ਸੰਤ ਪ੍ਰੇਮ ਸਿੰਘ ਜੀ ਮੁਰਾਰੇ ਵਾਲੇ, ਸੰਤ ਬਾਬਾ ਹਜ਼ਾਰਾ ਸਿੰਘ ਜੀ ਨਿੱਕੇ ਘੁੰਮਣ, ਬਾਬਾ ਪਿਆਰਾ ਸਿੰਘ ਭਨਿਆਰਾਵਾਲਾ ਡੇਰਾ, ਸੰਤ ਅਜੀਤ ਸਿੰਘ ਹੰਸਾਲੀ ਸਾਹਿਬ ਵਾਲੇ, ਸੰਤ ਦਯਾ ਸਿੰਘ ਸੁਰਸਿੰਘ ਵਾਲੇ, ਪਰਮੇਸ਼ਵਰ ਦਵਾਰ ਗੁਰਮਤਿ ਪ੍ਰਚਾਰ ਸੇਵਾ ਮਿਸ਼ਨ, ਡੇਰਾ ਬਾਬਾ ਰੂਮੀ ਕਲਾਂ ਭੁੱਚੋ ਮੰਡੀ, ਪਾਸਟਰ ਅੰਕੁਰ ਨਰੂਲਾ ਚਰਚ ਖਾਂਬਰਾ ਜਲੰਧਰ, ਦ ਓਪਨ ਡੋਰ ਚਰਚ ਖੋਜੇਵਾਲਾ ਆਦਿ ਡੇਰੇ ਵੀ ਵੱਖ-ਵੱਖ ਵਰਗ ਦੇ ਲੋਕਾਂ 'ਚ ਕਾਫੀ ਪ੍ਰਭਾਵ ਰੱਖਦੇ ਹਨ।

ਪੰਜਾਬ ਵਿੱਚ ਜਦੋਂ ਖਾੜਕੂਵਾਦ ਸੀ ਤਾਂ ਉਦੋਂ ਵੱਖ- ਵੱਖ ਡੇਰਿਆਂ ਦੀਆਂ ਸਰਗਰਮੀਆਂ ਵੀ ਸੀਮਿਤ ਸਨ ਅਤੇ ਸਿਆਸੀ ਆਗੂ ਵੀ ਡੇਰਿਆਂ 'ਤੇ ਜਾਣ ਤੋਂ ਗੁਰੇਜ਼ ਕਰਦੇ ਸਨ ਪਰ ਪਿਛਲੇ ਕੁਝ ਦਹਾਕਿਆਂ ਤੋਂ ਸੂਬੇ ਅੰਦਰ ਹਰ ਪ੍ਰਕਾਰ ਦੀਆਂ ਚੋਣਾਂ ਦੌਰਾਨ ਇਨ੍ਹਾਂ ਡੇਰਿਆਂ ਦਾ ਕਿਸੇ ਵੀ ਪਾਰਟੀ ਦੀ ਜਿੱਤ ਜਾਂ ਹਾਰ 'ਚ ਵੱਡਾ ਯੋਗਦਾਨ ਰਿਹਾ ਹੈ। ਇਨ੍ਹਾਂ ਡੇਰਿਆਂ ਦਾ ਵੱਖ-ਵੱਖ ਖਿੱਤਿਆਂ ਤੇ ਜ਼ਿਲ੍ਹਿਆਂ ਅੰਦਰ ਵੱਖੋ-ਵੱਖਰੀ ਤਰ੍ਹਾਂ ਦਾ ਪ੍ਰਭਾਵ ਹੈ। ਸਿਆਸਤਦਾਨ ਚਾਹੇ ਉਹ ਸੱਤਾ ਵਿੱਚ ਹੋਣ ਜਾਂ ਨਾ, ਇਨ੍ਹਾਂ ਡੇਰਿਆਂ 'ਚ ਅਕਸਰ ਹੀ ਹਾਜ਼ਰੀ ਭਰਦੇ ਰਹਿੰਦੇ ਹਨ। ਇਸ ਤਰ੍ਹਾਂ ਸਿਆਸੀ ਆਗੂ ਉਕਤ ਡੇਰਿਆਂ ਦੇ ਸ਼ਰਧਾਲੂਆਂ 'ਚ ਇਹ ਸੰਦੇਸ਼ ਪਹੁੰਚਾਉਣ ਦਾ ਯਤਨ ਕਰਦੇ ਹਨ ਕਿ ਉਹ ਡੇਰੇ ਦੇ ਕਰੀਬੀ ਹਨ। ਬਹੁਤੇ ਡੇਰੇ ਚੋਣਾਂ ਦੌਰਾਨ ਸਿੱਧੇ ਜਾਂ ਅਸਿੱਧੇ ਤੌਰ 'ਤੇ ਲੀਡਰਾਂ ਦੀ ਮਦਦ ਕਰਨ ਬਾਰੇ ਆਪਣੇ ਸ਼ਰਧਾਲੂਆਂ ਨੂੰ ਕੋਈ ਆਦੇਸ਼ ਜਾਰੀ ਨਹੀਂ ਕਰਦੇ। ਹਾਲਾਂ ਕਿ ਮਾਲਵੇ ਖ਼ਿੱਤੇ 'ਚ ਵਧੇਰੇ ਪ੍ਰਭਾਵ ਰੱਖਣ ਵਾਲਾ ਡੇਰਾ ਸੱਚਾ ਸੌਦਾ ਸਿਆਸੀ ਲੀਡਰਾਂ ਦੀ ਚੋਣਾਂ ਦੌਰਾਨ ਮਦਦ ਕਰਨ ਜਾਂ ਨਾ ਕਰਨ ਬਾਰੇ ਸ਼ਰਧਾਲੂਆਂ ਨੂੰ ਦਿਸ਼ਾ-ਨਿਰਦੇਸ਼ ਜਾਰੀ ਕਰਦਾ ਰਿਹਾ ਹੈ। ਡੇਰਾ ਸਿਰਸਾ ਵੱਲੋਂ ਤਾਂ ਪਹਿਲਾਂ ਆਪਣਾ ਵੱਖਰਾ ਸਿਆਸੀ ਵਿੰਗ ਵੀ ਬਣਾਇਆ ਹੋਇਆ ਸੀ ਜੋ ਕਿ ਹਰ ਤਰ੍ਹਾਂ ਦੀਆਂ ਚੋਣਾਂ ਸਮੇਂ ਕਿਸੇ ਵੀ ਸਿਆਸੀ ਪਾਰਟੀ ਜਾਂ ਉਮੀਦਵਾਰ ਦੀ ਹਮਾਇਤ ਕਰਨ ਜਾਂ ਨਾ ਕਰਨ ਸਬੰਧੀ ਫੈਸਲੇ ਲਿਆ ਕਰਦਾ ਸੀ। ਮਾਲਵੇ ਖ਼ਿੱਤੇ ਦੀ ਸਿਆਸਤ 'ਚ ਡੇਰਾ ਸੱਚਾ ਸੌਦਾ ਸਿਰਸਾ ਸਭ ਤੋਂ ਵਧੇਰੇ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਮਾਲਵੇ ਦੇ ਚਾਰ ਜ਼ਿਲ੍ਹਿਆਂ ਬਠਿੰਡਾ, ਮਾਨਸਾ, ਮੁਕਤਸਰ ਅਤੇ ਫਾਜ਼ਿਲਕਾ ਵਿਚ ਡੇਰੇ ਦੇ ਪੈਰੋਕਾਰਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ, ਜਦੋਂ ਕਿ ਬਾਕੀ ਜ਼ਿਲ੍ਹਿਆਂ 'ਚ ਡੇਰਾ ਪ੍ਰੇਮੀਆਂ ਦੀ ਗਿਣਤੀ ਕੁੱਝ ਘੱਟ ਹੈ। ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਵਿਚ ਡੇਰਾ ਸਿਰਸਾ ਦੀ ਹਮਾਇਤ ਲੈਣ ਲਈ ਸਾਰੀਆਂ ਹੀ ਰਾਜਸੀ ਪਾਰਟੀਆਂ ਦੇ ਆਗੂ ਡੇਰਾ ਸਿਰਸਾ ਵਿਖੇ ਮੁਖੀ ਦੀ ਸ਼ਰਨ ਵਿੱਚ ਪਹੁੰਚਦੇ ਰਹੇ ਹਨ।

ਪੰਜਾਬ 'ਚ ਅਗਲੀਆਂ ਵਿਧਾਨ ਸਭਾ ਚੋਣਾਂ ਹੋਣ ਵਿੱਚ ਕਰੀਬ ਡੇਢ ਸਾਲ ਦਾ ਸਮਾਂ ਪਿਆ ਹੈ, ਜਿਸ ਕਾਰਨ ਸਿਆਸੀ ਪਾਰਟੀਆਂ ਵੱਲੋਂ ਚੋਣ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਆਪਣੀਆਂ ਵੋਟਾਂ ਪੱਕੀਆਂ ਕਰਨ ਲਈ ਵੱਖ-ਵੱਖ ਸਿਆਸੀ ਆਗੂਆਂ ਵੱਲੋਂ ਵੱਖ- ਵੱਖ ਡੇਰਿਆਂ 'ਤੇ ਜਾਣ ਦਾ ਰੁਝਾਨ ਵੀ ਸ਼ੁਰੂ ਹੋ ਗਿਆ ਹੈ ਪਰ ਇੱਕ ਵੱਡੇ ਡੇਰੇ ਦੇ ਮੁਖੀ ਵੱਲੋਂ ਜੇਲ੍ਹ ਵਿੱਚ ਬੰਦ ਕਿਸੇ ਸਿਆਸੀ ਆਗੂ ਨਾਲ ਮੁਲਾਕਾਤ ਕਰਨਾ ਵੱਡੀ ਚਰਚਾ ਦਾ ਵਿਸ਼ਾ ਬਣ ਗਿਆ ਹੈ। ਇਸ ਮੁਲਾਕਾਤ ਨਾਲ ਪੰਜਾਬ ਦੀ ਸਿਆਸਤ 'ਚ ਨਵੇਂ ਸਮੀਕਰਨ ਬਣਦੇ ਦਿਖਾਈ ਦੇ ਰਹੇ ਹਨ।

# ਅਮਰੀਕਾ 'ਚ ਕਈ ਸਵਾਲ ਖੜ੍ਹੇ ਕਰ ਗਿਆ ਚਾਰਲੀ ਕਿਰਕ ਕਤਲ ਮਾਮਲਾ



ਦਰਬਾਰਾ ਸਿੰਘ ਕਾਹਲੋਂ
(ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ)।



ਅਮਰੀਕਾ 'ਚ 31 ਸਾਲਾ ਚਾਰਲੀ ਕਿਰਕ ਦੀ ਪਿਛਲੇ ਦਿਨੀਂ ਦੁਪਹਿਰ ਉਸ ਦੇ ਵਿਚਾਰਾਂ ਦੇ ਘੋਰ ਵਿਰੋਧੀ ਸਿਰਫਿਰੇ ਨੌਜਵਾਨ ਟਾਇਲਰ ਰਾਬਿਨਸਨ ਨੇ ਗ਼ੋਲ਼ੀ ਮਾਰ ਕੇ ਜਾਨ ਲੈ ਲਈ। ਉਸ ਨੂੰ 140 ਗਜ਼ ਦੂਰੀ ਤੋਂ ਇੰਪੋਰਟਿਡ 30-06 ਕੈਲੀਬਰ ਮਾਊਜ਼ਰ ਬੋਲਟ ਐਕਸ਼ਨ ਰਾਈਫਲ ਨਾਲ ਛੱਤ ਤੋਂ ਇੱਕ ਗੋਲ਼ੀ ਮਾਰੀ ਗਈ ਜੋ ਉਸ ਦੀ ਧੌਣ ਵਿੱਚ ਲੱਗੀ ਜਿਸ ਕਾਰਨ ਉਹ ਢੇਰ ਹੋ ਗਿਆ। ਜਦੋਂ ਉਹ ਯੂਟਾ ਵੈਲੀ ਯੂਨੀਵਰਸਿਟੀ, ਓਰਮ ਵਿਖੇ ਇੱਕ ਸਾਦਾ ਚਿੱਟੇ ਰੰਗ ਦੇ ਟੈਂਟ ਵਿੱਚ ਨੌਜਵਾਨਾਂ ਨਾਲ ਡਿਬੇਟ ਵਿੱਚ ਰੁੱਝਾ ਹੋਇਆ ਹੁੰਦਾ ਹੈ, ਉਦੋਂ ਇਹ ਘਟਨਾ ਵਾਪਰੀ। ਇਸ ਹਿਰਦਾ ਕੰਬਾਊ ਘਟਨਾ ਨੇ ਪੂਰੇ ਅਮਰੀਕਾ ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ ਹੈ। ਇਹ ਉਸੇ ਹਿੰਸਾ ਅਤੇ ਬੰਦੂਕ ਸੱਭਿਆਚਾਰ ਦਾ ਦਰਦਨਾਕ ਕਾਂਡ ਹੈ ਜੋ ਇਸ ਰਾਸ਼ਟਰ ਦੀ ਮਾਨਸਿਕਤਾ ਦਾ ਅਨਿੱਖੜਵਾਂ ਅੰਗ ਹੈ।

ਚਾਰਲੀ ਕਿਰਕ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਤਿ ਨੇੜਲੇ ਸਮਰਥਕਾਂ ਵਿੱਚੋਂ ਇੱਕ ਸੀ ਜਿਸ ਨੇ ਉਸ ਦੀ 6 ਜਨਵਰੀ 2021 ਵਿੱਚ ਅਮਰੀਕੀ ਕੈਪੀਟਲ 'ਤੇ ਉਸ ਦੇ ਹਮਾਇਤੀਆਂ ਵੱਲੋਂ ਹਮਲਾ ਕਰਨ ਦੀ ਯੋਜਨਾ ਵਿੱਚ ਵੱਡਾ ਯੋਗਦਾਨ ਪਾਉਣ ਅਤੇ ਸੰਨ 2024 ਵਿੱਚ ਉਸ ਦੀ ਚੋਣ ਮੁਹਿੰਮ ਵਿੱਚ ਸਭ ਤੋਂ ਵੱਧ 30 ਸਾਲਾਂ ਤੋਂ ਘੱਟ ਉਮਰ ਦੇ ਨੌਜਵਾਨ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਹੈਰਾਨਕੁੰਨ ਅਮਰੀਕੀ ਹਿੰਸਕ ਇਤਿਹਾਸ ਦੀ ਸਿਤਮਗਿਰੀ ਇਹ ਰਹੀ ਕਿ ਉਸ ਦਾ ਰਾਜਨੀਤਕ ਪਾਲਕ ਅਮਰੀਕੀ ਰਾਸ਼ਟਰਪਤੀ, ਜੋ ਵਿਸ਼ਵ ਦੇ ਸਭ ਤੋਂ ਤਾਕਤਵਰ ਦੇਸ਼ ਦਾ ਸਭ ਤੋਂ ਤਾਕਤਵਰ ਸ਼ਾਸਕ ਹੈ, ਉਸ ਦੀ ਰੱਖਿਆ ਨਾ ਕਰ ਸਕਿਆ। ਜਿਸ ਵੇਲੇ ਉਹ ਡਿਬੇਟ ਕਰ ਰਿਹਾ ਸੀ, ਕਰੀਬ 3000 ਨੌਜਵਾਨ ਉੱਥੇ ਮੌਜੂਦ ਸਨ। ਉਸ ਦੀ ਰੱਖਿਆ ਲਈ 15 ਗਾਰਡ ਉੱਥੇ ਮੌਜੂਦ ਸਨ।

ਚਾਰਲੀ ਕਿਰਕ ਇੱਕ ਰੱਜੇ-ਪੁੱਜੇ ਅਮਰੀਕੀ ਪਰਿਵਾਰ ਨਾਲ ਸਬੰਧਿਤ ਸੀ। ਉਸ ਦਾ ਪਿਤਾ ਇੱਕ ਮਸ਼ਹੂਰ ਆਰਕੀਟੈਕਟ ਅਤੇ ਮਾਂ ਮਾਨਸਿਕ ਸਿਹਤ ਕੌਂਸਲਰ ਸਨ। ਸਕੂਲ ਵਿੱਚ ਉਹ ਇੱਕ ਵਧੀਆ ਸਕਾਊਟ ਸੀ ਜਿਸ ਨੇ 'ਈਗਲ ਸਕਾਊਟ' ਖਿਤਾਬ ਜਿੱਤਿਆ ਸੀ। ਇਨਕਲਾਬੀ, ਰਾਸ਼ਟਰਵਾਦੀ ਤੇ ਦੇਸ਼ ਭਗਤ ਵਿਚਾਰਾਂ ਦਾ ਧਾਰਨੀ ਹੋਣ ਕਰਕੇ ਸਕੂਲ ਕੈਫੇ ਵਿੱਚ ਵਸਤਾਂ ਮਹਿੰਗੇ ਭਾਅ ਵੇਚਣ ਵਿਰੁੱਧ ਉਹ ਆਵਾਜ਼ ਉਠਾਉਂਦਾ। ਉਹ ਕਾਲਜ ਸਮੇਂ ਮਾਰਕਸਵਾਦੀ ਵਿਚਾਰਧਾਰਾ ਵਾਲੇ ਪ੍ਰੋਫੈਸਰਾਂ ਨਾਲ ਅਕਸਰ ਖਹਿਬੜ ਪੈਂਦਾ। ਉਹ ਹੋਮੋਫੋਬੀਆ ਤੇ ਇਸਲਾਮੋਫੋਬੀਆ ਵਿਰੋਧੀ ਸੀ।

ਉਸ ਨੇ ਮੌਤ ਵਾਲੇ ਹਫ਼ਤੇ ਵਿੱਚ ਟਵੀਟ ਕੀਤਾ ਸੀ ਕਿ ਉਹ ਇਸਲਾਮ ਨੂੰ ਖੱਬੇ ਪੱਖੀਆਂ ਦੇ ਹੱਥ ਅਮਰੀਕਾ ਦਾ ਗਲਾ ਕੱਟਣ ਵਾਲੀ ਤਲਵਾਰ ਸਮਝਦਾ ਹੈ। ਉਹ ਰਾਜਨੀਤੀ ਅਤੇ ਚਰਚ ਨੂੰ ਇੱਕ-ਦੂਜੇ ਤੋਂ ਵੱਖ ਨਹੀਂ ਸਮਝਦਾ। ਅਠਾਰਾਂ ਸਾਲ ਦੀ ਉਮਰ ਵਿੱਚ ਉਸ ਨੇ ਬਿਲ ਮੋਂਟਗੁਮਰੀ ਨਾਲ ਮਿਲ ਕੇ 'ਟਰਨਿੰਗ ਪੁਆਇੰਟ ਯੂਐੱਸਏ' ਸੰਸਥਾ ਸੰਨ 2012 ਵਿੱਚ ਸਥਾਪਤ ਕੀਤੀ। ਨੌਜਵਾਨਾਂ ਦੇ ਬੁਲਾਰੇ ਵਜੋਂ ਰੇਡੀਓ, ਟੈਲੀਵਿਜ਼ਨ ਅਤੇ ਹੋਰ ਸਟੇਜਾਂ 'ਤੇ ਆਪਣੇ ਵਿਚਾਰ ਪ੍ਰਗਟ ਕਰਦਾ ਰਿਹਾ। ਜਦੋਂ ਉਸ ਨੇ ਇਹ ਜਾਗ੍ਰਿਤੀ ਸੰਸਥਾ ਗਠਿਤ ਕੀਤੀ, ਇਸ ਦੀ ਆਮਦਨ 78000 ਡਾਲਰ ਸੀ।

ਸੰਨ 2024 ਵਿੱਚ ਇਸ ਦੀ ਸਾਲਾਨਾ ਆਮਦਨ 85 ਮਿਲੀਅਨ ਡਾਲਰ ਦਰਜ ਕੀਤੀ ਗਈ। ਉਸ ਦੇ ਇੱਕ ਪੋਡਕਾਸਟ ਸ਼ੋਅ ਵਿੱਚ 5 ਤੋਂ ਸਾਢੇ 7 ਲੱਖ ਲੋਕ ਸ਼ਮੂਲੀਅਤ ਕਰਦੇ। ਵਿਸ਼ਵ ਦੇ 25 ਮਕਬੂਲ ਪੋਡਕਾਸਟਾਂ ਵਿੱਚ ਉਸ ਦੇ ਪੋਡਕਾਸਟ ਦਾ ਸ਼ੁਮਾਰ ਸੀ। ਉਸ ਦੀ ਦੀ ਸੰਸਥਾ ਦੇ ਸਟਾਫ ਵਿੱਚ 450 ਲੋਕ ਸਨ। ਟਿਕਟਾਕ ਸਰਵੇ ਅਨੁਸਾਰ ਸੰਨ 2024 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਡੋਨਾਲਡ ਟਰੰਪ ਦੇ 30 ਤੋਂ ਘੱਟ ਉਮਰ ਦੇ ਜਿਨ੍ਹਾਂ ਹਮਾਇਤੀ ਨੌਜਵਾਨਾਂ ਨੇ ਵੋਟਾਂ ਪਾਈਆਂ, ਉਹ ਦਰਅਸਲ ਚਾਰਲੀ ਕਿਰਕ ਦੇ ਭਰੋਸੇਮੰਦ ਪੈਰੋਕਾਰ ਸਨ।

ਉਸ ਦੇ ਕਾਲੇ, ਯਹੂਦੀ, ਅੰਤਰਜਾਤੀ ਅਤੇ ਪਰਵਾਸੀ ਵਿਅਕਤੀਆਂ ਸਬੰਧੀ ਵਿਚਾਰ ਵਿਵਾਦਤ ਸਨ। ਉਹ ਯੂਨੀਵਰਸਿਟੀ ਤੇ ਕਾਲਜ ਕੈਂਪਸਾਂ ਵਿੱਚ ਨੌਜਵਾਨਾਂ ਨੂੰ ਡਿਬੇਟ ਲਈ ਵੰਗਾਰਦਾ ਤੇ ਚੁਣੌਤੀ ਦਿੰਦਾ ਕਿ ਉਹ ਉਸ ਦੇ ਵਿਚਾਰਾਂ ਨੂੰ ਗ਼ਲਤ ਸਾਬਿਤ ਕਰਨ। ਉਸ ਦਾ ਇਹ ਅੰਦਾਜ਼ ਲੱਖਾਂ ਦਰਸ਼ਕਾਂ ਨੂੰ ਪ੍ਰਭਾਵਿਤ ਕਰਦਾ। ਵੈਸੇ ਤਾਂ ਉਸ ਨੇ ਸੰਨ 2010 ਤੋਂ ਸੈਨੇਟਰ ਚੋਣਾਂ ਵੇਲੇ ਤੋਂ ਰਾਜਨੀਤੀ ਵਿੱਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਸੀ ਪਰ ਟੈਕਸਾਸ ਦੇ ਰਿਪਬਲੀਕਨ ਸੈਨੇਟਰ ਟੈੱਡ ਕਰੂਜ਼ ਅਤੇ ਵਿਸਕਾਂਸਨ ਦੇ ਸਾਬਕਾ ਗਵਰਨਰ ਸਕਾਟ ਵਾਕਰ ਦੀ ਹਮਾਇਤ ਤੋਂ ਬਾਅਦ ਉਹ ਸੰਨ 2016 ਵਿੱਚ ਡੋਨਾਲਡ ਟਰੰਪ ਦੀ ਹਮਾਇਤ 'ਤੇ ਐਸਾ ਆਇਆ ਕਿ ਫਿਰ ਉਸ ਨੇ ਪਿਛਾਂਹ ਨਹੀਂ ਤੱਕਿਆ। ਉਸ ਦੀ ਸੰਸਥਾ ਨੇ ਟਰੰਪ ਦੀਆਂ 2024 ਦੀਆਂ ਚੋਣਾਂ ਵਿੱਚ ਲੱਖਾਂ ਡਾਲਰ ਖ਼ਰਚ ਕੀਤੇ। ਸੰਨ 2021 ਵਿੱਚ ਉਸ ਨੇ ਏਰਿਕਾ ਫਰਾਂਟਜ਼ਵ ਨਾਲ ਸ਼ਾਦੀ ਕੀਤੀ। ਅਗਸਤ 2022 ਵਿੱਚ ਉਸ ਦੇ ਘਰ ਇੱਕ ਪੁੱਤਰੀ ਅਤੇ ਜੂਨ 2024 ਵਿੱਚ ਇੱਕ ਲੜਕੇ ਨੇ ਜਨਮ ਲਿਆ।

ਕਿਰਕ ਕੋਈ ਰਵਾਇਤੀ ਕਿਸਮ ਦਾ ਰਾਜਨੀਤੀਵਾਨ ਨਹੀਂ ਸੀ। ਉਹ ਆਧੁਨਿਕ ਪੀੜ੍ਹੀ ਦਾ ਧੜੱਲੇਦਾਰ ਰਾਸ਼ਟਰਵਾਦੀ ਆਗੂ ਸੀ। ਉਹ ਅਮਰੀਕੀ ਨੌਜਵਾਨਾਂ ਦੀ ਉੱਭਰਦੀ ਆਸ ਸੀ। ਉਹ ਆਧੁਨਿਕ ਤੇ ਤਾਕਤਵਰ ਅਮਰੀਕਾ ਨੂੰ ਨਵੇਂ ਸਿਰਿਓਂ ਤਹਿ ਕਰਨ ਦੀ ਸਮਰੱਥਾ ਰੱਖਣ ਵਾਲੇ ਪ੍ਰਤੀਬੱਧ ਨੌਜਵਾਨ ਆਗੂ ਵਜੋਂ ਤੇਜ਼ੀ ਨਾਲ ਉੱਭਰ ਰਿਹਾ ਸੀ। ਰੋਨਾਲਡ ਰੀਗਨ ਮਰਹੂਮ ਰਾਸ਼ਟਰਪਤੀ, ਅਮਰੀਕਾ ਬਾਰੇ ਕਹਿੰਦਾ ਸੀ, "ਪਹਾੜੀ 'ਤੇ ਇੱਕ ਚਮਕਦਾ ਸ਼ਹਿਰ।" ਚਾਰਲੀ ਕਿਰਕ ਵੀ ਅਮਰੀਕਾ ਨੂੰ ਇਸ ਗਲੋਬ 'ਤੇ ਇੱਕ ਖ਼ੂਬਸੂਰਤ ਚਮਕਦੇ ਦੇਸ਼ ਵਜੋਂ ਸਥਾਪਤ ਕਰਨ ਦਾ ਸੁਪਨਾ ਵੇਖ ਰਿਹਾ ਸੀ। ਉਹ ਚੀਨ, ਰੂਸ ਅਤੇ ਉੱਤਰੀ ਕੋਰੀਆ ਦੇ ਸਮੂਹਿਕ ਚੈਲੇਂਜ ਸਨਮੁੱਖ ਅਮਰੀਕਾ ਨੂੰ ਇੱਕ ਭਰੋਸੇਮੰਦ, ਮਜ਼ਬੂਤ ਅਤੇ ਗਲੋਬਲ ਪੱਧਰ 'ਤੇ ਸ਼ਕਤੀਸ਼ਾਲੀ ਰਾਸ਼ਟਰ ਵਜੋਂ ਸਥਾਪਤ ਕਰਨਾ ਚਾਹੁੰਦਾ ਸੀ।

ਅਮਰੀਕਾ ਦੀ ਆਜ਼ਾਦੀ ਰੂਹ ਕੰਬਾਊ ਹਿੰਸਾ ਅਤੇ ਲਹੂ ਭਿੱਜੀਆਂ ਜੰਗਾਂ 'ਤੇ ਖੜ੍ਹੀ ਹੈ। ਇਸ ਦੀ ਰੈਵੋਲੂਸ਼ਨਰੀ ਜੰਗ, ਘਰੋਗੀ ਜੰਗ, ਮੁੜ ਉਸਾਰੀ ਅਤੇ ਸਿਵਲ ਅਧਿਕਾਰ ਜੱਦੋ-ਜਹਿਦ ਅਨੇਕ ਹਿੰਸਕ ਘਟਨਾਵਾਂ ਦੀਆਂ ਦਾਸਤਾਨਾਂ ਨਾਲ ਲਬਰੇਜ਼ ਹਨ। ਤਾਂਹੀਓਂ ਤਾਂ ਡੂੰਘੇ ਰਾਜਨੀਤਕ, ਯੁੱਧਨੀਤਕ, ਸਮਾਜਿਕ, ਮਨੋਵਿਗਿਆਨ ਵਿਸ਼ਲੇਸ਼ਣਕਾਰ ਅਮਰੀਕਾ ਨੂੰ ਇਕ ਐਸਾ ਰਾਸ਼ਟਰ ਮੰਨਦੇ ਹਨ ਜਿਸ ਦੀ ਨਸ-ਨਸ ਵਿੱਚ ਹਿੰਸਾ ਭਰੀ ਹੋਈ ਹੈ।

ਵਿਸ਼ਵ ਦੇ ਵੱਖ-ਵੱਖ ਖਿੱਤਿਆਂ, ਰਾਸ਼ਟਰਾਂ, ਵਰਗਾਂ, ਨਸਲਾਂ, ਜਾਤਾਂ ਅਤੇ ਧਰਮਾਂ ਆਧਾਰਿਤ ਭਾਈਚਾਰਿਆਂ ਵਿੱਚ ਹਿੰਸਾ, ਜੰਗਾਂ, ਰਾਜ ਪਲਟਿਆਂ, ਆਗੂਆਂ ਦੇ ਕਤਲਾਂ ਪਿੱਛੇ ਇਸ ਦੀ ਬਦਨਾਮ ਖ਼ੁਫ਼ੀਆ ਏਜੰਸੀ ਸੀਆਈਏ ਡਿਪਲੋਮੈਟਿਕ ਮਿਸ਼ਨਾਂ ਅਤੇ ਏਜੰਟਾਂ ਦਾ ਹੱਥ ਸਾਬਿਤ ਹੁੰਦਾ ਹੈ। ਇਹ ਇਸ ਦੀ ਘਰੇਲੂ ਹਿੰਸਾ ਦਾ ਹੀ ਵਿਕਰਾਲ ਰੂਪ ਹੈ। ਚਾਰਲੀ ਕਿਰਕ ਦਾ ਕਤਲ ਪਿਛਲੇ ਸਾਲਾਂ ਵਿਚ ਅਨੇਕ ਰਾਜਨੀਤਕ ਕਤਲਾਂ ਦੀ ਲੜੀ ਵਿੱਚ ਹੋਇਆ ਇੱਕ ਕਤਲ ਹੈ। ਸੰਨ 2024 ਵਿਚ ਰਾਸ਼ਟਰਪਤੀ ਪਦ ਦੀ ਚੋਣ ਮੁਹਿੰਮ ਵੇਲੇ ਰਾਸ਼ਟਰਪਤੀ ਟਰੰਪ 'ਤੇ ਦੋ ਕਾਤਲਾਨਾ ਹਮਲੇ ਹੋਏ।

ਇੱਕ ਵਿੱਚ ਉਹ ਮੌਤ ਤੋਂ ਸਿਰਫ਼ 1 ਇੰਚ ਦੂਰ ਰਿਹਾ। ਦਸੰਬਰ, 2024 'ਚ ਇੱਕ ਸ਼ੂਟਰ ਨੇ ਯੂਨਾਈਟਿਡ ਹੈਲਥ ਕੇਅਰ ਮੁਖੀ ਕਤਲ ਕਰ ਦਿੱਤਾ। ਅਪ੍ਰੈਲ, 2025 ਵਿੱਚ ਪੈਨਸਲਵੇਨੀਆ ਦੇ ਗਵਰਨਰ ਦਾ ਘਰ ਹਿੰਸਾਕਾਰੀਆਂ ਅਗਨਭੇਟ ਕਰ ਦਿੱਤਾ। ਗ਼ਾਜ਼ਾ 'ਚ ਨਸਲਘਾਤ ਜੋ ਅਮਰੀਕਾ ਦੀ ਸ਼ਹਿ 'ਤੇ ਇਜ਼ਰਾਇਲ ਕਰ ਰਿਹਾ ਹੈ, ਵਿਰੁੱਧ 50 ਰਾਜਾਂ ਵਿੱਚ ਸੈਂਕੜੇ ਵਿਰੋਧ ਪ੍ਰਦਰਸ਼ਨ ਵੇਖਣ ਨੂੰ ਮਿਲੇ। ਜੂਨ 2025 ਵਿੱਚ ਪੁਲਿਸ ਵਰਦੀ ਵਿੱਚ ਕਾਤਲ ਨੇ ਮਿਨਸੋਟਾ ਰਾਜ ਵਿਧਾਨ ਸਭਾ ਦੀ ਸਪੀਕਰ ਅਤੇ ਉਸ ਦਾ ਪਤੀ ਮਾਰ ਮੁਕਾਏ। ਇੱਕ ਹੋਰ ਵਿਧਾਇਕ ਅਤੇ ਉਸ ਦੀ ਪਤਨੀ ਜ਼ਖ਼ਮੀ ਕਰ ਦਿੱਤੇ। ਇੱਕ ਹੋਰ ਘਟਨਾ ਵਿੱਚ ਇੱਕ ਪੁਲਿਸ ਅਫ਼ਸਰ ਬਿਮਾਰੀਆਂ ਰੋਕੂ ਕੇਂਦਰ ਵਿੱਚ ਮੌਤ ਦੇ ਘਾਟ ਉਤਾਰ ਦਿੱਤਾ।

ਸਰਵੇ ਵਿਖਾਉਂਦੇ ਹਨ ਕਿ ਕਿਵੇਂ ਅਮਰੀਕਾ 'ਚ ਰਾਜਨੀਤਕ ਕਤਲਾਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਹਾਲਾਂ ਕਿ ਬਹੁ-ਗਿਣਤੀ ਲੋਕ ਅਜਿਹਾ ਨਹੀਂ ਚਾਹੁੰਦੇ। ਸ਼ਿਕਾਗੋ ਪ੍ਰਾਜੈਕਟ ਮੁਖੀ ਰਾਬਰਟ ਪੇਪ 'ਨਿਊਯਾਰਕ ਟਾਈਮਜ਼' ਵਿੱਚ ਲਿਖਦਾ ਹੈ ਕਿ ਉਸ ਵੱਲੋਂ ਕੀਤਾ ਸਰਵੇ ਅਤਿ ਚਿੰਤਾਜਨਕ ਹੈ।

ਚਾਲੀ ਪ੍ਰਤੀਸ਼ਤ ਡੈਮੋਕ੍ਰੇਟਾਂ ਨੇ ਟਰੰਪ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਹਿੰਸਾ ਦਾ ਸਹਾਰਾ ਲਿਆ। ਲਗਭਗ 25 ਪ੍ਰਤੀਸ਼ਤ ਰਿਪਬਲਿਕਨ ਟਰੰਪ ਵਿਰੋਧੀ ਮੁਜ਼ਾਹਰੇ ਫ਼ੌਜ ਦੀ ਮਦਦ ਨਾਲ ਦਬਾਉਣ ਨੂੰ ਜਾਇਜ਼ ਕਰਾਰ ਦਿੰਦੇ ਹਨ। ਹੁਣ ਇਨ੍ਹਾਂ ਦੀ ਗਿਣਤੀ ਦੁੱਗਣੀ ਹੋ ਚੁੱਕੀ ਹੈ। 'ਦਿ ਗਾਰਡੀਅਨ' ਅਖ਼ਬਾਰ ਨੂੰ 10 ਸਤੰਬਰ, 2025 ਵਿਚ ਦੱਸਦੇ ਹਨ ਕਿ ਅਸੀਂ ਵੱਧ ਤੋਂ ਵੱਧ ਅੱਗ ਦੇ ਗੋਲ਼ੇ ਬਣ ਰਹੇ ਹਾਂ। ਉਨ੍ਹਾਂ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਕਿ ਰਾਜਨੀਤੀਵਾਨ ਹਿੰਸਾ ਵਿਰੁੱਧ ਖੁੱਲ੍ਹ ਕੇ ਆਵਾਜ਼ ਬੁਲੰਦ ਕਰਨ। ਹਿੰਸਾ ਦੀ ਨਿੰਦਾ ਸਾਨੂੰ ਅੱਗੇ ਵਧਣ ਵਿੱਚ ਮਦਦ ਕਰੇਗੀ।

ਟਰੰਪ ਅਜੋਕੀ ਹਿੰਸਾ ਨੂੰ ਜੋ ਬਾਇਡੇਨ ਕਾਲ ਵੇਲੇ ਤਾਕਤਵਰ ਖੱਬੇ-ਪੱਖੀ ਜਮਾਵੜੇ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ। ਸੰਨ 2016 ਤੋਂ 2023 ਤੱਕ 21 ਦਸਤਾਵੇਜ਼ੀ ਅੱਤਵਾਦੀ ਹਮਲੇ ਦਰਜ ਕੀਤੇ ਗਏ ਹਨ ਜੋ ਅਮਰੀਕੀ ਰਾਜਨੀਤਕ ਇਤਖ਼ਿਲਾਫ਼ਾਂ ਦੀ ਉਪਜ ਹਨ। ਇਸ ਵਿੱਚ ਸੰਨ 2024 ਵਿੱਚ ਟਰੰਪ 'ਤੇ ਦੋ ਹਮਲੇ ਸ਼ਾਮਲ ਨਹੀਂ ਹਨ।

ਇਲੋਨੀਅਸ ਡੈਮੋਕ੍ਰੈਟ ਗਵਰਨਰ ਜੇ.ਬੀ. ਪ੍ਰਿਤਜ਼ਕਰ ਦਾ ਕਹਿਣਾ ਹੈ, "ਬਦਕਿਸਮਤੀ ਨਾਲ ਰਾਜਨੀਤਕ ਹਿੰਸਾ ਦੇਸ਼ ਵਿੱਚ ਵਧ ਰਹੀ ਹੈ। ਇਹ ਬੰਦ ਹੋਣੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਬਹੁਤ ਸਾਰੇ ਸਿਆਸੀ ਲੋਕ ਹੀ ਹਨ ਜੋ ਇਸ ਨੂੰ ਪੈਦਾ ਕਰ ਰਹੇ ਹਨ। ਰਾਸ਼ਟਰਪਤੀ (ਟਰੰਪ) ਦੀ ਬੋਲ-ਬਾਣੀ ਵੀ ਇਸ ਲਈ ਜ਼ਿੰਮੇਵਾਰ ਹੈ।" ਕਾਨੂੰਨ ਦੇ ਰਾਜ ਨੂੰ ਟਿੱਚ ਜਾਣਨਾ, ਕਾਰਜਕਾਰੀ ਸ਼ਕਤੀ 'ਤੇ ਲੱਗੀਆਂ ਸੰਵਿਧਾਨਕ ਰੋਕਾਂ ਨੂੰ ਨਾ ਮੰਨਣਾ ਅਤੇ ਮਨੁੱਖੀ ਆਜ਼ਾਦੀਆਂ ਦੇ ਖ਼ਾਤਮੇ ਸਬੰਧੀ ਟਰੰਪ ਦੀਆਂ ਮਨਮਾਨੀਆਂ ਦੇਸ਼ ਵਿੱਚ ਹਿੰਸਾ ਨੂੰ ਲਾਂਬੂ ਲਾਉਣ ਦੇ ਸਮਾਨ ਹਨ।

ਓਧਰ ਰਾਸ਼ਟਰਪਤੀ ਟਰੰਪ ਚਾਰਲੀ ਨੂੰ 'ਵਿਚਾਰਾਂ ਦੀ ਅਜ਼ਾਦੀ ਦਾ ਹਰਮਨ ਪਿਆਰਾ ਅਮਰ ਸ਼ਹੀਦ' ਕਰਾਰ ਦੇ ਰਹੇ ਹਨ। ਮਰਨ ਉਪਰੰਤ 'ਆਜ਼ਾਦੀ ਦੇ ਰਾਸ਼ਟਰਪਤੀ ਮੈਡਲ' ਨਾਲ ਨਿਵਾਜ਼ ਰਹੇ ਹਨ।

ਅਮਰੀਕੀ ਸੰਵਿਧਾਨ ਦੀ ਦੂਸਰੀ ਸੋਧ ਜੋ ਅਮਰੀਕੀਆਂ ਨੂੰ ਬੰਦੂਕ ਰੱਖਣ ਦਾ ਸਵੈ-ਰੱਖਿਆ ਦਾ ਅਧਿਕਾਰ ਦਿੰਦੀ ਹੈ, ਉਸ ਵੱਲੋਂ ਪੈਦਾ ਹਿੰਸਕ ਸੱਭਿਆਚਾਰ ਦੀ ਕੀਮਤ ਆਏ ਦਿਨ ਉਤਾਰਨ ਦੇ ਬਾਵਜੂਦ ਇਸ ਨੂੰ ਖ਼ਤਮ ਕਰਨ ਲਈ ਤਿਆਰ ਨਹੀਂ। ਹਿੰਸਕ ਗੰਨ ਲਾਬੀ ਬਹੁਤ ਭਾਰੂ ਹੈ।

# ਬ੍ਰਿਕਸ ਦੇਸ਼ ਮਿਲ ਕੇ ਕਰਨ ਟਰੰਪ ਦੀਆਂ ਟੈਰਿਫ਼ ਧਮਕੀਆਂ ਦਾ ਮੁਕਾਬਲਾ



ਪ੍ਰਕਾਸ਼ ਕਰਾਤ
-ਲੇਖਕ ਸੀ.ਪੀ.ਆਈ. (ਐੱਮ.) ਦੇ ਸੀਨੀਅਰ ਲੀਡਰ ਹਨ

17ਵਾਂ ਬ੍ਰਿਕਸ ਸਿਖਰ ਸੰਮੇਲਨ ਜੁਲਾਈ ਮਹੀਨੇ ਦੇ ਪਹਿਲੇ ਹਫ਼ਤੇ ਬ੍ਰਾਜ਼ੀਲ ਦੇ ਡੀਜਨੇਯਰੋਮੇ ਵਿਖੇ ਹੋਇਆ ਸੀ, ਜੋ 11 ਦੇਸ਼ਾਂ ਦੀ ਵਿਸਥਾਰਿਤ ਮੈਂਬਰਸ਼ਿਪ ਵਾਲਾ ਪਹਿਲਾ ਸਿਖਰ ਸੰਮੇਲਨ ਸੀ। ਇਸ ਦੇ ਤੁਰੰਤ ਬਾਅਦ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਬ੍ਰਿਕਸ ਦੇ ਨਾਲ ਜੁੜਨ ਵਾਲੇ ਦੇਸ਼ਾਂ ’ਤੇ 10 ਫ਼ੀਸਦੀ ਟੈਰਿਫ਼ ਲਗਾਉਣ ਦੀ ਧਮਕੀ ਦਿੱਤੀ ਸੀ। ਟਰੰਪ ਪਹਿਲਾਂ ਵੀ ਬ੍ਰਿਕਸ ਦੇਸ਼ਾਂ ’ਤੇ 100 ਫ਼ੀਸਦੀ ਟੈਰਿਫ਼ ਲਗਾਉਣ ਦੀ ਧਮਕੀ ਦਿੰਦਿਆਂ ਕਹਿ ਚੁੱਕੇ ਹਨ ਕਿ ਇਹ ਦੇਸ਼ ਅਮਰੀਕੀ ਡਾਲਰ ਦੀ ਸਰਦਾਰੀ ਨੂੰ ਖ਼ਤਮ ਕਰਕੇ ਅਮਰੀਕਾ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ। ਪਤਾ ਨਹੀਂ ਟਰੰਪ ਬ੍ਰਿਕਸ ਤੋਂ ਇੰਨੇ ਭੈਭੀਤ ਤੇ ਨਾਰਾਜ਼ ਕਿਉਂ ਹਨ?

ਬ੍ਰਿਕਸ ਮੂਲ ਰੂਪ ਵਿੱਚ 5 ਦੇਸ਼ਾਂ-ਬ੍ਰਾਜ਼ੀਲ, ਰੂਸ, ਭਾਰਤ, ਚੀਨ ਤੇ ਦੱਖਣੀ ਅਫ਼ਰੀਕਾ (ਬੀ.ਆਰ.ਆਈ.ਸੀ.ਐਸ.) ਤੋਂ ਬਣਿਆ ਹੈ, ਜਿਸ ਦੀ ਸ਼ੁਰੂਆਤ 2009 ਵਿੱਚ ਪਹਿਲੇ ਚਾਰ ਦੇਸ਼ਾਂ ਨਾਲ ਹੋਈ ਸੀ ਅਤੇ ਦੱਖਣੀ ਅਫ਼ਰੀਕਾ ਇੱਕ ਸਾਲ ਬਾਅਦ ਇਸ ’ਚ ਸ਼ਾਮਿਲ ਹੋਇਆ ਸੀ। ਬ੍ਰਿਕਸ ਦੇ ਇਨ੍ਹਾਂ ਪੰਜ ਦੇਸ਼ਾਂ ਵਿੱਚ ਵਿਸ਼ਵ ਦੀ 40 ਫ਼ੀਸਦੀ ਆਬਾਦੀ ਰਹਿੰਦੀ ਹੈ ਅਤੇ ਇਨ੍ਹਾਂ ਦਾ ਵਿਸ਼ਵ ਅਰਥਵਿਵਸਥਾ ਵਿੱਚ ਇੱਕ-ਚੌਥਾਈ ਹਿੱਸਾ ਹੈ। 2024 ਵਿੱਚ ਦੱਖਣੀ ਅਫ਼ਰੀਕਾ ਦੇ ਜੌਹਾਨਸਬਰਗ ਵਿਖੇ ਹੋਏ 16ਵੇਂ ਬ੍ਰਿਕਸ ਸੰਮੇਲਨ ਦੌਰਾਨ ਇਸ ਮੰਚ ਵਿੱਚ 6 ਹੋਰ ਦੇਸ਼ਾਂ-ਮਿਸਰ, ਇਥੋਪੀਆ, ਇਰਾਨ, ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ ਤੇ ਇੰਡੋਨੇਸ਼ੀਆ ਨੂੰ ਸ਼ਾਮਿਲ ਕੀਤਾ ਗਿਆ ਸੀ। ਹੁਣ ਬ੍ਰਿਕਸ ਦੇ ਇਨ੍ਹਾਂ 11 ਦੇਸ਼ਾਂ ਵਿੱਚ ਵਿਸ਼ਵ ਦੀ 49.5 ਫ਼ੀਸਦੀ ਆਬਾਦੀ, ਵਿਸ਼ਵ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦੀ 40 ਫ਼ੀਸਦੀ ਤੇ ਵਿਸ਼ਵ ਵਪਾਰ ਵਿੱਚ 26 ਫ਼ੀਸਦੀ ਹਿੱਸੇਦਾਰੀ ਹੈ। ਦਰਅਸਲ ਬ੍ਰਿਕਸ ਕੋਈ ਗੁੱਟ ਜਾਂ ਗੱਠਜੋੜ ਨਹੀਂ ਹੈ। ਇਹ ਵਿਸ਼ਵ ਦੇ ਦੱਖਣੀ ਦੇਸ਼ਾਂ ਦਾ ਇੱਕ ਸਮੂਹ ਹੈ (ਸਿਰਫ਼ ਰੂਸ ਨੂੰ ਛੱਡ ਕੇ), ਜੋ ਬਹੁਪੱਖੀ ਸੰਸਥਾਵਾਂ ਵਿੱਚ ਸੁਧਾਰ, ਵਪਾਰ, ਆਰਥਿਕ ਸਹਿਯੋਗ, ਜਲਵਾਯੂ ਪਰਿਵਰਤਨ ਅਤੇ ਤਕਨਾਲੋਜੀ ਨੂੰ ਲੈ ਕੇ ਇੱਕ ਸਮਾਨ ਵਿਚਾਰਾਂ ’ਤੇ ਪਹੁੰਚਣ ਦਾ ਯਤਨ ਕਰਦਾ ਹੈ। ਬ੍ਰਿਕਸ ਵਿੱਚ ਆਈ.ਐਮ.ਐਫ਼., ਵਿਸ਼ਵ ਬੈਂਕ ਜਿਹੀਆਂ ਸੰਸਥਾਵਾਂ ਅਤੇ ਵਪਾਰ ਤੇ ਵਿੱਤੀ ਤੰਤਰਾਂ ’ਤੇ ਜੀ-7 ਦੇਸ਼ਾਂ ਤੇ ਪੱਛਮੀ ਸਾਮਰਾਜਵਾਦ ਨੂੰ ਚੁਣੌਤੀ ਦੇਣ ਦੀ ਸਮਰੱਥਾ ਹੈ। ਬ੍ਰਿਕਸ ਦਾ ਜਨਮ 2008 ਦੇ ਵਿਸ਼ਵ ਵਿਆਪੀ ਵਿੱਤੀ ਸੰਕਟ ਦੀ ਸਥਿਤੀ ਵਿੱਚ ਹੋਇਆ ਸੀ ਅਤੇ ਇਹ ਜੀ-20 ਦੇ ਜੀ-7 ਦੇਸ਼ਾਂ ਦੇ ਨਾਕਾਮ ਰਹਿਣ ਦੇ ਬਾਅਦ ਹੋਰ ਜ਼ਿਆਦਾ ਪ੍ਰਸੰਗਕ ਹੋ ਗਿਆ ਹੈ।

ਬ੍ਰਾਜ਼ੀਲ ਦੇ ਰੀਓ ਡੀ ਜਨੇਰੀਓ ਐਲਾਨਨਾਮੇ ਨੇ ਹਾਲ ਹੀ ਵਿੱਚ ਵਾਪਰੀਆਂ ਦੋ ਹਮਲਾਵਰ ਘਟਨਾਵਾਂ ਦੇ ਸੰਬੰਧ ਵਿੱਚ ਗਲੋਬਲ ਦੱਖਣ ਦੀ ਸਥਿਤੀ ਨੂੰ ਪ੍ਰਤੀਬਿੰਬਤ ਕੀਤਾ ਹੈ, ਜਿਸ ’ਚ ਇਰਾਨੀ ਪ੍ਰਭੂਸੱਤਾ ਦੀ ਅਣਦੇਖੀ ਕਰਕੇ ਉਸ ਦੇ ਪਰਮਾਣੂ ਸਥਾਨਾਂ ’ਤੇ ਹਮਲੇ ਕਰਨ ਅਤੇ ਗਾਜ਼ਾ ’ਤੇ ਇਜ਼ਰਾਇਲ ਦੇ ਨਵੇਂ ਹਮਲਿਆਂ ਤੇ ਮਨੁੱਖੀ ਖੁਰਾਕ ਸਪਲਾਈ ਦੀ ਨਾਕੇਬੰਦੀ ਕਰਨ ਲਈ ਕਰੜੀ ਨਿੰਦਾ ਕੀਤੀ ਹੈ। ਇਸ ਐਲਾਨਨਾਮੇ ਵਿੱਚ ਅਮਰੀਕਾ ਦਾ ਨਾਂਅ ਲਏ ਬਗੈਰ ਇਕਤਰਫ਼ਾ ਟੈਰਿਫ਼ ਤੇ ਗੈਰ-ਟੈਰਿਫ਼ ਉਪਾਵਾਂ ਵਿੱਚ ਵਾਧਾ ਕਰਨ ’ਤੇ ਵੀ ਗੰਭੀਰ ਚਿੰਤਾ ਪ੍ਰਗਟ ਕੀਤੀ ਗਈ ਹੈ। ਇਸ ਦੇ ਨਾਲ ਹੀ ਆਈ.ਐਮ.ਐਫ਼. ਅਤੇ ਵਿਸ਼ਵ ਬੈਂਕ ਵਿੱਚ ਪ੍ਰਮੁੱਖ ਗਲੋਬਲ ਦੱਖਣੀ ਦੇਸ਼ਾਂ ਲਈ ਵਧੇਰੇ ਵੋਟਿੰਗ ਸ਼ਕਤੀਆਂ ਅਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ ਬ੍ਰਾਜ਼ੀਲ ਤੇ ਭਾਰਤ ਨੂੰ ਪ੍ਰਤੀਨਿਧਤਾ ਦੇਣ ਦੀ ਲੰਬੇ ਸਮੇਂ ਤੋਂ ਚਲੀ ਆ ਰਹੀ ਮੰਗ ਨੂੰ ਵੀ ਦੁਹਰਾਇਆ ਗਿਆ ਹੈ।

ਰਾਸ਼ਟਰਪਤੀ ਟਰੰਪ ਦੀ ਨਾਰਾਜ਼ਗੀ ਦਾ ਵੱਡਾ ਕਾਰਨ ਬ੍ਰਿਕਸ ਦੁਆਰਾ ਡਾਲਰ ’ਤੇ ਨਿਰਭਰਤਾ ਘਟਾਉਣ ਤੇ ਬਹੁਪੱਖੀ ਵਿੱਤੀ ਅਦਾਰਿਆਂ ’ਤੇ ਅਮਰੀਕਾ ਅਤੇ ਜੀ-7 ਦੇਸ਼ਾਂ ਦੀ ਪਕੜ ਨੂੰ ਢਿੱਲਾ ਕਰਨ ਲਈ ਉਠਾਏ ਜਾ ਰਹੇ ਕਦਮ ਤੇ ਉਪਾਅ ਹਨ। ਅਮਰੀਕਾ ਦੁਆਰਾ ਖਾਸ ਦੇਸ਼ਾਂ ਦੇ ਵਿਰੁੱਧ ਆਰਥਿਕ ਤੇ ਵਿੱਤੀ ਪਾਬੰਦੀਆਂ ਦੀ ਤੇਜ਼ੀ ਨਾਲ ਵਰਤੋਂ ਕਰਨ ਅਤੇ ਉਨ੍ਹਾਂ ਨੂੰ ਅੰਤਰਰਾਸ਼ਟਰੀ ਵਿੱਤੀ ਤੇ ਬੈਂਕਿੰਗ ਪ੍ਰਣਾਲੀਆਂ ਤੋਂ ਬਾਹਰ ਕਰਨ ਕਰਕੇ ਕਈ ਹੋਰ ਦੇਸ਼ ਬਦਲਵੇਂ ਪ੍ਰਬੰਧਾਂ ਦੁਆਰਾ ਆਪਣੇ ਹਿੱਤਾਂ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਬ੍ਰਿਕਸ ਮੈਂਬਰ ਦੇਸ਼ਾਂ ਵੱਲੋਂ ਉਨ੍ਹਾਂ ਦੀਆਂ ਸਥਾਨਕ ਮੁਦਰਾਵਾਂ (ਕਰੰਸੀ) ਵਿੱਚ ਵਪਾਰ ਕਰਨ ਤੇ ਮੁਦਰਾ ਵਟਾਂਦਰਾ ਵਿਵਸਥਾ ’ਤੇ ਚਰਚਾ ਕੀਤੀ ਗਈ ਹੈ। ਸਰਹੱਦ ਪਾਰ ਭੁਗਤਾਨ ਦੇ ਲਈ ਹੋਰ ਕਦਮ ਵੀ ਏਜੰਡੇ ’ਤੇ ਹਨ। ਐਲਾਨ ਪੱਤਰ ਵਿੱਚ ਮੈਂਬਰ ਦੇਸ਼ਾਂ ਦੇ ਵਿੱਤ ਮੰਤਰੀਆਂ ਤੇ ਕੇਂਦਰੀ ਬੈਂਕਾਂ ਦੇ ਗਵਰਨਰ ਬ੍ਰਿਕਸ ਸਰਹੱਦ ਪਾਰ ਭੁਗਤਾਨ ਪਹਿਲ ’ਤੇ ਬ੍ਰਿਕਸ ਭੁਗਤਾਨ ਕਾਰਜ ਬਲ (ਬੀ.ਪੀ.ਟੀ.ਐਫ਼.) ਦੁਆਰਾ ਬ੍ਰਿਕਸ ਭੁਗਤਾਨ ਪ੍ਰਣਾਲੀਆਂ ਦੀ ਬਿਹਤਰ ਅੰਤਰ-ਸੰਚਾਲਨ ਸਮਰੱਥਾ ’ਤੇ ਚਰਚਾ ਜਾਰੀ ਰੱਖਣ ਲਈ ਸੰਭਾਵਿਤ ਰਸਤਿਆਂ ਦੀ ਪਛਾਣ ਕਰਨ ਵਿੱਚ ਹੋਈ ਪ੍ਰਗਤੀ ਦੀ ਜਾਂਚ ਕਰਨਗੇ।

ਬ੍ਰਿਕਸ ਕੁਝ ਬਦਲਵੀਆਂ ਸੰਸਥਾਵਾਂ ਦੀ ਸਥਾਪਨਾ ਕਰਨ ਵੱਲ ਵਧ ਰਿਹਾ ਹੈ, ਜੋ ਨਿਊ ਡਿਵੈਲਪਮੈਂਟ ਬੈਂਕ (ਐਨ.ਡੀ.ਬੀ.) ਤੋਂ ਸਪੱਸ਼ਟ ਹੈ, ਜਿਸ ਦੀ ਸਥਾਪਨਾ 2015 ਵਿੱਚ 100 ਅਰਬ ਡਾਲਰ ਦੀ ਪੂੰਜੀ ਨਾਲ ਸ਼ੰਘਾਈ ਵਿੱਚ ਕੀਤੀ ਗਈ ਸੀ। ਇਹ ਬੈਂਕ ਸਿਰਫ਼ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਲਈ ਕਰਜ਼ਾ ਦਿੰਦਾ ਹੈ ਅਤੇ ਹੁਣ ਤੱਕ ਬ੍ਰਿਕਸ ਮੈਂਬਰ ਦੇਸ਼ਾਂ ਵਿੱਚ 98 ਪ੍ਰਾਜੈਕਟਾਂ ਲਈ 36 ਅਰਬ ਡਾਲਰ ਦਾ ਕਰਜ਼ਾ ਦੇ ਚੁੱਕਾ ਹੈ। ਇਸ ਬੈਂਕ ਦੇ ਮੌਜੂਦਾ ਮੁਖੀ ਬ੍ਰਾਜ਼ੀਲ ਦੇ ਸਾਬਕਾ ਰਾਸ਼ਟਰਪਤੀ ਡਿਲਮਾਰੂਸੇਫ਼ ਹਨ। ਖੱਬੇ ਪੱਖੀ ਆਲੋਚਕ ਬ੍ਰਿਕਸ ਨੂੰ ਮਹੱਤਵਹੀਣ ਮੰਨਦੇ ਹਨ, ਕਿਉਂਕਿ ਇਸ ਦਾ ਕੋਈ ਪੱਕਾ ਸਾਮਰਾਜਵਾਦ-ਵਿਰੋਧੀ ਏਜੰਡਾ ਨਹੀਂ ਹੈ। ਦੱਸਣਯੋਗ ਹੈ ਕਿ ਇਸ ਮੰਚ ਦੀ ਸਥਾਪਨਾ ਆਲਮੀ ਦੱਖਣ ਦੀਆਂ ਵਿਕਾਸ ਜ਼ਰੂਰਤਾਂ ਤੇ ਉਮੀਦਾਂ ਨੂੰ ਪੂਰਾ ਕਰਨ ਵਾਲੇ ਸਾਂਝੇ ਯਤਨਾਂ ਦੇ ਉਦੇਸ਼ ਨਾਲ ਹੋਈ ਹੈ। ਜਿਵੇਂ-ਜਿਵੇਂ ਬ੍ਰਿਕਸ ਆਪਣੀ ਪਹੁੰਚ ਤੇ ਇਕਜੁੱਟਤਾ ਨਾਲ ਵਿਕਸਿਤ ਹੁੰਦਾ ਜਾਵੇਗਾ ਤਾਂ ਇਹ ਅਮਰੀਕਾ ਦੀ ਅਗਵਾਈ ਵਾਲੀ ਸਾਮਰਾਜਵਾਦੀ ਵਿਵਸਥਾ ਤੇ ਵਿਕਾਸਸ਼ੀਲ ਦੇਸ਼ਾਂ ਦੇ ਵਿਚਕਾਰ ਮੌਜੂਦ ਵਿਰੋਧਭਾਸ ਨੂੰ ਉਜਾਗਰ ਕਰੇਗਾ। ਭਾਰਤ ਸਮੇਤ ਕਈ ਬ੍ਰਿਕਸ ਦੇਸ਼ਾਂ ਦੇ ਅਮਰੀਕਾ ਨਾਲ ਰਣਨੀਤਕ ਤੇ ਆਰਥਿਕ ਸੰਬੰਧ ਹਨ।

ਟਰੰਪ ਦੇ ਕਾਰਜਕਾਲ ਵਿੱਚ ਵਪਾਰ ਤੇ ਹੋਰ ਸਭ ਖੇਤਰਾਂ ਵਿੱਚ ਇਕਪਾਸੜ ਕਾਹਲਾਪਣ ਵੇਖਿਆ ਜਾ ਰਿਹਾ ਹੈ, ਜਿਸ ਨਾਲ ਆਲਮੀ/ਗਲੋਬਲ ਦੱਖਣੀ ਦੇਸ਼ਾਂ ’ਤੇ ਬੁਰਾ ਪ੍ਰਭਾਵ ਪੈ ਰਿਹਾ ਹੈ। ਟਰੰਪ ਨੇ ਆਪਣੀ ਵਪਾਰ ਜੰਗ ਵਿੱਚ ਕੈਨੇਡਾ, ਯੂਰਪੀਅਨ ਸੰਘ, ਜਾਪਾਨ ਤੇ ਦੱਖਣੀ ਕੋਰੀਆ ਜਿਹੇ ਕੱਟੜ ਸਹਿਯੋਗੀਆਂ ਨੂੰ ਵੀ ਨਹੀਂ ਬਖ਼ਸ਼ਿਆ। ਜਿੱਥੇ ਇੱਕ ਪਾਸੇ ਅਮਰੀਕੀ ਅਗਵਾਈ ਵਾਲਾ ਸਾਮਰਾਜਵਾਦੀ ਗੱਠਜੋੜ ਕਮਜ਼ੋਰ ਹੋ ਰਿਹਾ ਹੈ, ਉੱਥੇ ਦੂਜੇ ਪਾਸੇ ਆਲਮੀ ਦੱਖਣ ਲਈ ਇੱਕ ਪ੍ਰਮਾਣਿਕ ਮੰਚ ਵਜੋਂ ਬ੍ਰਿਕਸ ਪ੍ਰਤੀ ਖਿੱਚ ਪੈਦਾ ਹੋਣ ਕਰਕੇ ਕਈ ਦੇਸ਼ ਬ੍ਰਿਕਸ ਵਿੱਚ ਸ਼ਾਮਿਲ ਹੋਣ ਦੇ ਚਾਹਵਾਨ ਹਨ। ਰੀਓ ਸਿਖਰ ਸੰਮੇਲਨ ਦੌਰਾਨ 8 ਦੇਸ਼ਾਂ-ਬੇਲਾਰੂਸ, ਬੋਲੀਵਿਆ, ਕਿਊਬਾ, ਕਜ਼ਾਕਿਸਤਾਨ, ਮਲੇਸੀਆ, ਥਾਈਲੈਂਡ, ਯੂਗਾਂਡਾ ਤੇ ਉਜ਼ਬੇਕਿਸਤਾਨ ਨੂੰ ਨਵੇਂ ‘ਭਾਗੀਦਾਰ ਦੇਸ਼ਾਂ’ ਦਾ ਦਰਜਾ ਦਿੱਤਾ ਗਿਆ ਹੈ। ਬ੍ਰਾਜ਼ੀਲ 2025 ਤੱਕ ਇੱਕ ਸਾਲ ਲਈ ਬ੍ਰਿਕਸ ਦਾ ਪ੍ਰਧਾਨ ਹੈ ਅਤੇ ਰਾਸ਼ਟਰਪਤੀ ਲੂਲਾ ਦੀ ਅਗਵਾਈ ਵਿੱਚ ਕੁਝ ਮਹੱਤਵਪੂਰਨ ਕਦਮ ਉਠਾਏ ਗਏ ਹਨ।

ਭਾਰਤ 2026 ਵਿੱਚ ਬ੍ਰਿਕਸ ਦੀ ਪ੍ਰਧਾਨਗੀ ਸੰਭਾਲੇਗਾ ਅਤੇ ਮੋਦੀ ਨੇ ਇਸ ਦੌਰਾਨ ‘ਸਹਿਯੋਗ ਤੇ ਸਥਿਰਤਾ ਲਈ ਲਚੀਲਾਪਨ ਤੇ ਖੋਜਾਂ’ ਨੂੰ ਪਹਿਲ ਦੇਣ ਦਾ ਐਲਾਨ ਕੀਤਾ ਹੈ। ਆਲਮੀ ਸਾਊਥ ਦੀ ਆਵਾਜ਼ ਬਣਨ ਦੇ ਆਪਣੇ ਸਭ ਦਾਅਵਿਆਂ ਦੇ ਬਾਵਜੂਦ ਮੋਦੀ ਸਰਕਾਰ ਦੀਆਂ ਵਿਦੇਸ਼ ਤੇ ਰਣਨੀਤਕ ਨੀਤੀਆਂ ਆਮ ਕਰਕੇ ਅਮਰੀਕਾ ਤੇ ਇਜ਼ਰਾਇਲ ਅਨੁਸਾਰੀ ਰਹੀਆਂ ਹਨ। ਭਾਰਤ ਵੱਲੋਂ ਅੱਤਵਾਦ ਨੂੰ ਲੈ ਕੇ ਆਪਣੇ ਪਾਕਿਸਤਾਨ-ਕੇਂਦਰਿਤ ਦ੍ਰਿਸ਼ਟੀਕੋਣ ਦੇ ਚੱਲਦਿਆਂ ਉਸ ਨੂੰ ਬਹੁਤ ਸਾਰੇ ਬਹੁ-ਪੱਖੀ ਸੰਸਥਾਨਾਂ ਵਿੱਚ ਸਰਗਰਮੀ ਨਾਲ ਪ੍ਰਮੁੱਖ ਏਜੰਡਾ ਬਣਾਉਣ ਦੇ ਬਾਵਜੂਦ ਬਹੁਤੀ ਕਾਮਯਾਬੀ ਨਹੀਂ ਮਿਲੀ ਹੈ। ਉਹ (ਭਾਰਤ) ਅਮਰੀਕਾ ਦੁਆਰਾ ਬਣਾਏ ਕੁਆਡ ਵਿੱਚ ਆਪਣੀ ਭੂਮਿਕਾ ਨੂੰ ਮਜ਼ਬੂਤ ਕਰਨ ਲਈ ਉਤਸੁਕ ਹੈ, ਫ਼ਿਰ ਵੀ ਭਾਰਤ ਟਰੰਪਵਾਦ ਦੀ ਬੇਯਕੀਨੀ ਦਾ ਸ਼ਿਕਾਰ ਹੋ ਰਿਹਾ ਹੈ। ਭਾਰਤ ਟਰੰਪ ਦੀਆਂ ਲੜੀਬੱਧ ਮੰਗਾਂ ਨਾਲ ਕਿੰਨਾ ਵੀ ਸਮਝੌਤਾ ਕਰ ਲਵੇ, ਫ਼ਿਰ ਵੀ ਉਸ ਨੂੰ ਟਰੰਪ ਦੀਆਂ ਚਾਲਾਂ ਦਾ ਸ਼ਿਕਾਰ ਹੋਣਾ ਹੀ ਪਵੇਗਾ। ਭਾਰਤ ਸਰਕਾਰ ਨੇ ਆਪਣੇ ਅਧਿਕਾਰਤ ਰੁਖ ਦੇ ਚੱਲਦੇ ਚੀਨ ਨਾਲ ਸਰਹੱਦ ’ਤੇ ਤਣਾਅ ਘੱਟ ਕਰਨ ਲਈ ਆਰਥਿਕ ਤੇ ਯਾਤਰਾ ਸੰਬੰਧਾਂ ਨੂੰ ਬਹਾਲ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਸਾਂਝੇ ਕਦਮ ਉਠਾਏ ਹਨ। ਇਸ ਪਹਿਲ ਨਾਲ ਬ੍ਰਿਕਸ ਮੰਚ ਦੇ ਅੰਦਰ ਵੀ ਸੁਚਾਰੂ ਸਹਿਯੋਗ ਦੇ ਅੜਿੱਕੇ ਦੂਰ ਹੋਣੇ ਚਾਹੀਦੇ ਹਨ। ਉਮੀਦ ਹੈ ਕਿ ਮੋਦੀ ਸਰਕਾਰ ਬ੍ਰਿਕਸ ਲੀਡਰਸ਼ਿਪ ਦੀ ਸਥਿਤੀ ਦਾ ਉਪਯੋਗ ਅਜਿਹੇ ਏਜੰਡੇ ਨੂੰ ਅੱਗੇ ਵਧਾਉਣ ਦੇ ਲਈ ਕਰੇਗੀ, ਜੋ ਆਲਮੀ ਦੱਖਣ ਦੇ ਸਮੂਹਿਕ ਹਿੱਤਾਂ ਨੂੰ ਮਜ਼ਬੂਤ ਕਰਦਿਆਂ ਬਦਲਵੀਆਂ ਨੀਤੀਆਂ ਤੇ ਬਣਤਰਾਂ ਨੂੰ ਕਮਜ਼ੋਰ ਕਰਨ ਦੇ ਸਭ ਯਤਨਾਂ ਨੂੰ ਨਾਕਾਮ ਕਰ ਸਕਦਾ ਹੋਵੇ।




# ਪੰਜਾਬ ’ਚ ਕਦੋਂ ਸ਼ੁਰੂ ਹੋਵੇਗੀ ਮਜ਼ਬੂਤ ਫ਼ਸਲ ਬੀਮਾ ਯੋਜਨਾ?



ਸਰਬਜੀਤ ਸਿੰਘ ਚਾਹਲ

ਪੰਜਾਬ ਵਿੱਚ ਰਿਕਾਰਡਤੋੜ ਹੜ੍ਹਾਂ ਕਾਰਨ ਹੋਈ ਵਿਆਪਕ ਤਬਾਹੀ ਨੇ ਇੱਕ ਵਾਰ ਫਿਰ ਇੱਕ ਟਿਕਾਊ ਫ਼ਸਲ ਬੀਮਾ ਸਕੀਮ ਦੀ ਲੋੜ ਹੋਰ ਵਧਾ ਦਿੱਤੀ ਹੈ ਤਾਂ ਜੋ ਗ਼ਰੀਬ ਕਿਸਾਨੀ ਨੂੰ ਹੋਏ ਨੁਕਸਾਨ ਦੀ ਢੁੱਕਵੀਂ ਭਰਪਾਈ ਕੀਤੀ ਜਾ ਸਕੇ। ਵਿਨਾਸ਼ਕਾਰੀ ਹੜ੍ਹਾਂ ਕਾਰਨ ਲਗਪਗ 4.3 ਲੱਖ ਏਕੜ ਵਿੱਚ ਸਾਉਣੀ ਦੀਆਂ ਫ਼ਸਲਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਮੰਨਿਆ ਗਿਆ ਹੈ ਜੋ ਪੱਕਣ ਦੇ ਪੜਾਅ ਦੇ ਨੇੜੇ ਸਨ। ਇਹ ਤਬਾਹੀ ਉਦੋਂ ਹੋਈ ਜਦੋਂ ਪ੍ਰਭਾਵਿਤ ਕਿਸਾਨ ਪਹਿਲਾਂ ਹੀ ਜ਼ਿਆਦਾਤਰ ਲਾਗਤ ਖ਼ਰਚ ਕਰ ਚੁੱਕੇ ਸਨ ਅਤੇ ਉਨ੍ਹਾਂ ਕੋਲ ਬਿਜਾਈ ਨੂੰ ਦੁਹਰਾਉਣ ਦਾ ਵੀ ਕੋਈ ਮੌਕਾ ਨਹੀਂ ਸੀ। ਰਾਜ ਸਰਕਾਰ ਨੇ 75% ਤੋਂ ਵੱਧ ਨੁਕਸਾਨ ਝੱਲਣ ਲਈ ਪ੍ਰਤੀ ਏਕੜ 20000/- ਰੁਪਏ ਦੇ ਮੁਆਵਜ਼ੇ ਦਾ ਐਲਾਨ ਕੀਤਾ ਹੈ।

ਹਾਲਾਂਕਿ, ਇਹ ਅਜੇ ਸਪਸ਼ਟ ਨਹੀਂ ਕੀਤਾ ਗਿਆ ਹੈ ਕਿ ਇਹ ਪੰਜ ਏਕੜ ਦੀ ਸੀਮਾ ਤੋਂ ਬਿਨਾਂ ਹੈ ਜਾਂ ਨਹੀਂ। ਸਾਲ 2023 ਵਿੱਚ ਇਹ ਪੰਜ ਏਕੜ ਦੀ ਸੀਮਾ ਤੱਕ ਕੀਤਾ ਗਿਆ ਸੀ। ਹਰ ਵਾਰ ਅਜਿਹੇ ਮੁਆਵਜ਼ੇ ਦੀ ਘੋਸ਼ਣਾ ਕਿਸਾਨਾਂ ਲਈ ਇੱਕ ਵਿਸ਼ੇਸ਼ ਪੱਖ ਵਜੋਂ ਕੀਤੀ ਜਾਂਦੀ ਹੈ ਪਰ ਬੀਮੇ ਦੁਆਰਾ ਕਿਸੇ ਸੁਰੱਖਿਆ ਦੀ ਅਣਹੋਂਦ ਵਿੱਚ ਅਧਿਕਾਰ ਵਜੋਂ ਨਹੀਂ। ਕਾਸ਼ਤ ਦੀ ਲਾਗਤ ਵਿੱਚ ਭਾਰੀ ਵਾਧੇ ਕਾਰਨ ਮੁਨਾਫ਼ੇ ਦਾ ਘਟਣਾ ਕਿਸਾਨਾਂ ਜਾਂ ਕਿਸਾਨ ਸੰਗਠਨਾਂ ਨੂੰ ਨਿਰਾਸ਼ ਕਰਦਾ ਹੈ।

ਮੁੱਖ ਤੌਰ ’ਤੇ ਉਨ੍ਹਾਂ ਨੂੰ ਵਿੱਤੀ ਦੇਣਦਾਰੀ ਤੋਂ ਬਚਾਉਣ ਲਈ, ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਨਾ ਤਾਂ ਕੇਂਦਰੀ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ -2016 ਨੂੰ ਲਾਗੂ ਕੀਤਾ ਅਤੇ ਨਾ ਹੀ ਰਾਜ ਲਈ ਆਪਣੀ ਖ਼ੁਦ ਦੀ ਫ਼ਸਲ ਬੀਮਾ ਯੋਜਨਾ ਬਣਾਈ। ਇਸ ਯੋਜਨਾ ਨੂੰ ਰੱਦ ਕਰ ਦਿੱਤਾ ਗਿਆ ਕਿਉਂਕਿ ਇਸ ਵਿੱਚ ਸਿੰਜਾਈ ਵਾਲੇ ਅਤੇ ਮੀਂਹ ਵਾਲੇ ਖੇਤਰਾਂ ਦੇ ਸਮੂਹੀਕਰਨ ਤੋਂ ਬਾਅਦ ਜੋਖ਼ਮ ਦਾ ਮੁਲਾਂਕਣ ਕੀਤਾ ਜਾਂਦਾ ਹੈ ਜਿਸ ਦੇ ਨਤੀਜੇ ਵਜੋਂ ਪੰਜਾਬ ਵਿੱਚ ਮੁੱਖ ਤੌਰ ’ਤੇ ਸਿੰਜਾਈ ਵਾਲੇ ਫ਼ਸਲੀ ਖੇਤਰਾਂ ਦੇ ਨੁਕਸਾਨ ਲਈ ਉੱਚ ਪ੍ਰੀਮੀਅਮ ਨਿਰਧਾਰਤ ਹੁੰਦਾ ਹੈ।

ਇਸ ਵਿੱਚ ਦਾਅਵਾ ਸ਼ੁਰੂ ਕਰਨ ਤੋਂ ਪਹਿਲਾਂ ਘੱਟੋ-ਘੱਟ 40 ਪ੍ਰਤੀਸ਼ਤ ਨੁਕਸਾਨ ਹੋਣ ਦੀ ਸ਼ਰਤ ਵੀ



ਨਿਰਧਾਰਤ ਹੈ ਜਿਸ ਨੂੰ ਬਹੁਤ ਜ਼ਿਆਦਾ ਥ੍ਰੈਸ਼ਹੋਲਡ ਪੱਧਰ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਬੀਮਾ ਕੀਤੀ ਰਕਮ ਫ਼ਸਲ ਦੇ ਪੂਰੇ ਮੁੱਲ ’ਤੇ ਆਧਾਰਿਤ ਨਹੀਂ ਹੈ ਅਤੇ ਇੱਕ ਸੀਮਤ ਰਕਮ ਬਹੁਤ ਘੱਟ ਅਤੇ ਅਸੰਭਵ ਪਾਈ ਗਈ। ਪਿੰਡ ਨੂੰ ਵਿਅਕਤੀਗਤ ਬੀਮਾ ਕੀਤੇ ਖੇਤ ਦੀ ਬਜਾਏ ਮੁਲਾਂਕਣ ਕਰਨ ਲਈ ਇੱਕ ਇਕਾਈ ਵਜੋਂ ਲੈਣਾ ਵੀ ਪੰਜਾਬ ਵਿੱਚ ਹਿੱਸੇਦਾਰਾਂ ਨਾਲ ਚੰਗਾ ਨਹੀਂ ਅਤੇ ਵਪਾਰਕ ਅਤੇ ਬਾਗਬਾਨੀ ਫ਼ਸਲਾਂ ਲਈ ਉੱਚ ਪ੍ਰੀਮੀਅਮ ਵੀ ਕੇਂਦਰੀ ਯੋਜਨਾ ਦੀ ਅਸਵੀਕਾਰਤਾ ਦੇ ਪੱਖ ਵਿੱਚ ਭਾਰੂ ਹੈ।

ਸਾਲ 2023 ਵਿੱਚ ਗਠਿਤ ‘ਖੇਤੀਬਾੜੀ ਨੀਤੀ ਨਿਰਮਾਣ ਕਮੇਟੀ’ ਦੁਆਰਾ ਕਿਸਾਨ-ਪੱਖੀ ਯੋਜਨਾ ਦਾ ਸਮਰਥਨ ਕਰਨ ਲਈ ਸਮਰਪਿਤ ਫ਼ਸਲ ਬੀਮਾ ਫੰਡ ਤਿਆਰ ਕਰ ਕੇ ਪੰਜਾਬ ਦੀ ਆਪਣੀ ਫ਼ਸਲ ਬੀਮਾ ਸਕੀਮ ਤਿਆਰ ਕਰਨ ਦੀ ਸਪਸ਼ਟ ਸਿਫ਼ਾਰਸ਼ ਦੇ ਬਾਵਜੂਦ ਮੌਜੂਦਾ ਸਰਕਾਰ ਕੇਂਦਰ ਜਾਂ ਰਾਜ ਦੀ ਆਪਣੀ ਯੋਜਨਾ ਨੂੰ ਲਾਗੂ ਕਰਨ ਲਈ ਅੰਤਿਮ ਫ਼ੈਸਲਾ ਲੈਣ ਲਈ ਅਨਿਸ਼ਚਿਤ ਰਹੀ ਜਿਸ ਕਾਰਨ ਕੁਝ ਵੀ ਨਹੀਂ ਹੋਇਆ।

ਉਂਝ ਪੀ.ਐਮ.ਐਫ਼.ਬੀ.ਵਾਈ. ਜੋ ਪੂਰੇ ਫ਼ਸਲੀ ਚੱਕਰ ਦੌਰਾਨ ਕੁਦਰਤੀ ਆਫ਼ਤਾਂ ਦੇ ਜੋਖ਼ਮ ਨੂੰ ਕਵਰ ਕਰਦਾ ਹੈ, ਕਿਸਾਨ ਸਾਉਣੀ ਲਈ 2%, ਹਾੜ੍ਹੀ ਲਈ 1.5% ਅਤੇ ਸਾਲਾਨਾ ਵਪਾਰਕ ਅਤੇ ਬਾਗਬਾਨੀ ਫ਼ਸਲਾਂ ਲਈ 5% ਅਦਾ ਕਰਦੇ ਹਨ। ਪ੍ਰੀਮੀਅਮ ਦਾ ਬਾਕੀ ਹਿੱਸਾ ਕੇਂਦਰ ਅਤੇ ਰਾਜ ਸਰਕਾਰਾਂ ਦੁਆਰਾ ਅਦਾ ਕੀਤਾ ਜਾਂਦਾ ਹੈ। ਸ਼ੁਰੂ ਵਿੱਚ ਇਸ ਨੂੰ ਕਰਜ਼ਾ ਲੈਣ ਵਾਲੇ ਸਾਰੇ ਕਿਸਾਨਾਂ ਲਈ ਲਾਜ਼ਮੀ ਬਣਾਇਆ ਗਿਆ ਸੀ ਪਰ ਸਾਲ 2020 ਵਿੱਚ ਸੋਧ ਕਰਦੇ ਸਮੇਂ ਇਸ ਨੂੰ ਬੀਮਾ ਰਾਸ਼ੀ ਦੀ ਗਣਨਾ ਵਿੱਚ ਲਚਕਤਾ, ਪ੍ਰੀਮੀਅਮ ਜਾਰੀ ਕਰਨ ਲਈ ਸਮਾਂ-ਰੇਖਾ ਪਰਿਭਾਸ਼ਤ ਕਰਨ ਅਤੇ ਬੀਮਾਕਰਤਾਵਾਂ ਨਾਲ ਬਹੁ-ਸਾਲਾ ਇਕਰਾਰਨਾਮੇ ਲਾਜ਼ਮੀ ਕਰਨ ਦੇ ਨਾਲ ਵਿਕਲਪਿਕ ਬਣਾ ਦਿੱਤਾ ਗਿਆ ਸੀ।


ਫਿਰ ਵੀ ਇਹ ਯੋਜਨਾ ਕਿਸਾਨਾਂ ਨੂੰ ਚੰਗੀ ਤਰ੍ਹਾਂ ਨਹੀਂ ਫੜ ਸਕੀ ਅਤੇ ਆਪਣੇ ਪ੍ਰਚਾਰ ਤੋਂ ਬਹੁਤ ਦੂਰ ਹੈ। ਸਾਲ 2016 ਤੋਂ ਤੁਰੰਤ ਬਾਅਦ 27 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਇਸ ਯੋਜਨਾ ਨੂੰ ਲਾਗੂ ਕੀਤਾ ਸੀ ਪਰ ਸਾਲ 2024-25 ਵਿੱਚ ਇਹ ਗਿਣਤੀ ਘਟ ਕੇ 21 ਹੋ ਗਈ। ਉਤਰਾਅ-ਚੜ੍ਹਾਅ ਵਾਲੀ ਭਾਗੀਦਾਰੀ ਦੇ ਨਾਲ ਸਾਲ 2016-2017 ਵਿੱਚ ਕੁੱਲ 5.7 ਕਰੋੜ ਕਿਸਾਨਾਂ ਦਾ ਬੀਮਾ ਕੀਤਾ ਗਿਆ ਸੀ ਜੋ ਸਾਲ 2024-25 ਵਿੱਚ ਘਟ ਕੇ 4.19 ਕਰੋੜ ਰਹਿ ਗਿਆ।

ਇਸ ਯੋਜਨਾ ਅਧੀਨ ਖੇਤਰ ਕਵਰੇਜ ’ਚ ਵੀ ਇਸੇ ਤਰ੍ਹਾਂ ਦੇ ਸੁੰਗੜਦੇ ਰੁਝਾਨ ਹਨ। ਭਾਗੀਦਾਰ ਕਿਸਾਨਾਂ ਦਾ ਮੋਹ ਭੰਗ ਬਹੁਤ ਘੱਟ, ਅਕਸਰ ਦੇਰੀ ਨਾਲ ਜਾਂ ਕਦੇ ਨਾ ਦਿੱਤੇ ਜਾਣ ਵਾਲੇ ਮੁਆਵਜ਼ੇ ਕਾਰਨ ਹੁੰਦਾ ਹੈ ਜਿਸ ਦੀ ਗਣਨਾ ਕਾਸ਼ਤ ਲਾਗਤ ’ਤੇ ਦਾਅਵੇ ਦੀ ਗਣਨਾ ਕਰ ਕੇ ਕੀਤੀ ਜਾਂਦੀ ਹੈ ਪਰ ਮਾਰਕੀਟ ਦਰਾਂ ਦੁਆਰਾ ਨਹੀਂ। ਰਾਜਾਂ ਤੋਂ ਬਕਾਇਆ ਸਬਸਿਡੀਆਂ ਇਸ ਮੰਦਭਾਗੀ ਸਥਿਤੀ ਲਈ ਕੇਂਦਰ ਦੁਆਰਾ ਦੱਸਿਆ ਗਿਆ ਮੁੱਖ ਕਾਰਨ ਹੈ। ਯੋਜਨਾ ਛੱਡਣ ਵਾਲੇ ਜਾਂ ਦੇਰੀ ਨਾਲ ਯੋਗਦਾਨ ਪਾਉਣ ਵਾਲੇ ਰਾਜ ਦੱਸਦੇ ਹਨ ਕਿ ਇਹ ਉੱਚ ਪ੍ਰੀਮੀਅਮ ਦਰਾਂ ਕਾਰਨ ਇੱਕ ਵੱਡਾ ਵਿੱਤੀ ਬੋਝ ਹੈ ਜੋ ਕਈ ਵਾਰ ਰਾਜ ਦੇ ਸਾਲ ਦੇ ਖੇਤੀਬਾੜੀ ਬਜਟ ਦੇ ਇਕ ਚੌਥਾਈ ਤੋਂ ਵੀ ਵੱਧ ਜਾਂਦਾ ਹੈ। ਫ਼ਸਲਾਂ ਦੇ ਨੁਕਸਾਨ ਦਾ ਮੁਲਾਂਕਣ ਕਰਨ ਲਈ ਫ਼ਸਲ ਕੱਟਣ ਦੇ ਪ੍ਰਯੋਗਾਂ (335ਤ) ਪ੍ਰਕਿਰਿਆ ਦੀ ਵਿਆਪਕ ਤੌਰ ’ਤੇ ਅੰਦਰੂਨੀ ਗ਼ਲਤੀਆਂ ਅਤੇ ਗ਼ੈਰ-ਭਰੋਸੇਯੋਗਤਾ ਲਈ ਆਲੋਚਨਾ ਕੀਤੀ ਜਾਂਦੀ ਹੈ।

ਇੱਥੋਂ ਤੱਕ ਕਿ ਸੰਚਾਲਨ ਦਿਸ਼ਾ-ਨਿਰਦੇਸ਼ਾਂ ਵਿੱਚ ਵੀ ਜ਼ਿਕਰ ਕੀਤਾ ਗਿਆ ਹੈ ਕਿ ਉਪਜ ਡੇਟਾ ਦੀ ਗੁਣਵੱਤਾ ’ਤੇ ਵਿਵਾਦ ਯੋਜਨਾ ਦੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਵਿੱਚ ਇੱਕ ਚੁਣੌਤੀ ਹੈ’।

(ਬਾਕੀ ਸਫ਼ਾ 27 ’ਤੇ)

# ਨੇਪਾਲ ਦੇ ਘਟਨਾਕ੍ਰਮ ਤੋਂ ਕਿਉਂ ਡਰੀ ਹੈ ਮੋਦੀ ਸਰਕਾਰ ?



**ਅਭੈ ਕੁਮਾਰ ਦੂਬੇ**

ਅੱਜ ਦਾ ਸਭ ਤੋਂ ਵੱਡਾ ਸੋਚਣ ਵਾਲਾ ਸਵਾਲ ਇਹ ਹੈ ਕਿ, ਕੀ ਨੇਪਾਲ ਵਿੱਚ ਵਾਪਰੀਆਂ ਘਟਨਾਵਾਂ ਨੇ ਭਾਰਤ ਦੀ ਸੱਤਾ ਸਥਾਪਤੀ ਨੂੰ ਡਰਾ ਦਿੱਤਾ ਹੈ ? ਇਸ ਸਮੇਂ ਸਥਿਤੀ ਇਹ ਹੈ ਕਿ ਸੱਤਾਧਾਰੀਆਂ ਨੂੰ ਨੇਪਾਲ ਦੀਆਂ ਘਟਨਾਵਾਂ ਵਿੱਚ ਇੱਕ ਕਿਸਮ ਦੀ ਲਾਗ (ਛੂਤ) ਦਿਖਾਈ ਦੇ ਰਹੀ ਹੈ, ਮਤਲਬ ਨੇਪਾਲ ਵਿੱਚ ਵਾਪਰੀਆਂ ਘਟਨਾਵਾਂ ਦੀ 'ਛੂਤ' ਭਾਰਤ ਦੇ ਰਾਜਨੀਤਕ ਘਟਨਾਕ੍ਰਮ ਨੂੰ ਵੀ ਲੱਗ ਸਕਦੀ ਜਾਂ ਪ੍ਰਭਾਵਿਤ ਕਰ ਸਕਦੀ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਨੇਪਾਲ ਵਿੱਚ ਨੌਜਵਾਨਾਂ ਤੇ ਵਿਦਿਆਰਥੀਆਂ ਨੇ ਜੋ ਉੱਥਲ-ਪੁਥਲ ਮਚਾਈ ਹੈ, ਉਹ ਭਾਰਤ ਵਿੱਚ ਵੀ ਦੁਹਰਾਈ ਜਾ ਸਕਦੀ ਹੈ। ਅਜਿਹੀ ਭਾਵਨਾ, ਇਸ ਤਰ੍ਹਾਂ ਦਾ ਸ਼ੱਕ/ਡਰ ਭਾਜਪਾ ਆਗੂਆਂ ਵਿੱਚ ਵੀ ਦਿਖਾਈ ਦੇਣ ਲੱਗਾ ਹੈ।

ਇਸ ਦਾ ਪਹਿਲਾ ਸਬੂਤ ਉਦੋਂ ਮਿਲਿਆ ਜਦੋਂ ਮੋਦੀ ਜੀ ਦੇ ਸਭ ਤੋਂ ਲਾਡਲੇ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਨੇ ਸਰਕਾਰ ਨੂੰ ਆਪਣਾ ਸੁਝਾਅ ਭੇਜਿਆ। ਹਾਲ ਹੀ ਵਿੱਚ ਨਿਸ਼ੀਕਾਂਤ ਦੂਬੇ ਨੂੰ ਕੰਸਟੀਚਿਊਸ਼ਨਲ ਕਲੱਬ ਦਿੱਲੀ ਦੀਆਂ ਚੋਣਾਂ ਵਿੱਚ ਹਰਾਉਣ ਵਾਲੇ ਭਾਜਪਾ ਦੇ ਹੀ ਰਾਜੀਵ ਪ੍ਰਤਾਪ ਰੂਡੀ ਨੇ ਇੱਕ ਇੰਟਰਵਿਊ ਵਿੱਚ ਕਿਹਾ ਹੈ ਕਿ ਉਸ (ਦੂਬੇ) ਦਾ ਰੁਤਬਾ ਹੁਣ ਇੰਨਾ ਵਧ ਗਿਆ ਹੈ ਕਿ ਹਾਈਕਮਾਨ ਨੇ ਉਸ ਨੂੰ ਸੰਸਦ ਨੂੰ ਕੰਟਰੋਲ ਕਰਨ ਦਾ ਵੀ ਮੌਕਾ ਦੇ ਦਿੱਤਾ ਹੈ। ਪਰ ਇਹ ਮੋਦੀ ਸਰਕਾਰ ਦੀ ਬਦਕਿਸਮਤੀ ਹੋਵੇਗੀ, ਜੇਕਰ ਉਹ ਨਿਸ਼ੀਕਾਂਤ ਦੇ ਸੁਝਾਅ ਨੂੰ ਲਾਗੂ ਕਰਨ ਬਾਰੇ ਸੋਚਦੀ ਵੀ ਹੈ। ਜੇਕਰ ਨਿਸ਼ੀਕਾਂਤ ਦੇ ਸੁਝਾਅ ਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਸਰਕਾਰ ਦਾ ਕਦਮ ਪਿਛਲੇ ਦਿਨਾਂ ਦੌਰਾਨ ਨੇਪਾਲ ਦੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਓਲੀ ਵਲੋਂ ਚੁੱਕੇ ਗਏ ਕਦਮ ਵਰਗਾ ਹੀ ਹੋਵੇਗਾ, ਮਤਲਬ ਸੋਸ਼ਲ ਮੀਡੀਆ ਨੂੰ ਕੰਟਰੋਲ ਕਰਨ ਲਈ ਉਸ 'ਤੇ ਪਾਬੰਦੀਆਂ ਲਗਾ ਦੇਣੀਆਂ। ਇਸੇ ਕਾਰਨ ਓਲੀ ਸੱਤਾ ਤੋਂ ਬਾਹਰ ਕਰ ਦਿੱਤੇ ਗਏ ਹਨ। ਮੇਰਾ ਮੰਨਣਾ ਹੈ ਕਿ ਜੇਕਰ ਸਰਕਾਰ ਨਿਸ਼ੀਕਾਂਤ ਦੇ ਸੁਝਾਅ ਨੂੰ ਸਵੀਕਾਰ ਕਰ ਲੈਂਦੀ ਹੈ ਤਾਂ ਭਾਰਤ ਵਿੱਚ ਵੀ ਨੇਪਾਲ ਜਿਹੀਆਂ ਸਥਿਤੀਆਂ ਪੈਦਾ ਹੋ ਸਕਦੀਆਂ ਹਨ।

ਧਿਆਨਯੋਗ ਹੈ ਕਿ ਨਿਸ਼ੀਕਾਂਤ ਦੂਬੇ ਦਾ ਇਹ ਸੁਝਾਅ ਨਿੱਜੀ ਨਹੀਂ, ਸਗੋਂ ਅਧਿਕਾਰਤ ਤੌਰ 'ਤੇ ਦਿੱਤਾ ਗਿਆ ਹੈ। ਜਿਸ ਲਈ ਸਰਕਾਰ ਨੂੰ ਇਸ 'ਤੇ ਹਾਂ ਜਾਂ ਨਾਂਹ ਦੇ ਕਿਸੇ ਰੂਪ ਵਿੱਚ ਪ੍ਰਤੀਕਿਰਿਆ ਦੇਣੀ ਪੈ ਸਕਦੀ ਹੈ। ਜ਼ਿਕਰਯੋਗ ਹੈ ਕਿ ਨਿਸ਼ੀਕਾਂਤ ਦੂਬੇ ਸੰਸਦੀ ਕਮੇਟੀ (ਸੰਚਾਰ ਤੇ ਸੂਚਨਾ ਤਕਨਾਲੋਜੀ ਸੰਬੰਧੀ ਸਥਾਈ ਕਮੇਟੀ) ਦੇ ਚੇਅਰਮੈਨ ਹਨ ਅਤੇ ਉਨ੍ਹਾਂ ਵਲੋਂ ਹਾਲ ਹੀ ਵਿੱਚ ਪੇਸ਼ ਕੀਤੀ ਗਈ ਰਿਪੋਰਟ ਜਾਅਲੀ ਖ਼ਬਰਾਂ, ਏ.ਆਈ. ਦੀ ਦੁਰਵਰਤੋਂ ਤੇ ਗਲਤ ਜਾਣਕਾਰੀ ਨੂੰ ਰੋਕਣ ਲਈ ਸਖ਼ਤ ਕਾਨੂੰਨ, ਲਾਜ਼ਮੀ ਤੱਥ-ਜਾਂਚ, ਜੁਰਮਾਨੇ ਤੇ ਪਾਬੰਦੀਆਂ ਵਰਗੇ ਪ੍ਰਬੰਧਾਂ ਦੀ ਸਿਫ਼ਾਰਸ਼ ਕਰਦੀ ਹੈ। ਦੂਬੇ ਨੇ ਇਸ ਨੂੰ ਖੇਤਰੀ ਅਸਥਿਰਤਾ ਮਤਲਬ ਨੇਪਾਲ, ਬੰਗਲਾਦੇਸ਼, ਸ੍ਰੀਲੰਕਾ ਆਦਿ ਦੇ ਸੰਦਰਭ ਨਾਲ ਜੋੜਦਿਆਂ ਕਿਹਾ ਹੈ ਕਿ ਭਾਰਤ ਨੂੰ ਇਨ੍ਹਾਂ ਦੇਸ਼ਾਂ ਵਿੱਚ ਫੈਲੀ ਅਰਾਜਕ ਸਥਿਤੀ ਤੋਂ ਬਚਾਉਣ ਲਈ ਅਜਿਹੇ ਉਪਾਅ ਕਰਨੇ ਜ਼ਰੂਰੀ ਹਨ। ਇਹ ਰਿਪੋਰਟ 10 ਸਤੰਬਰ ਨੂੰ ਪੇਸ਼ ਕੀਤੀ ਗਈ ਹੈ, ਜਿਸ ਵਿੱਚ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ




ਜਾਅਲੀ ਖ਼ਬਰਾਂ ਨੂੰ 'ਜਨਤਕ ਵਿਵਸਥਾ ਅਤੇ ਲੋਕਤੰਤਰ ਲਈ ਖ਼ਤਰਾ' ਦੱਸਿਆ ਗਿਆ ਹੈ ਤੇ ਦੰਡਕਾਰੀ ਪ੍ਰਬੰਧਾਂ ਵਿੱਚ ਬਦਲਾਅ ਕਰਨ, ਸੰਪਾਦਕਾਂ/ਪ੍ਰਕਾਸ਼ਕਾਂ ਦੀ ਜਵਾਬਦੇਹੀ, ਅੰਦਰੂਨੀ ਲੋਕਪਾਲ ਦੀ ਨਿਯੁਕਤੀ ਅਤੇ ਏ.ਆਈ. ਦੇ ਸਾਧਨਾਂ ਦੇ ਨਾਲ-ਨਾਲ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਸਖ਼ਤ ਮਨੁੱਖੀ ਨਿਗਰਾਨੀ ਦੀ ਸਿਫਾਰਸ਼ ਕੀਤੀ ਗਈ ਹੈ। ਦੂਬੇ ਦਾ ਸੁਝਾਅ ਰਾਜਨੀਤੀ ਤੋਂ ਪ੍ਰੇਰਿਤ ਹੈ ਅਤੇ ਉਹ ਰਾਹੁਲ ਗਾਂਧੀ ਤੇ ਵਿਰੋਧੀ ਧਿਰ ਦੇ ਨੇਤਾਵਾਂ 'ਤੇ ਭਾਰਤ ਵਿਚ ਨਿਪਾਲ ਵਰਗੀ ਸਥਿਤੀ ਪੈਦਾ ਕਰਨ ਲਈ 'ਟੂਲਕਿੱਟਾਂ' ਦੀ ਵਰਤੋਂ ਕਰਨ ਦਾ ਦੋਸ਼ ਲਗਾਉਂਦੇ ਹਨ। ਨਿਸ਼ੀਕਾਂਤ ਦੇ ਸੁਝਾਅ ਮੋਦੀ ਸਰਕਾਰ ਦੀ ਉਸ ਵਿਆਪਕ ਨੀਤੀ ਨਾਲ ਮੇਲ ਖਾਂਦੇ ਹਨ, ਜੋ ਸੋਸ਼ਲ ਮੀਡੀਆ ਨਿਯਮਨ (ਰੈਗੂਲੇਸ਼ਨ) ਨੂੰ ਰਾਸ਼ਟਰੀ ਸੁਰੱਖਿਆ ਤੇ ਸਥਿਰਤਾ ਨਾਲ ਜੋੜਦੀ ਹੈ। ਇਹ ਕਹਿਣ ਦੀ ਲੋੜ ਨਹੀਂ ਕਿ ਸਰਕਾਰ ਦੀ ਸੋਚ ਵਿਰੋਧੀ ਧਿਰ ਦੀਆਂ ਸਰਗਰਮੀਆਂ ਤੋਂ ਬਹੁਤ ਪ੍ਰਭਾਵਿਤ ਹੁੰਦੀ ਹੈ। ਕਾਂਗਰਸ ਸਮੇਤ ਭਾਰਤ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਨਿਪਾਲ ਵਿੱਚ ਵਾਪਰੀਆਂ ਘਟਨਾਵਾਂ ਅਤੇ ਭਾਰਤ ਦੀ ਸਥਿਤੀ ਵਿੱਚ ਸਮਾਨਤਾਵਾਂ ਨੂੰ ਰੇਖਾਂਕਿਤ ਕਰ ਰਹੀਆਂ ਹਨ। ਨਿਪਾਲ ਵਾਂਗ ਹੀ ਭਾਰਤ ਵਿੱਚ ਵੀ ਨੌਜਵਾਨ ਲਗਾਤਾਰ ਵਧਦੀ ਬੇਰੁਜ਼ਗਾਰੀ, ਵਿਆਪਕ ਭ੍ਰਿਸ਼ਟਾਚਾਰ ਤੇ ਆਰਥਿਕ ਅਸਮਾਨਤਾ ਦੇ ਸ਼ਿਕਾਰ ਹਨ। ਵਿਰੋਧੀ ਧਿਰ ਮੋਦੀ ਸਰਕਾਰ ਨੂੰ ਅਜਿਹੇ ਮੁੱਦਿਆਂ 'ਤੇ ਲਗਾਤਾਰ ਚਿਤਾਵਨੀ ਦੇ ਰਹੀ ਹੈ ਕਿ ਜੇਕਰ ਪ੍ਰਣਾਲੀਗਤ ਸਮੱਸਿਆਵਾਂ ਦਾ ਹੱਲ ਨਾ ਕੀਤਾ ਗਿਆ ਤਾਂ ਭਾਰਤ ਵਿੱਚ ਵੀ ਅਜਿਹੇ ਵਿਦਰੋਹ ਹੋ ਸਕਦੇ ਹਨ। ਕੁਝ ਰਿਪੋਰਟਾਂ ਅਨੁਸਾਰ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਨੂੰ ਭਾਰਤ ਦੇ ਸੱਤਾ ਹਲਕਿਆਂ ਵਿੱਚ 'ਚਿਤਾਵਨੀ ਦੀ ਘੰਟੀ' ਵਜੋਂ ਦੇਖਿਆ ਜਾ ਰਿਹਾ ਹੈ। ਹੁਣ ਸਭ ਜਾਣਦੇ ਹਨ ਕਿ ਜਦੋਂ ਨੇਪਾਲ ਵਿੱਚ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾਈ ਗਈ ਸੀ ਤਾਂ ਇਹ ਬਗਾਵਤ ਦਾ ਕਾਰਨ ਬਣ ਗਈ। ਨੌਜਵਾਨਾਂ ਨੇ 'ਕੁਨੈਕਸ਼ਨ ਨਹੀਂ ਕੁਰੱਪਸ਼ਨ ਖਤਮ ਕਰੋ' ਦਾ ਨਾਅਰਾ ਲਗਾਇਆ। ਜੇਕਰ ਭਾਰਤ 'ਚ ਅਜਿਹਾ ਹੁੰਦਾ ਹੈ ਤਾਂ 'ਕੁਸ਼ਾਸਨ ਖਤਮ ਕਰੋ, ਸੋਸ਼ਲ ਮੀਡੀਆ ਨਹੀਂ' ਜਾਂ 'ਵੋਟ ਚੋਰੀ ਖਤਮ ਕਰੋ, ਸੋਸ਼ਲ ਮੀਡੀਆ ਨਹੀਂ' ਜਾਂ 'ਭ੍ਰਿਸ਼ਟਾਚਾਰ ਖਤਮ ਕਰੋ, ਸੋਸ਼ਲ ਮੀਡੀਆ ਨਹੀਂ' ਜਿਹੇ ਨਾਅਰੇ ਲੱਗ ਸਕਦੇ ਹਨ।

ਇਹ ਸਿੱਟਾ ਆਸਾਨੀ ਨਾਲ ਕੱਢਿਆ ਜਾ ਸਕਦਾ ਹੈ ਕਿ ਸਰਕਾਰ ਅਜਿਹੀਆਂ ਸਿਫ਼ਾਰਸ਼ਾਂ ਲਈ ਪਹਿਲਾਂ ਹੀ ਤਿਆਰੀ ਕਰਕੇ ਬੈਠੀ ਸੀ। ਨਹੀਂ ਤਾਂ ਇਹ ਕਿਵੇਂ ਸੰਭਵ ਹੋ ਸਕਦਾ ਹੈ ਕਿ 8-9-10 ਸਤੰਬਰ ਨੂੰ ਨੇਪਾਲ ਵਿੱਚ ਨੌਜਵਾਨਾਂ ਦਾ ਵਿਦਰੋਹ ਹੋਇਆ ਅਤੇ ਸੰਸਦੀ ਕਮੇਟੀ ਨੇ ਜਲਦੀ ਨਾਲ ਇੱਕ ਮੀਟਿੰਗ ਕੀਤੀ ਅਤੇ ਆਪਣੀ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ। ਮੋਦੀ ਸਰਕਾਰ ਕੋਈ ਵੀ ਕੰਮ ਇੰਨੀ ਜਲਦੀ ਵਿੱਚ ਕਦੇ ਨਹੀਂ ਕਰਦੀ। ਦਰਅਸਲ ਮੋਦੀ ਸਰਕਾਰ ਰੁਜ਼ਗਾਰ, ਕਾਨੂੰਨ ਵਿਵਸਥਾ, ਸਿੱਖਿਆ ਅਤੇ ਵਿਕਾਸ ਵੱਲ ਘੱਟ ਧਿਆਨ ਦਿੰਦੀ ਹੈ ਅਤੇ ਜ਼ਿਆਦਾ ਸਮਾਂ ਆਪਣੇ ਦਬਦਬੇ ਨੂੰ ਬਚਾਉਣ ਵਿੱਚ ਬਿਤਾਉਂਦੀ ਹੈ। ਸਰਕਾਰ ਜਿਹੜੇ ਉਪਾਅ ਥੋਪਣਾ ਚਾਹੁੰਦੀ ਹੈ, ਉਸ ਵਿੱਚ ਇਹ ਧਮਕੀ ਹੈ ਕਿ ਜੇਕਰ ਕੋਈ ਸਰਕਾਰ ਵਿਰੁੱਧ ਲਿਖਦਾ ਹੈ ਤਾਂ ਇਸ ਨੂੰ ਰਾਸ਼ਟਰ ਵਿਰੋਧੀ ਕਾਰਵਾਈ ਦੱਸ ਕੇ ਉਮਰ ਕੈਦ ਦੀ ਸਜ਼ਾ ਦਿੱਤੀ ਜਾਵੇਗੀ। ਜੇਕਰ ਕੋਈ ਸਰਕਾਰ ਦੀਆਂ ਨੀਤੀਆਂ ਦੇ ਸਮਰਥਨ ਵਿੱਚ ਲਿਖੇਗਾ ਤਾਂ ਅਜਿਹੇ ਯੂਟਿਊਬਰਾਂ ਨੂੰ 8 ਲੱਖ ਤੱਕ ਦੇ ਇਸ਼ਤਿਹਾਰ ਮਿਲਣਗੇ। ਸਰਕਾਰ ਐਕਸ, ਫੇਸਬੁੱਕ, ਇੰਸਟਾਗ੍ਰਾਮ ਆਦਿ 'ਤੇ ਸਰਕਾਰ ਪੱਖੀ ਲਿਖਣ ਨੂੰ ਹੱਲਾਸ਼ੇਰੀ ਦੇਵੇਗੀ, ਜੋ ਦਰਅਸਲ ਇੱਕ ਰਿਸ਼ਵਤ ਹੀ ਹੈ। ਵਿਰੋਧੀ ਧਿਰ ਤੇ ਗੈਰ-ਸਰਕਾਰੀ ਸੰਗਠਨ ਇਸ ਨੂੰ 'ਪੱਤਰਕਾਰੀ ਨੂੰ ਕੰਟਰੋਲ ਕਰਨਾ' ਕਹਿੰਦੇ ਹਨ ਕਿਉਂਕਿ ਇਹ ਸਰਕਾਰ ਨੂੰ ਡਿਜੀਟਲ ਨਿਊਜ਼ ਪੋਰਟਲਾਂ ਅਤੇ ਓ.ਟੀ.ਟੀ. ਪਲੇਟਫਾਰਮਾਂ ਦੀ ਨਿਗਰਾਨੀ ਕਰਨ ਦਾ ਅਧਿਕਾਰ ਵੀ ਦਿੰਦਾ ਹੈ। ਉਦਾਹਰਨ ਵਜੋਂ, ਵੱਟਸਐਪ ਨੇ ਟ੍ਰੇਸਬਿਲਟੀ ਨਿਯਮ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਹੈ, ਕਿਉਂਕਿ ਇਹ ਉਪਭੋਗਤਾਵਾਂ ਦੀ ਗੋਪਨੀਯਤਾ ਨੂੰ ਪ੍ਰਭਾਵਿਤ ਕਰਦਾ ਹੈ। ਕੀ ਕੋਈ ਅਜਿਹਾ ਦੇਸ਼ ਕਦੇ ਤਰੱਕੀ ਕਰ ਸਕਦਾ ਹੈ, ਜਿੱਥੇ ਭਲਾਈ ਯੋਜਨਾਵਾਂ ਨਾਲੋਂ ਜਨਤਾ ਨੂੰ ਕੰਟਰੋਲ ਕਰਨ 'ਤੇ ਜ਼ਿਆਦਾ ਊਰਜਾ ਖਰਚ ਕੀਤੀ ਜਾਂਦੀ ਹੋਵੇ ?

ਮੋਦੀ ਸਰਕਾਰ ਦੇ ਪੈਗਾਸਸ ਜਾਸੂਸੀ ਘੁਟਾਲੇ ਦਾ 2021 'ਚ ਪਰਦਾਫਾਸ਼ ਹੋਇਆ ਸੀ। ਭਾਰਤ ਨੇ 2017 ਵਿੱਚ ਇਜ਼ਰਾਈਲ ਤੋਂ ਪੈਗਾਸਸ ਨਾਮ ਦਾ ਇਹ ਸਪਾਈਵੇਅਰ ਖਰੀਦਿਆ ਸੀ, ਜੋ 15 ਹਜ਼ਾਰ ਕਰੋੜ ਰੁਪਏ ਦੇ ਰੱਖਿਆ ਸੌਦੇ ਦਾ ਹਿੱਸਾ ਸੀ। ਦਰਅਸਲ, ਪੈਗਾਸਸ ਵਿਵਾਦ ਇਜ਼ਰਾਈਲੀ ਕੰਪਨੀ ਐਨ.ਐੱਸ.ਓ. ਗਰੁੱਪ ਦੁਆਰਾ ਵਿਕਸਤ ਸਪਾਈਵੇਅਰ ਦੀ ਦੁਰਵਰਤੋਂ ਨਾਲ ਸਬੰਧਤ ਇਕ ਗਲੋਬਲ ਜਾਸੂਸੀ ਘੁਟਾਲਾ ਹੈ। ਇਹ ਸਾਫਟਵੇਅਰ ਸਮਾਰਟਫੋਨ ਵਿੱਚ ਘੁਸਪੈਠ ਕਰਕੇ ਉਪਭੋਗਤਾ ਦੀ ਜਾਣਕਾਰੀ ਤੋਂ ਬਿਨਾਂ ਉਸ ਦੀਆਂ ਕਾਲਾਂ, ਸੰਦੇਸ਼ਾਂ, ਸਥਾਨ, ਕੈਮਰਾ ਤੇ ਮਾਈਕ੍ਰੋਫੋਨ ਤੱਕ ਪਹੁੰਚ ਕਰ ਸਕਦਾ ਹੈ। ਇਹ ਵਿਵਾਦ 2021 'ਚ ਉਦੋਂ ਉਭਰਿਆ ਜਦੋਂ 'ਦ ਵਾਇਰ ਐਮਨੈਸਟੀ ਇੰਟਰਨੈਸ਼ਨਲ' ਤੇ ਹੋਰ ਅੰਤਰਰਾਸ਼ਟਰੀ ਮੀਡੀਆ ਸੰਗਠਨਾਂ ਨੇ ਖੁਲਾਸਾ ਕੀਤਾ ਕਿ ਭਾਰਤ ਵਿੱਚ ਪੈਗਾਸਸ ਦੀ ਵਰਤੋਂ ਪੱਤਰਕਾਰਾਂ, ਵਿਰੋਧੀ ਨੇਤਾਵਾਂ, ਕਾਰਕੁਨਾਂ ਅਤੇ ਸਰਕਾਰੀ ਆਲੋਚਕਾਂ ਦੀ ਜਾਸੂਸੀ ਕਰਨ ਲਈ ਕੀਤੀ ਗਈ ਹੈ। ਨਿਪਾਲ 'ਚ 2025 ਦੀ ਅਸਥਿਰਤਾ ਅਤੇ ਭਾਰਤ ਵਿੱਚ ਸੋਸ਼ਲ ਮੀਡੀਆ ਕੰਟਰੋਲ ਦੀ ਚਰਚਾ ਦੇ ਸੰਦਰਭ ਵਿੱਚ ਵਿਰੋਧੀ ਧਿਰ ਤੇ ਕੁਝ ਵਿਸ਼ਲੇਸ਼ਕਾਂ ਦੁਆਰਾ ਪੈਗਾਸਸ ਵਿਵਾਦ ਨੂੰ ਸਰਕਾਰੀ ਨਿਗਰਾਨੀ ਤੇ ਕੰਟਰੋਲ ਦੀ ਇੱਕ ਵਿਆਪਕ ਰਣਨੀਤੀ ਦੇ ਹਿੱਸੇ ਵਜੋਂ ਦੇਖਿਆ ਜਾਂਦਾ ਹੈ।

**(ਬਾਕੀ ਸਫ਼ਾ 27 'ਤੇ)**

# ਨੇਪਾਲ 'ਚ ਕਿਵੇਂ ਡੂੰਘੀਆਂ ਹੋਣ ਲੋਕਤੰਤਰ ਦੀਆਂ ਜੜ੍ਹਾਂ ?

**ਪ੍ਰੋ. ਮਨੋਜ ਕੁਮਾਰ ਝਾਅ**

ਨੇਪਾਲ 'ਚ ਨੌਜਵਾਨਾਂ ਦੀ ਅਗਵਾਈ ਵਿੱਚ ਹੋਏ ਪ੍ਰਦਰਸ਼ਨ ਚੇਤਾ ਕਰਾਉਂਦੇ ਹਨ ਕਿ ਲੋਕਤੰਤਰ ਨੂੰ ਸਿਰਫ਼ ਤੰਗਦਿਲ ਸਰਕਾਰਾਂ ਦੀ ਮਰਜ਼ੀ ਮੁਤਾਬਿਕ ਨਹੀਂ ਚਲਾਇਆ ਜਾ ਸਕਦਾ। ਅਸਹਿਮਤੀ ਨੂੰ ਕੁਚਲ ਕੇ, ਸੰਸਥਾਵਾਂ ਨਾਲ ਛੇੜਛਾੜ ਕਰ ਕੇ ਜਾਂ ਨਾਗਰਿਕਾਂ ਨੂੰ ਨਿਰਲੇਪ ਵਿਸ਼ਿਆਂ ਵਾਂਗ ਸਮਝ ਕੇ, ਚੁਣੀਆਂ ਹੋਈਆਂ ਸਰਕਾਰਾਂ ਜਮਹੂਰੀ ਚਰਿੱਤਰ ਦੇ ਅਸਲ ਤੱਤ ਨੂੰ ਖੋਖਲਾ ਕਰ ਦਿੰਦੀਆਂ ਹਨ। ਨੌਜਵਾਨ ਖ਼ੁਦ ਲੋਕਤੰਤਰ ਦੇ ਵਾਅਦੇ ਨੂੰ ਸੁਰਜੀਤ ਕਰ ਰਹੇ ਹਨ, ਇਹ ਜ਼ੋਰ ਦੇ ਰਹੇ ਹਨ ਕਿ ਸ਼ਾਸਨ ਦਾ ਕੇਂਦਰ ਲੋਕਾਂ ਦੀ ਇੱਛਾ ਹੋਣੀ ਚਾਹੀਦੀ ਹੈ, ਤਾਨਾਸ਼ਾਹੀ ਖ਼ਾਹਸ਼ਾਂ ਨਹੀਂ। ਉਹ ਸਿਰਫ਼ ਇਹ ਜਾਂ ਉਹ ਚੀਜ਼ ਨਹੀਂ ਮੰਗ ਰਹੇ, ਸਗੋਂ ਆਪਣੀਆਂ ਸਰਕਾਰਾਂ ਪ੍ਰਤੀ ਆਪਣੀ ਡੂੰਘੀ ਨਾਰਾਜ਼ਗੀ ਜ਼ਾਹਿਰ ਕਰ ਰਹੇ ਹਨ।

ਉੱਚੀ ਬੇਰੁਜ਼ਗਾਰੀ ਦਰ, ਸਪੱਸ਼ਟ ਆਮਦਨ ਨਾ-ਬਰਾਬਰੀ, ਰਾਜਨੀਤਕ ਭ੍ਰਿਸ਼ਟਾਚਾਰ ਅਤੇ ਅਤਿ-ਕੁਲੀਨ ਵਰਗ ਦੀ ਪ੍ਰਤੱਖ ਹੋਈ ਖ਼ਪਤ ਨੇ ਕਈ ਚਿਰ ਤੋਂ ਦੁਨੀਆ ਭਰ ਦੀਆਂ ਸਰਕਾਰਾਂ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ। ਪੱਛਮੀ ਮੀਡੀਆ ਭਾਵੇਂ ਇਨ੍ਹਾਂ ਨੂੰ ਅਫ਼ਰੀਕਾ, ਲਾਤੀਨੀ ਅਮਰੀਕਾ ਅਤੇ ਏਸ਼ੀਆ ਦੇ ਵਿਕਾਸਸ਼ੀਲ ਦੇਸ਼ਾਂ ਤੱਕ ਸੀਮਤ ਸਮੱਸਿਆਵਾਂ ਵਜੋਂ ਪੇਸ਼ ਕਰ ਸਕਦਾ ਹੈ, ਪਰ 'ਗਲੋਬਲ ਨਾਰਥ' ਵੀ ਇਨ੍ਹਾਂ ਤੋਂ ਮੁਕਤ ਨਹੀਂ। ਸਪੇਨ, ਗਰੀਸ, ਫ਼ਰਾਂਸ ਅਤੇ ਅਮਰੀਕਾ ਵਿੱਚ ਵੀ ਨੌਜਵਾਨਾਂ ਨੇ ਕਿਸੇ ਨਾ ਕਿਸੇ ਰੂਪ ਵਿੱਚ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਕੁਝ ਦਹਾਕੇ ਪਹਿਲਾਂ ਅਜਿਹੇ ਅੰਦੋਲਨਾਂ ਨੂੰ ਰੋਕਿਆ ਜਾ ਸਕਦਾ ਸੀ, ਵਿਰੋਧਾਭਾਸਾਂ ਨੂੰ 'ਸੰਭਾਲਿਆ' ਜਾ ਸਕਦਾ ਸੀ ਪਰ ਅੱਜ ਸਿਆਸੀ ਦ੍ਰਿਸ਼ ਨਾਟਕੀ ਢੰਗ ਨਾਲ ਬਦਲ ਗਿਆ ਹੈ। ਸੋਸ਼ਲ ਮੀਡੀਆ ਨੇ ਸਭ ਕੁਝ ਦਿਸਣ ਲਾ ਦਿੱਤਾ ਹੈ। ਜਾਣਕਾਰੀ ਤੇਜ਼ੀ ਨਾਲ ਫ਼ੈਲਦੀ ਹੈ ਤੇ ਲੋਕ ਬਹੁਤ ਤੇਜ਼ੀ ਨਾਲ ਜਥੇਬੰਦ ਹੋ ਸਕਦੇ ਹਨ।

ਸ੍ਰੀਲੰਕਾ ਤੇ ਬੰਗਲਾਦੇਸ਼ ਵਾਂਗ ਨੇਪਾਲ ਵਿੱਚ ਵੀ ਨੌਜਵਾਨਾਂ ਅਤੇ ਬੇਰੁਜ਼ਗਾਰਾਂ ਵਿੱਚ ਨਿਰਾਸ਼ਾ ਫ਼ੈਲੀ ਹੋਈ ਹੈ। ਉਨ੍ਹਾਂ ਨੂੰ ਸਿਆਸੀ ਜਮਾਤ ਦੇ ਵਾਅਦਿਆਂ ਵਿੱਚ ਆਪਣਾ ਹਿੱਸਾ ਲਗਾਤਾਰ ਘਟਦਾ ਨਜ਼ਰ ਆ ਰਿਹਾ ਹੈ। ਗੁੱਸਾ ਅਸਲ ਅਤੇ ਗਹਿਰਾ ਹੈ। ਉਂਝ, ਇਰਾਦੇ ਕਿੰਨੇ ਵੀ ਨੇਕ ਕਿਉਂ ਨਾ ਹੋਣ, ਹਿੰਸਾ ਅਤੇ ਤਬਾਹੀ ਨੂੰ ਉਤਸ਼ਾਹਿਤ ਕਰਨਾ ਕਿਸੇ ਵੀ ਵਿਰੋਧ ਪ੍ਰਦਰਸ਼ਨ ਲਈ ਚੰਗਾ ਸੰਕੇਤ ਨਹੀਂ। ਹਿੰਸਾ 'ਤੇ ਉਤਾਰੂ ਹੋਣਾ ਨਾ ਸਿਰਫ਼ ਦੁਖਦਾਈ ਹੈ, ਸਗੋਂ ਆਮ ਤੌਰ 'ਤੇ ਨੁਕਸਾਨਦੇਹ ਵੀ ਹੈ। ਇਹ ਸਰਕਾਰ ਨੂੰ ਬੇਰਹਿਮ ਕਾਰਵਾਈ ਕਰਨ ਦਾ ਮੌਕਾ ਦਿੰਦਾ ਹੈ। ਇਸ ਦੇ ਨਾਲ ਹੀ, ਸੜਕਾਂ 'ਤੇ ਹੋਈ ਹਿੰਸਾ ਦੀ ਜ਼ਿੰਮੇਵਾਰੀ




ਸਰਕਾਰ ਨੂੰ ਵੀ ਲੈਣੀ ਚਾਹੀਦੀ ਹੈ। ਜਦੋਂ ਲੋਕਤੰਤਰ ਦੇ 'ਪ੍ਰੈਸ਼ਰ ਵਾਲਵ' ਘੁੱਟ ਕੇ ਬੰਦ ਕਰ ਦਿੱਤੇ ਜਾਂਦੇ ਹਨ ਤਾਂ ਇਸ ਦਾ ਫ਼ਟਣਾ ਲਗਭਗ ਤੈਅ ਹੁੰਦਾ ਹੈ।

ਦੁਨੀਆ ਭਰ ਦੇ ਤਜਰਬੇ ਦੱਸਦੇ ਹਨ ਕਿ ਲੋਕਤੰਤਰ ਸਿਰਫ਼ ਸਮੇਂ-ਸਮੇਂ ਹੋਣ ਵਾਲੀਆਂ ਚੋਣਾਂ ਜਾਂ ਰਸਮੀ ਸੰਸਥਾਵਾਂ ਦੀ ਮੌਜੂਦਗੀ ਨਾਲ ਹੀ ਨਹੀਂ ਚੱਲਦਾ; ਇਸ ਦੀ ਅਸਲ ਰੂਹ ਅਸਹਿਮਤੀ ਹੈ- ਸਵਾਲ ਕਰਨਾ, ਮਤਭੇਦ ਰੱਖਣਾ ਤੇ ਸ਼ਾਸਨ ਨੂੰ ਚੁਣੌਤੀ ਦੇਣਾ। ਇਸ ਦੇ ਬਿਨਾਂ ਲੋਕਤੰਤਰ ਖੋਖਲਾ ਹੋ ਜਾਂਦਾ ਹੈ; ਮਹਿਜ਼ ਪ੍ਰਕਿਰਿਆ ਬਣ ਕੇ ਰਹਿ ਜਾਂਦਾ ਹੈ।

ਲੋਕਤੰਤਰ ਨੂੰ ਜੀਵਤ, ਸਾਹ ਲੈਣ ਵਾਲੇ ਪੌਦੇ ਵਾਂਗ ਮੰਨਣਾ ਚਾਹੀਦਾ ਹੈ, ਜਿਸ ਨੂੰ ਆਪਣੇ ਕੁਦਰਤੀ ਰੂਪ 'ਚ ਵਧਣ-ਫ਼ੁੱਲਣ ਲਈ ਖੁੱਲ੍ਹੀ ਹਵਾ, ਧੁੱਪ ਅਤੇ ਭਰਪੂਰ ਪਾਣੀ ਦੀ ਲੋੜ ਹੁੰਦੀ ਹੈ। ਲੋਕਤੰਤਰ ਦਾ ਸਾਰ ਇਸ ਦੀ ਖੁੱਲ੍ਹ ਵਿੱਚ, ਅਸਹਿਮਤੀ ਨੂੰ ਜਜ਼ਬ ਕਰਨ ਦੀ ਇਸ ਦੀ ਯੋਗਤਾ ਵਿੱਚ, ਆਪਣੀਆਂ ਜੜ੍ਹਾਂ ਨੂੰ ਸਮਾਜ ਦੀ ਮਿੱਟੀ ਵਿੱਚ ਡੂੰਘਾਈ ਤੱਕ ਫ਼ੈਲਾਉਣ ਵਿੱਚ ਅਤੇ ਉਨ੍ਹਾਂ ਦਿਸ਼ਾਵਾਂ ਵਿੱਚ ਫ਼ੈਲਣ ਵਿੱਚ ਹੈ ਜੋ ਲੋਕਾਂ ਦੀ ਇੱਛਾ ਨੂੰ ਦਰਸਾਉਂਦੀਆਂ ਹਨ। ਇਸ ਨੂੰ ਰੋਕਣਾ, ਬੇਮਤਲਬ ਛਾਂਗਣਾ, ਜਾਂ ਉਸ ਰੂਪ 'ਚ ਸੀਮਤ ਕਰਨਾ ਜੋ ਸੱਤਾ 'ਚ ਬੈਠੇ ਲੋਕ ਚਾਹੁੰਦੇ ਹਨ, ਇਸ ਨੂੰ 'ਬੋਨਸਾਈ' ਵਿੱਚ ਬਦਲਣ ਵਰਗਾ ਹੈ- ਬਿਲਕੁਲ ਸਜਾਵਟੀ, ਛੋਟਾ ਤੇ ਨਿਰਜੀਵ ਰੁੱਖ, ਹਕੀਕਤ ਤੋਂ ਕਿਤੇ ਵੱਖਰਾ। 'ਬੋਨਸਾਈ' ਜਾਪਾਨੀ ਕਲਾ ਹੈ ਜਿਸ ਵਿੱਚ ਛੋਟੇ ਬਰਤਨਾਂ ਜਾਂ ਟ੍ਰੇਆਂ ਵਿੱਚ ਰੁੱਖਾਂ ਨੂੰ ਬੌਣਾ ਬਣਾ ਕੇ ਉਗਾਇਆ ਜਾਂਦਾ ਹੈ। ਇਹ ਰੁੱਖ ਆਕਾਰ ਵਿੱਚ ਛੋਟੇ ਹੁੰਦੇ ਹਨ, ਪਰ ਇਹ ਪੂਰੇ ਰੁੱਖ ਵਾਂਗ ਦਿਖਾਈ ਦਿੰਦੇ ਹਨ। ਬੋਨਸਾਈ ਸ਼ਾਇਦ ਸ਼ੈਲਫ਼ 'ਤੇ ਸੁੰਦਰ ਲੱਗੇ, ਪਰ ਇਸ ਦੀ ਕੋਈ ਛਾਂ ਨਹੀਂ ਹੁੰਦੀ, ਫ਼ਲ ਨਹੀਂ ਹੁੰਦੇ, ਪੰਛੀਆਂ ਦੇ ਆਲ੍ਹਣਾ ਬਣਾਉਣ ਲਈ ਕੋਈ ਜਗ੍ਹਾ ਨਹੀਂ ਹੁੰਦੀ। ਅਜਿਹੇ ਦਿਖਾਵੇ ਤੱਕ ਸੀਮਤ ਲੋਕਤੰਤਰ ਸ਼ਾਇਦ ਕੁਝ ਸਮੇਂ ਲਈ ਚਕਾਚੌਂਧ ਕਰੇ, ਪਰ ਇਹ ਆਪਣੇ ਲੋਕਾਂ ਦੀਆਂ ਇੱਛਾਵਾਂ 'ਤੇ ਖ਼ਰਾ ਉਤਰਨਾ ਬੰਦ ਕਰ ਦਿੰਦਾ ਹੈ। ਸੱਚੇ ਲੋਕਤੰਤਰ ਨੂੰ ਜੰਗਲ ਵਾਂਗ ਇੱਧਰ-ਉੱਧਰ ਫ਼ੈਲਣ ਦੇਣਾ ਚਾਹੀਦਾ ਹੈ। ਜੋ ਲੋਕ ਕੰਟਰੋਲ, ਇਕਸੁਰਤਾ ਜਾਂ ਸੌਖ ਦੇ ਨਾਮ 'ਤੇ ਇਸ ਦਾ ਵਾਧਾ ਰੋਕਣ ਦੀ ਕੋਸ਼ਿਸ਼ ਕਰਦੇ ਹਨ, ਉਹ ਲੋਕਤੰਤਰ ਦਾ ਸਾਹ ਘੁੱਟ ਰਹੇ ਹੁੰਦੇ ਹਨ।

ਬਦਕਿਸਮਤੀ ਨਾਲ ਹਾਲੀਆ ਸਮਿਆਂ 'ਚ, ਮਤਭੇਦਾਂ ਨੂੰ ਅਕਸਰ ਅੜਿੱਕੇ ਵਜੋਂ ਗ਼ਲਤ ਸਮਝਿਆ ਗਿਆ ਹੈ। ਫ਼ਿਰ ਵੀ ਇਤਿਹਾਸ ਸਾਨੂੰ ਕੁਝ ਹੋਰ ਦੱਸਦਾ ਹੈ: ਅਸਹਿਮਤੀ ਹੀ ਹੈ ਜਿਸ ਨੇ ਅਧਿਕਾਰਾਂ ਦਾ ਵਿਸਥਾਰ ਕੀਤਾ, ਗ਼ਲਤੀਆਂ ਸੁਧਾਰੀਆਂ ਅਤੇ ਆਜ਼ਾਦੀਆਂ ਨੂੰ ਗਹਿਰਾ ਕੀਤਾ। ਹਰ ਮਹਾਨ ਜਮਹੂਰੀ ਤਰੱਕੀ, ਇਹ ਭਾਵੇਂ ਨਾਗਰਿਕ ਅਧਿਕਾਰਾਂ ਦੀ ਲੜਾਈ, ਬਰਾਬਰੀ ਦੀ ਮੰਗ ਜਾਂ ਨਿਆਂ ਤੇ ਸਮਾਜਿਕ ਨਿਆਂ ਲਈ ਸੰਘਰਸ਼ ਹੋਵੇ, ਚੁੱਪ ਨੂੰ ਸਹਿਮਤੀ ਮੰਨਣ ਤੋਂ ਇਨਕਾਰੀ ਹੋਣ ਵਿੱਚ ਹੀ ਜੜੀ ਹੋਈ ਹੈ। ਅਸਹਿਮਤੀ ਨੂੰ ਦੇਸ਼ਧ੍ਰੋਹ ਵਜੋਂ ਪੇਸ਼ ਕਰਨਾ ਛਾਂਗੇ ਜਾਣ ਨੂੰ ਪੋਸ਼ਣ ਸਮਝਣ ਦੀ ਗ਼ਲਤੀ ਕਰਨ ਬਰਾਬਰ ਹੈ; ਇਹ ਲੋਕਤੰਤਰ ਨੂੰ ਬੋਨਸਾਈ ਵਿੱਚ ਬਦਲਣ ਦੀ ਕੋਸ਼ਿਸ਼ ਹੈ, ਜਿਸ ਦਾ ਆਕਾਰ ਤਾਂ ਤੈਅ ਹੈ ਪਰ ਇਸ ਦਾ ਕੁਦਰਤੀ ਵਾਧਾ ਨਕਾਰਿਆ ਗਿਆ ਹੈ। ਇਹ ਸਵਾਲ ਕਰਨ ਵਾਲੀ ਸੁਰ ਹੀ ਹੈ ਜੋ ਬੇਪਰਵਾਹੀ ਨੂੰ ਰੋਕਦੀ ਹੈ ਤੇ ਵੱਖਰਾ ਨਜ਼ਰੀਆ ਹੈ ਜੋ ਬਹਿਸ ਦਾ ਦਰਜਾ ਉੱਚਾ ਚੁੱਕਦਾ ਹੈ। ਲੋਕਤੰਤਰ ਅਸਹਿਮਤੀ ਦੀ ਮਿੱਟੀ ਵਿੱਚ ਹੀ ਵਧਦਾ-ਫ਼ੁਲਦਾ ਹੈ।

ਸਾਨੂੰ ਆਪਣੇ ਵਿਹਾਰ ਦੁਆਰਾ ਆਪਣੇ ਗੁਆਂਢੀਆਂ ਅਤੇ ਸੰਸਾਰ ਨੂੰ ਸੁਨੇਹਾ ਦੇਣਾ ਚਾਹੀਦਾ ਹੈ: ਮਤਭੇਦਾਂ ਤੋਂ ਬਿਨਾਂ ਲੋਕਤੰਤਰ ਉਸ ਰੁੱਖ ਵਰਗਾ ਹੈ ਜਿਸ ਨੂੰ ਧੁੱਪ, ਹਵਾ ਅਤੇ ਪਾਣੀ ਤੋਂ ਵਾਂਝਾ ਕਰ ਦਿੱਤਾ ਗਿਆ ਹੈ। ਇਹ ਰੁੱਖ ਦਾ ਰੂਪ ਤਾਂ ਧਾਰ ਸਕਦਾ ਹੈ, ਪਰ ਸਾਰ ਵਿੱਚ ਇਹ ਬੋਨਸਾਈ ਹੈ। ਲੋਕਤੰਤਰ ਨੂੰ ਛਾਂਗ ਕੇ ਬੋਨਸਾਈ ਬਣਾਉਣਾ, ਸੱਤਾਧਾਰੀਆਂ ਨੂੰ ਤਾਂ ਖੁਸ਼ ਕਰ ਸਕਦਾ ਹੈ, ਪਰ ਇਹ ਲੋਕਾਂ ਤੋਂ ਛਾਂ, ਫ਼ਲ, ਅਤੇ ਆਸਰਾ ਖੋਹ ਲੈਂਦਾ ਹੈ। ਭਾਰਤ ਅਤੇ ਨਾਲ ਹੀ ਦੁਨੀਆ, ਅਜਿਹੇ ਲੋਕਤੰਤਰ ਦੇ ਹੱਕਦਾਰ ਹਨ ਜੋ ਪੂਰੇ ਰੁੱਖ ਵਾਂਗ ਵਧਦਾ ਹੈ। ਲੋਕਤੰਤਰ ਨੂੰ ਕਾਇਮ ਰੱਖਣ ਲਈ ਇਸ ਨੂੰ ਵਧਣ-ਫ਼ੁੱਲਣ ਦੀ ਖੁੱਲ੍ਹ ਮਿਲਣੀ ਚਾਹੀਦੀ ਹੈ।

*** ਲੇਖਕ ਰਾਸ਼ਟਰੀ ਜਨਤਾ ਦਲ ਦੇ ਰਾਜ ਸਭਾ ਮੈਂਬਰ ਹਨ।**

# ਮਨੀਪੁਰ ’ਚ ਸ਼ਾਂਤੀ ਆਉਣ ਦੀ ਬਣੀ ਉਮੀਦ

**ਮੁਖਤਾਰ ਗਿੱਲ**

ਪੀ.ਐੱਮ. ਮੋਦੀ ਦੇ ਪ੍ਰਸਤਾਵਿਤ ਦੌਰੇ ਤੋਂ ਦੋ ਦਿਨ ਪਹਿਲਾਂ ਚੁਰਾਚਾਂਦਪੁਰ ’ਚ ਲਗਾਏ ਗਏ ਬੈਨਰ, ਕੱਟਆਊਟ ਪਾੜਨ ਅਤੇ ਭੰਨ-ਤੋੜ ਕਰਨ ਦੇ ਦੋਸ਼ਾਂ ਹੇਠ ਪੁਲਿਸ ਨੇ ਕੁਝ ਨੌਜਵਾਨਾਂ ਨੂੰ ਹਿਰਾਸਤ ਵਿੱਚ ਲਿਆ ਸੀ ਜਿਨ੍ਹਾਂ ਨੂੰ ਛੁਡਾਉਣ ਲਈ ਭੀੜ ਥਾਣੇ ’ਚ ਪੁੱਜ ਗਈ ਤੇ ਸੁਰੱਖਿਆ ਬਲਾਂ ’ਤੇ ਹਮਲਾ ਕਰ ਦਿੱਤਾ। ਇਸ ਕਰਕੇ ਤਣਾਅ ਵਧ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਿਛਲੇ ਸਵਾ ਕੁ ਦੋ ਸਾਲਾਂ ਤੋਂ ਨਸਲੀ ਹਿੰਸਾ ਵਿੱਚ ਸੜ ਰਹੇ ਮਨੀਪੁਰ ਦਾ ਪਹਿਲੀ ਵਾਰ ਦੌਰਾ ਕਰਨ ਗਏ। ਉਨ੍ਹਾਂ ਕੁਕੀ ਪ੍ਰਭਾਵ ਵਾਲੇ ਪਹਾੜੀ ਖੇਤਰ ਚੁਰਾਚਾਂਦਪੁਰ ਅਤੇ ਮੈਤੇਈ ਕਬੀਲੇ ਦੀ ਬਹੁ-ਗਿਣਤੀ ਵਾਲੇ ਖ਼ਿੱਤੇ ਇੰਫ਼ਾਲ ਵਿਖੇ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਮਨੀਪੁਰ ਵਾਸੀਆਂ ਵਿੱਚ ਵਿਸ਼ਵਾਸ, ਸ਼ਾਂਤੀ ਅਤੇ ਖ਼ੁਸ਼ਹਾਲੀ ਦੀ ਬਹਾਲੀ ਲਈ ਕੰਮ ਕਰੇਗੀ। ਉਨ੍ਹਾਂ ਨੇ ਚੁਰਾਚਾਂਦਪੁਰ ਲਈ 7300 ਕਰੋੜ ਤੇ ਮੈਤੇਈ ਫ਼ਿਰਕੇ ਲਈ ਇੰਫ਼ਾਲ ਵਿਖੇ 1200 ਕਰੋੜ ਦੀ ਲਾਗਤ ਵਾਲੇ 17 ਪ੍ਰਾਜੈਕਟਾਂ ਦਾ ਉਦਘਾਟਨ ਕੀਤਾ।

ਮਨੀਪੁਰ ਵਿੱਚ ਜਾਤੀ ਹਿੰਸਾ ’ਚ 260 ਤੋਂ ਵੱਧ ਜਾਨਾਂ ਗਈਆਂ, 1500 ਤੋਂ ਵੱਧ ਵਿਅਕਤੀ ਜ਼ਖ਼ਮੀ ਹੋਏ ਅਤੇ 60 ਹਜ਼ਾਰ ਤੋਂ ਵੱਧ ਲੋਕ ਉੱਜੜ-ਪੁੱਜੜ ਕੇ ਘਰੋਂ ਬੇਘਰ ਹੋਏ। ਪ੍ਰਧਾਨ ਮੰਤਰੀ ਦਾ ਇਹ ਦੌਰਾ ਕੁਕੀ ਅਤੇ ਮੈਤੇਈ ਭਾਈਚਾਰੇ ਵਿੱਚ ਸਹਿਯੋਗ ਤੇ ਮਿਲਵਰਤਨ ਲਿਆਉਣ ’ਚ ਨਾਕਾਮ ਰਿਹਾ। ਕੁਕੀ ਭਾਈਚਾਰੇ ਦੇ ਵਿਧਾਇਕਾਂ ਜਿਨ੍ਹਾਂ ਵਿੱਚ 7 ਭਾਜਪਾ ਵਿਧਾਇਕ ਵੀ ਸ਼ਾਮਲ ਸਨ, ਨੇ ਦਾਅਵਾ ਕੀਤਾ ਕਿ ਦੋਵੇਂ ਧਿਰਾਂ, ‘ਸਿਰਫ਼ ਚੰਗੇ ਗੁਆਂਢੀਆਂ ਵਜੋਂ ਸ਼ਾਂਤੀ ਨਾਲ ਰਹਿ ਸਕਦੀਆਂ ਹਨ ਪਰ ਕਦੇ ਵੀ ਇਕ ਛੱਤ ਦੇ ਹੇਠਾਂ ਨਹੀਂ’। ਉਹ ਗ਼ੈਰ ਮੈਤੇਈ ਭਾਈਚਾਰਿਆਂ ਲਈ ਵੱਖਰਾ ਕੇਂਦਰ ਸ਼ਾਸਿਤ ਪ੍ਰਦੇਸ਼ ਮੰਗਣ ਦੀ ਹੱਦ ਤੱਕ ਵੀ ਪਹੁੰਚ ਗਏ ਜਿਸ ਵਿੱਚ ਵਿਧਾਨ ਸਭਾ ਵੀ ਹੋਵੇ। ਇਹ ਮਨੀਪੁਰ ਨੂੰ ਤਬਾਹ ਕਰ ਚੁੱਕੇ ਡੂੰਘੇ ਮਤਭੇਦ ਨੂੰ ਦਰਸਾਉਂਦਾ ਹੈ। ਬਕੌਲ ਵਿਰੋਧੀ ਧਿਰ, ਜਿਹੜਾ ਪ੍ਰਧਾਨ ਮੰਤਰੀ 46 ਹੋਰ ਮੁਲਕਾਂ ਦਾ ਦੌਰਾ ਕਰ ਚੁੱਕਾ ਹੋਵੇ, ਉਹ ਇਕ ਵਾਰ ਵੀ ਹਿੰਸਾ ਗ੍ਰਸਤ ਮਨੀਪੁਰ ’ਚ ਨਹੀਂ ਆਇਆ। ਸੰਸਦ ਵਿੱਚ ਵਿਰੋਧੀ ਧਿਰ ਅਤੇ ਕੁਝ ਸਮਾਜਿਕ ਸੰਗਠਨਾਂ ਵੱਲੋਂ ਕੀਤੀ ਜਾ ਰਹੀ ਆਲੋਚਨਾ ਦੇ ਮੱਦੇ-ਨਜ਼ਰ ਆਖ਼ਰ ਪ੍ਰਧਾਨ ਮੰਤਰੀ ਨੂੰ ਮਨੀਪੁਰ ਦੌਰੇ ਲਈ ਮਜਬੂਰ ਹੋਣਾ ਪਿਆ ਹੈ।



ਇਸ ਤੋਂ ਪਹਿਲਾਂ ਪਿਛਲੇ 28 ਮਹੀਨਿਆਂ ਤੋਂ ਜਾਤੀ ਹਿੰਸਾ ਦੇ ਸ਼ਿਕਾਰ, ਉੱਤਰ ਪੂਰਬੀ ਰਾਜ ਮਨੀਪੁਰ ਦੇ ਕੁਕੀ-ਜ਼ੋ ਸਮੂਹਾਂ ਨੇ ਕੇਂਦਰ ਨਾਲ ਸਮਝੌਤੇ ’ਤੇ ਦਸਤਖ਼ਤ ਕੀਤੇ ਸਨ ਜਿਸ ਨਾਲ ਮੁਕੰਮਲ ਤੌਰ ’ਤੇ ਸ਼ਾਂਤੀ ਦਾ ਰਾਹ ਪੱਧਰਾ ਹੋਇਆ ਸੀ। ਸਮਝੌਤੇ ਤਹਿਤ ਉਹ ਮਨੀਪੁਰ ਦੀ ਖੇਤਰੀ ਅਖੰਡਤਾ ਕਾਇਮ ਰੱਖਣ, ਕੈਂਪਾਂ ਨੂੰ ਸੰਵੇਦਨਸ਼ੀਲ ਖੇਤਰਾਂ ਤੋਂ ਦੂਰ ਤਬਦੀਲ ਕਰਨ ਅਤੇ ਸੂਬੇ ਵਿੱਚ ਸਥਾਈ ਸ਼ਾਂਤੀ ਤੇ ਸਥਿਰਤਾ ਲਿਆਉਣ ਲਈ ਇੱਕ ਹੱਲ ਲੱਭਣ ਲਈ ਸਹਿਮਤ ਹੋਏ ਸਨ। ਅਧਿਕਾਰੀਆਂ ਨੇ ਦੱਸਿਆ ਕਿ ਕੁਕੀ-ਜ਼ੋ ਭਾਈਚਾਰੇ ਦੇ ਦੋ ਪ੍ਰਮੁੱਖ ਸੰਗਠਨਾਂ ਕੁਕੀ ਨੈਸ਼ਨਲ ਆਰਗ਼ੇਨਾਈਜ਼ੇਸ਼ਨ (ਕੇਐੱਨਓ) ਅਤੇ ਯੂਨਾਈਟਿਡ ਪੀਪਲਜ਼ ਫ਼ਰੰਟ (ਯੂਪੀਐੱਫ਼) ਨਾਲ ਸਸਪੈਂਸ਼ਨ ਆਫ਼ ਆਪ੍ਰੇਸ਼ਨ (ਐੱਸਓਓ) ਸਮਝੌਤੇ ’ਤੇ ਦਸਤਖ਼ਤ ਕਰਨ ਨਾਲ ਮਨੀਪੁਰ ਵਿੱਚ ਸ਼ਾਂਤੀ ਦੇ ਯਤਨਾਂ ’ਤੇ ਵੀ ਸਕਾਰਾਤਮਕ ਪ੍ਰਭਾਵ ਪੈਣ ਦੀ ਆਸ ਹੈ। ਇਸ ਤੋਂ ਇਲਾਵਾ ਸਿਵਲ ਸੁਸਾਇਟੀ ਸਮੂਹ ਕੁਕੀ-ਜ਼ੋ ਕੌਂਸਲ (ਕੇਜ਼ੈੱਡਸੀ) ਕੌਮੀ ਸ਼ਾਹਰਾਹ-02 ਜੋ ਮਨੀਪੁਰ ਵਿੱਚੋਂ ਲੰਘਦਾ ਹੈ, ਨੂੰ ਯਾਤਰੀਆਂ ਅਤੇ ਜ਼ਰੂਰੀ ਵਸਤਾਂ ਦੀ ਆਵਾਜਾਈ ਲਈ ਖੋਲ੍ਹਣ ਦਾ ਫ਼ੈਸਲਾ ਲਿਆ ਹੈ। ਗ੍ਰਹਿ ਮੰਤਰਾਲੇ ਵੱਲੋਂ ਜਾਰੀ ਇੱਕ ਅਧਿਕਾਰਤ ਬਿਆਨ ਅਨੁਸਾਰ ਇਹ ਸਮਝੌਤਾ ਪਿਛਲੇ ਕੁਝ ਦਿਨਾਂ ਵਿੱਚ ਨਵੀਂ ਦਿੱਲੀ ਵਿਖੇ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਅਤੇ ਕੁਕੀ ਸਮੂਹਾਂ ਦੇ ਇੱਕ ਵਫ਼ਦ ਵਿਚਾਲੇ ਕੁਝ ਮੀਟਿੰਗਾਂ ਹੋਣ ਤੋਂ ਬਾਅਦ ਸਹੀਬੰਦ ਕੀਤਾ ਗਿਆ ਸੀ। ਕੇਐੱਨਓ ਤੇ ਯੂਪੀਐੱਫ਼ ਨੇ ਸੱਤ ਕੈਂਪਾਂ ਨੂੰ ਸੰਵੇਦਨਸ਼ੀਲ ਖੇਤਰਾਂ ਤੋਂ ਤਬਦੀਲ ਕਰਨ ’ਤੇ ਵੀ ਸਹਿਮਤੀ ਜਤਾਈ ਹੈ। ਉਨ੍ਹਾਂ ਕੈਂਪਾਂ ਦੀ ਗਿਣਤੀ ਘੱਟ ਕਰਨ, ਹਥਿਆਰਾਂ ਨੂੰ ਸੀਆਰਪੀਐੱਫ਼ ਤੇ ਬੀਐੱਸਐੱਫ਼ ਦੇ ਨੇੜਲੇ ਕੈਂਪਾਂ ਵਿੱਚ ਪਹੁੰਚਾਉਣ ਬਾਰੇ ਵੀ ਹਾਮੀ ਭਰੀ ਹੈ। ਯੂਪੀਐੱਫ਼ ਦੇ ਸੱਤ ਸਮੂਹ ਅਤੇ ਕੇਐੱਨਓ ਦੇ 16 ਸਮੂਹ ਹਨ। ਕੇਐੱਨਓ ਅਤੇ ਯੂਪੀਐੱਫ਼ ਨੇ ਇੱਕ ਸਾਲ ਲਈ ਸਾਰੇ ਆਪ੍ਰੇਸ਼ਨ ਮੁਅੱਤਲ ਕਰਨ ’ਤੇ ਸਹਿਮਤੀ ਪ੍ਰਗਟਾਈ ਹੈ। ਯਾਦ ਰਹੇ ਕਿ ਕੁਕੀ ਧੜਿਆਂ ਨਾਲ 2008 ਵਿੱਚ ਪਹਿਲਾਂ ਹੀ ਸਸਪੈਂਸ਼ਨ ਆਫ਼ ਆਪ੍ਰੇਸ਼ਨ ’ਤੇ ਸਮਝੌਤਾ ਹੋਇਆ ਸੀ ਜਿਸ ਨੂੰ ਹਰ ਸਾਲ ਵਧਾਇਆ ਜਾਂਦਾ ਰਿਹਾ ਹੈ। ਹੁਕਮਰਾਨ ਭਾਜਪਾ ਦੀ ਸਥਿਤੀ ਸਥਿਰ ਕਰਨ ’ਚ ਸਾਬਕਾ ਮੁੱਖ ਮੰਤਰੀ ਐੱਨ. ਬੀਰੇਨ ਸਿੰਘ ਦੀ ਨਾਕਾਮੀ ਦੇ ਬਾਵਜੂਦ ਉਨ੍ਹਾਂ ਨੂੰ ਮਨੀਪੁਰ ਦਾ ਸੀਐੱਮ ਬਣਾਈ ਰੱਖਿਆ। ਇਸ ਤੋਂ ਵੀ ਬਦਤਰ ਉਨ੍ਹਾਂ ’ਤੇ ਪੱਖਪਾਤ ਤੇ ਹਿੰਸਾ ਭੜਕਾਉਣ ਦਾ ਦੋਸ਼ ਵੀ ਲੱਗਾ।

ਉਹ ਕਈ ਕੋਸ਼ਿਸ਼ਾਂ ਦੇ ਬਾਵਜੂਦ ਨਸਲੀ ਹਿੰਸਾ ਨਹੀਂ ਰੋਕ ਸਕੇ ਪਰ ਆਪਣਾ ਅਹੁਦਾ ਵੀ ਨਾ ਛੱਡਿਆ। ਗ਼ੌਰਤਲਬ ਹੈ ਕਿ ਮਨੀਪੁਰ ਦੀ ਵਿਧਾਨ ਸਭਾ ਦੇ 60 ਮੈਂਬਰ ਹਨ। ਭਾਜਪਾ ਦੇ 32, ਨਗਾ ਪੀਪਲਜ਼ ਫ਼ਰੰਟ ਦੇ 5, ਆਰ.ਜੇ.ਡੀ. ਦੇ 6, ਕਾਂਗਰਸ ਦੇ 5, ਐੱਮ.ਪੀ.ਪੀ. ਦੇ 7, ਆਜ਼ਾਦ 3 ਅਤੇ ਕੇ.ਪੀ.ਏ. ਦੇ 2 ਮੈਂਬਰ ਹਨ। ਤੇਤੀ ਵਿਧਾਇਕ ਅਵਿਸ਼ਵਾਸ ਮਤੇ ਦੇ ਹੱਕ ਵਿੱਚ ਹਨ (ਭਾਜਪਾ 19, ਕੁਕੀ 10, ਕਾਂਗਰਸ 5)। ਨੌਂ ਫ਼ਰਵਰੀ 2025 ਨੂੰ ਆਖ਼ਰ ਮੁੱਖ ਮੰਤਰੀ ਐੱਨ. ਬੀਰੇਨ ਸਿੰਘ ਨੂੰ ਅਵਿਸ਼ਵਾਸ ਪ੍ਰਸਤਾਵ ਪਾਸ ਹੋਣ ਦੇ ਡਰੋਂ ਅਸਤੀਫ਼ਾ ਦੇਣਾ ਪਿਆ। ਉਦੋਂ ਤੋਂ ਉੱਥੇ ਰਾਸ਼ਟਰਪਤੀ ਸ਼ਾਸਨ ਲਾਗੂ ਹੈ। ਸਮਝੌਤਾ ਸਵਾਗਤਯੋਗ ਹੈ ਪਰ ਕੁਝ ਅਜਿਹੇ ਮਸਲੇ ਹਨ ਜਿਨ੍ਹਾਂ ਨੂੰ ਹੱਲ ਕਰਨਾ ਅਜੇ ਬਾਕੀ ਹੈ। ਵੱਖ-ਵੱਖ ਭਾਈਵਾਲਾਂ ਨੂੰ ਨਾਲ ਲੈ ਕੇ ਚੱਲਣ ਦੀ ਲੋੜ ਹੈ। ਪ੍ਰਭਾਵਸ਼ਾਲੀ ਸਿਵਲ ਸੁਸਾਇਟੀ ਗਰੁੱਪ, ਕੁਕੀ-ਜ਼ੋ ਕੌਂਸਲ ਨੇ ਸਪਸ਼ਟ ਕੀਤਾ ਹੈ ਕਿ ਉਹ ਮੈਤੇਈ ਤੇ ਕੁਕੀ-ਜ਼ੋ ਇਲਾਕਿਆਂ ਵਿਚ ਬਣੇ ‘ਬਫ਼ਰ ਜ਼ੋਨਾਂ ਵਿਚ ਬੇਰੋਕ-ਟੋਕ ਜਾਂ ਮੁਕਤ ਆਵਾਜਾਈ ਦੇ ਹੱਕ ਵਿਚ ਨਹੀਂ ਹਨ। ਮਨੀਪੁਰ ’ਚ ਨਾਗਾ ਭਾਈਚਾਰੇ ਦੀ ਸਿਖਰਲੀ ਸੰਸਥਾ ਨੇ ਧਮਕੀ ਦਿੱਤੀ ਹੈ ਕਿ ‘ਮੁਕਤ ਆਵਾਜਾਈ ਪ੍ਰਬੰਧ’ ਨੂੰ ਖ਼ਤਮ ਕਰਨ ਤੇ ਭਾਰਤ-ਮਿਆਂਮਾਰ ਸਰਹੱਦ ’ਤੇ ਕੰਡਿਆਲੀ ਤਾਰ ਲਾਉਣ ਦੇ ਵਿਰੋਧ ’ਚ ਉਹ ਰਾਜ ਵਿਚ ਆਪਣੀ ਵਸੋਂ ਵਾਲੇ ਸਾਰੇ ਖੇਤਰਾਂ ਵਿੱਚ ‘ਵਪਾਰਕ ਪਾਬੰਦੀਆਂ’ ਲਾਗੂ ਕਰਨਗੇ। ਮੈਤੇਈ ਭਾਈਚਾਰੇ ਨੇ ਕਿਹਾ ਕਿ ਸਮਝੌਤਾ ਇਕਤਰਫ਼ਾ ਹੈ। ਲੋਕਾਂ ਦੀ ਸੁਰੱਖਿਅਤ ਆਵਾਜਾਈ ਯਕੀਨੀ ਬਣਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ।

ਇਸ ਤੋਂ ਪਹਿਲਾਂ ਮਨੀਪੁਰ ’ਚ ਜਾਰੀ ਸੰਘਰਸ਼ ਵਿਚਲੇ ਸਬੰਧਿਤ ਪੱਖਾਂ ਦੀਆਂ ਆਪੋ-ਆਪਣੀਆਂ ਸ਼ਰਤਾਂ ਦੀ ਵਜ੍ਹਾ ਕਾਰਨ ਕਿਸੇ ਸਮਝੌਤੇ ਤੱਕ ਪੁੱਜਣਾ ਮੁਸ਼ਕਿਲ ਬਣਿਆ ਹੋਇਆ ਸੀ। ਹਾਲਾਂ ਕਿ ਸਰਕਾਰ ਤੇ ਕੁਕੀ-ਜ਼ੋ ਸਮੂਹਾਂ ਨਾਲ ਸਿਰੇ ਚੜ੍ਹੇ ਸਮਝੌਤੇ ਬਾਰੇ ਸ਼ੱਕ ਦੀ ਗੁੰਜਾਇਸ਼ ਹੈ। ਇਸ ਵਿਚ ਕੋਈ ਦੋ-ਰਾਇ ਨਹੀਂ ਕਿ ਮਈ 2023 ਵਿੱਚ ਸ਼ੁਰੂ ਹੋਇਆ ਟਕਰਾਅ ਤੇ ਨਸਲੀ ਹਿੰਸਾ ਦੇ ਜਟਿਲ ਹੋ ਚੁੱਕੇ ਸਰੂਪ ਤੋਂ ਬਾਅਦ ਹੁਣ ਕੁਝ ਅਹਿਮ ਬਿੰਦੂਆਂ ’ਤੇ ਹੋਏ ਸਮਝੌਤੇ ਨੂੰ ਅੰਤਿਮ ਤੇ ਸਭ ਲਈ ਰਾਜ਼ੀ ਹੋਣ ਦੇ ਹੱਲ ਦੇ ਰੂਪ ’ਚ ਵੇਖਣਾ ਜਲਦਬਾਜ਼ੀ ਹੋਵੇਗੀ। ਇਸ ਗੱਲਬਾਤ ਦਾ ਸਭ ਤੋਂ ਮਹੱਤਵਪੂਰਨ ਪੱਖ ਇਹ ਹੈ ਕਿ ਰਾਜ ’ਚ ਹਿੰਸਾ ਤੇ ਸੰਘਰਸ਼ ਤੋਂ ਪ੍ਰਭਾਵਿਤ ਇੱਕ ਮੁੱਖ ਸਮੂਹ ਦੀ ਨੁਮਾਇੰਦਗੀ ਕਰ ਰਹੇ ਕੁਕੀ-ਜ਼ੋ ਸੰਗਠਨਾਂ ’ਚ ਹਿੱਸੇਦਾਰੀ ਵੱਲ ਤੇ ਫ਼ਿਲਹਾਲ ਮਨੀਪੁਰ ਦੀ ਖੇਤਰੀ ਅਖੰਡਤਾ ਬਰਕਰਾਰ ਰੱਖਣ ਬਾਰੇ ਸਹਿਮਤੀ ਬਣੀ ਹੈ। ਇਸ ਤੋਂ ਪਹਿਲਾਂ ਕੁਕੀ ਸੰਗਠਨਾਂ ਵੱਲੋਂ ਕਈ ਵਾਰ ਕਿਹਾ ਗਿਆ ਹੈ ਕਿ ਜਦ ਤੱਕ ਵੱਖਰਾ ‘ਪਹਾੜੀ ਰਾਜ’ ਜਾਂ ਸੰਘ ਰਾਜ ਖੇਤਰ ਦੀ ਉਨ੍ਹਾਂ ਦੀ ਮੰਗ ਪੂਰੀ ਨਹੀਂ ਹੁੰਦੀ ਤਦ ਤੱਕ ਉਹ ਕਿਸੇ ਸਮਝੌਤੇ ਨੂੰ ਸਵੀਕਾਰ ਨਹੀਂ ਕਰਨਗੇ। ਇਹ ਚੁਣੌਤੀ ਸਰਕਾਰ ਲਈ ਸਭ ਤੋਂ ਵੱਡੀ ਬਣੀ ਹੋਈ ਹੈ। ਇਸ ਲਿਹਾਜ਼ ਨਾਲ ਵੇਖੀਏ ਕਿ ਜੇ ਕੁਕੀ-ਜ਼ੋ ਦੇ ਦੋ ਸਮੂਹ ਕੇਂਦਰ/ਰਾਜ ਸਰਕਾਰ ਨਾਲ ਖੇਤਰੀ ਅਖੰਡਤਾ ਬਰਕਰਾਰ ਰੱਖਣ ਲਈ ਰਾਜ਼ੀ ਹੋਏ ਹਨ ਤਾਂ ਇਸ ਨਾਲ ਮਨੀਪੁਰ ’ਚ ਜਾਰੀ ਟਕਰਾਅ ਤੇ ਸੰਘਰਸ਼ ਦੀ ਸਥਿਤੀ ਨੂੰ ਸਥਾਈ ਹੱਲ ਵੱਲ ਵਧਣ ਦੇ ਤੌਰ ’ਤੇ ਵੇਖਿਆ ਜਾ ਸਕਦਾ ਹੈ। (ਬਾਕੀ ਸਫ਼ਾ 27 ’ਤੇ)

# ਵੋਟਰ ਸੂਚੀਆਂ ’ਚ ਮਿਆਰੀ ਸੁਧਾਰ ਕਿਵੇਂ ਹੋਵੇ ?



**ਯੋਗੇਂਦਰ ਯਾਦਵ**
ਰਾਸ਼ਟਰੀ ਕਨਵੀਨਰ ‘ਭਾਰਤ ਜੋੜੋ’ ਅਭਿਆਨ

ਮੁੱਖ ਚੋਣ ਕਮਿਸ਼ਨਰ (ਸੀ.ਈ.ਸੀ.) ਨੇ ਪਿਛਲੇ ਦਿਨੀਂ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਆਪਣੇ ਜਾਣੇ-ਪਛਾਣੇ ਦਾਅਵੇ ਨੂੰ ਦੁਹਰਾਇਆ ਹੈ ਕਿ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਮੁੜ-ਪੜਤਾਲ (ਐੱਸ.ਆਈ.ਆਰ.) ਸਾਡੀ ਵੋਟਰ ਸੂਚੀ ਦੀਆਂ ਖਾਮੀਆਂ ਨੂੰ ਦੂਰ ਕਰਨ ਦਾ ਇਕਮਾਤਰ ਹੱਲ ਹੈ। ਰਾਹੁਲ ਗਾਂਧੀ ਵੱਲੋਂ ਮਹਾਦੇਵਪੁਰਾ ਵਿੱਚ ਵੋਟਰ ਸੂਚੀ ਵਿੱਚ ਧੋਖਾਧੜੀ ਦਾ ਪਰਦਾਫਾਸ਼ ਕਰਨ ਤੋਂ ਬਾਅਦ ਇਸ ਦਾਅਵੇ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ ਹੈ। ਭਾਜਪਾ ਦੇ ਸੋਸ਼ਲ ਮੀਡੀਆ ’ਤੇ ਸਰਗਰਮ ਸਮਰਥਕਾਂ (ਟ੍ਰੋਲਸ) ਨੇ ਸੋਚਿਆ ਕਿ ਉਨ੍ਹਾਂ ਨੇ ਵਿਰੋਧੀ ਧਿਰ ਦੇ ਨੇਤਾ ਨੂੰ ਜਾਲ ਵਿੱਚ ਫਸਾ ਲਿਆ ਹੈ। ਉਹ ਵੋਟਰ ਸੂਚੀਆਂ ਵਿੱਚ ਗਲਤੀਆਂ ਬਾਰੇ ਕਿਵੇਂ ਸ਼ਿਕਾਇਤ ਕਰ ਸਕਦਾ ਹੈ ਅਤੇ ‘ਐੱਸ.ਆਈ.ਆਰ.’ ਨਾਮਕ ਸਫਾਈ ਮੁਹਿੰਮ ਦਾ ਸਮਰਥਨ ਕਿਉਂ ਨਹੀਂ ਕੀਤਾ ਜਾ ਰਿਹਾ ? ਚੋਣ ਕਮਿਸ਼ਨ. ਨੇ ਜੇਤੂ ਸੁਰ ਕੱਢਦਿਆਂ ਉਕਤ ਤਰਕ ਤੇ ਦਾਅਵੇ ਦੀ ਪਾਲਣਾ ਕੀਤੀ।

ਉਨ੍ਹਾਂ ਸ਼ਾਇਦ ‘ਯੈੱਸ ਮਿਨਿਸਟਰ’ ਨਹੀਂ ਦੇਖਿਆ ਹੋਵੇਗਾ। ਬੀ.ਬੀ.ਸੀ. ਸੀਰੀਜ਼ ਵਿੱਚ ਇਸ ਬਨਾਵਟੀ ਤਰਕ ਦੇ ਹਾਸੋਹੀਣੇ ਚਿਤਰਨ ਨੇ ਇਸ ਨੂੰ ‘ਰਾਜਨੇਤਾ ਦਾ ਨਿਆਂ ਤਰਕ’ ਦਾ ਨਾਂਅ ਦਿੱਤਾ। ਇੱਥੇ ਇਹ ਇਸ ਤਰ੍ਹਾਂ ਹੈ- ‘ਪਹਿਲਾ ਸਾਨੂੰ ਕੁਝ ਕਰਨਾ ਚਾਹੀਦਾ ਹੈ, ਦੂਜਾ ਇਹ ਕੁਝ ਹੈ ਅਤੇ ਤੀਜਾ ਇਸ ਲਈ ਸਾਨੂੰ ਇਹ ਕਰਨਾ ਹੋਵੇਗਾ’। ਇੱਥੇ ਤਰਕਪੂਰਨ ਭੁਲੇਖਾ ਇਕ ਬੁਨਿਆਦੀ ਸਵਾਲ ਨਹੀਂ ਪੁੱਛ ਰਿਹਾ ਹੈ: ਕੀ ‘ਕੁਝ’ ਹੈ ਜੋ ਸਾਨੂੰ ਕਰਨ ਦੀ ਲੋੜ ਹੈ, ਉਹੀ ‘ਕੁਝ’ ਹੈ ਜੋ ਸਾਡੇ ਸਾਹਮਣੇ ਪੇਸ਼ ਕੀਤਾ ਜਾ ਰਿਹਾ ਹੈ ? ਇਹ ਬਿਲਕੁਲ ਉਹੀ ਸਵਾਲ ਹੈ, ਜੋ ਵੋਟਰ ਸੂਚੀ ’ਤੇ ਰਾਹੁਲ ਗਾਂਧੀ ਨੂੰ ਟ੍ਰੋਲ ਕਰਨ ਵਾਲੇ ਨਹੀਂ ਪੁੱਛਦੇ: ਕਿ, ਕੀ ‘ਐੱਸ.ਆਈ.ਆਰ.’ ਨਾਮਕ ‘ਕੁਝ’ ਉਹ ‘ਕੁਝ’ ਹੈ ਜੋ ਵੋਟਰ ਸੂਚੀ ਵਿੱਚ ਮੌਜੂਦ ਖਾਮੀਆਂ ਤੇ ਧੋਖਾਧੜੀ ਨੂੰ ਠੀਕ ਕਰਨ ਲਈ ਕੀਤੇ ਜਾਣ ਦੀ ਲੋੜ ਹੈ ? ਇਸ ਦਾ ਜਵਾਬ ਉਂਝ ਹੀ ਨਹੀਂ ਮੰਨਿਆ ਜਾ ਸਕਦਾ। ਇਹ ਸਾਬਤ ਕਰਨਾ ਹੋਵੇਗਾ ਕਿ ਐੱਸ.ਆਈ.ਆਰ. ਸਾਡੀਆਂ ਵੋਟਰ ਸੂਚੀਆਂ ਨੂੰ ਪ੍ਰਭਾਵਿਤ ਕਰਨ ਵਾਲੀ ਬਿਮਾਰੀ ਦੇ ਲਈ ਸਹੀ ਦਵਾਈ ਹੈ ਜੋ ਬਹੁਤ ਜ਼ਰੂਰੀ ਹੈ। ਪਰ ਚੋਣ ਕਮਿਸ਼ਨ ਨੇ ਅਜਿਹਾ ਨਹੀਂ ਕੀਤਾ। ਆਓ, ਇਸ ਦਲੀਲ ਦੀ ਤਰਕਪੂਰਨ ਜਾਂਚ ਕਰੀਏ, ਨਾ ਕਿ ਚੋਣ ਕਮਿਸ਼ਨ ਵੱਲੋਂ ਦਿੱਤੇ ਤਰਕ ਤੇ ਬਿਆਨਬਾਜ਼ੀ ਤੱਕ ਸੀਮਤ ਰਹੀਏ।



ਸਭ ਤੋਂ ਪਹਿਲਾਂ ਸਵੀਕਾਰ ਕਰਨਾ ਹੋਵੇਗਾ ਕਿ ਸਾਡੀ ਵੋਟਰ ਸੂਚੀ ਵਿੱਚ ਗੰਭੀਰ ਖਾਮੀਆਂ ਹਨ। ਜਦਕਿ ਭਾਰਤੀ ਚੋਣ ਪ੍ਰਣਾਲੀ ਸਾਡੀਆਂ ਵੋਟਰ ਸੂਚੀਆਂ ਦੀ ‘ਪੂਰਨਤਾ’ ਨੂੰ ਬਹੁਤ ਉੱਚ ਪਾਏ ਦੀ ਮੰਨਦੀ ਰਹੀ ਹੈ। ਇਹ ਕੋਈ ਨਵੀਂ ਸਮੱਸਿਆ ਨਹੀਂ ਹੈ ਅਤੇ ਸ਼ਹਿਰੀ ਖੇਤਰਾਂ ਵਿੱਚ ਖਾਸ ਤੌਰ ’ਤੇ ਹਮੇਸ਼ਾ ਗੰਭੀਰ ਰਹੀ ਹੈ। ਵੱਡੇ ਪੱਧਰ ’ਤੇ ਹੇਰਾਫੇਰੀ, ਧੋਖਾਧੜੀ ਨਾਲ ਨਾਂਅ ਜੋੜਨੇ ਅਤੇ ਨਿਸ਼ਾਨਾ ਬਣਾ ਕੇ ਕੱਟਣ ਦੇ ਦੋਸ਼ਾਂ ਦੀ ਅਣਹੋਂਦ ਵਿੱਚ ਇਸ ਦਾ ਕਦੇ ਵੀ ਜ਼ਿਕਰ ਨਹੀਂ ਕੀਤਾ ਗਿਆ। ਮਹਾਰਾਸ਼ਟਰ ਅਤੇ ਮਹਾਂਦੇਵਪੁਰਾ ਵਿੱਚ ਹੋਏ ਖੁਲਾਸਿਆਂ ਨੇ ਇਸ ਡੂੰਘੀ ਸਮੱਸਿਆ ਵੱਲ ਦੇਸ਼ ਦਾ ਧਿਆਨ ਖਿੱਚਿਆ ਹੈ।

ਆਓ, ਅਸੀਂ ਉਸ ਗੱਲ ਨੂੰ ਵੀ ਸਵੀਕਾਰ ਕਰੀਏ, ਜਿਸ ਨੂੰ ਮੁੱਖ ਚੋਣ ਕਮਿਸ਼ਨਰ ਪ੍ਰੈੱਸ ਕਾਨਫਰੰਸ ਦੌਰਾਨ ਦੱਸਣ ਤੋਂ ਕਤਰਾ ਰਿਹਾ ਸੀ: ਪਿਛਲੇ ਕੁਝ ਸਾਲਾਂ ਵਿੱਚ ਇਸ ਮੁੱਦੇ ਨੂੰ ਹੱਲ ਕਰਨ ਲਈ ਚੋਣ ਕਮਿਸ਼ਨ ਦੁਆਰਾ ਵਰਤੇ ਗਏ ਤਰੀਕੇ ਸਫਲ ਨਹੀਂ ਹੋਏ ਹਨ। ਵੋਟਰ ਸੂਚੀ ਦਾ ਨਿਯਮਤ ਅੱਪਡੇਟ ਕੋਈ ਪੱਕਾ ਹੱਲ ਨਹੀਂ ਹੈ, ਕਿਉਂਕਿ ਇਹ ਸਿਰਫ਼ ਸਰਗਰਮ ਨਾਗਰਿਕਾਂ ਤੱਕ ਹੀ ਸੀਮਿਤ ਹੈ ਜੋ ਨਾਂਅ ਦਰਜ ਕਰਵਾਉਣ, ਹਟਾਉਣ, ਸ਼ਿਫਟ ਕਰਨ ਜਾਂ ਸੁਧਾਰਾਂ ਲਈ ਅਰਜ਼ੀ ਦਿੰਦੇ ਹਨ। ਸਾਲਾਨਾ ਸੰਖੇਪ ਸੋਧ ਬਿਹਤਰ ਬਦਲ ਹੈ, ਕਿਉਂਕਿ ਇਹ ਵੱਡੀ ਗਿਣਤੀ ਵਿੱਚ ਨਾਂਅ ਸ਼ਾਮਿਲ ਕਰਨ, ਹਟਾਉਣ ਦੇ ਨਾਲ-ਨਾਲ ਇਤਰਾਜ਼ ਕਰਨ ਦਾ ਮੌਕਾ ਦਿੰਦੀ ਹੈ। ਹਾਲਾਂਕਿ ਇਹ ਵੀ ਇੱਕ ਤਸੱਲੀਬਖ਼ਸ਼ ਹੱਲ ਸਾਬਤ ਨਹੀਂ ਹੋਇਆ, ਕਿਉਂਕਿ ਸੰਖੇਪ ਸੋਧ ਦੌਰਾਨ ਬੀ.ਐੱਲ.ਓ. ਨੂੰ ਹਰੇਕ ਘਰ ਜਾਣ ਦੀ ਲੋੜ ਨਹੀਂ ਹੈ। ਚੋਣ ਕਮਿਸ਼ਨ ਦੀ ਮੌਜੂਦਾ ਵਿਵਸਥਾ ਤਹਿਤ ਭੁੱਲ ਤੇ ਗਲਤੀਆਂ ਸਾਲਾਂ ਤੱਕ ਜਾਰੀ ਰਹਿੰਦੀਆਂ ਹਨ। ਇਸ ਲਈ ਕੁਝ ਹੋਰ ਸੰਪੂਰਨ ਤੇ ਯੋਜਨਾਬੱਧ, ਪਾਰਦਰਸ਼ੀ ਤੇ ਨਿਰਪੱਖ ਵਿਵਸਥਾ ਕਰਨ ਦੀ ਲੋੜ ਹੈ। ਨਿਯਮਤ ਅੱਪਡੇਟ ਤੇ ਸਾਲਾਨਾ ਸੋਧਾਂ ਤੋਂ ਇਲਾਵਾ ਸਾਨੂੰ 5 ਸਾਲਾਂ ਵਿੱਚ ਇੱਕ ਵਾਰ ਘਰ-ਘਰ ਜਾ ਕੇ ਗਣਨਾ ਦੇ ਆਧਾਰ ’ਤੇ ਡੂੰਘੀ ਪੜਤਾਲ ਦੀ ਲੋੜ ਹੈ ਜਿਸ ਨਾਲ ਵੋਟਰ ਸੂਚੀਆਂ ਵਿੱਚ ਪ੍ਰਮਾਣਿਤ ਤੌਰ ’ਤੇ ਨਾਂਅ ਜੋੜਨ, ਹਟਾਉਣ ਤੇ ਸੁਧਾਰ ਕਰਨ ਵਿੱਚ ਮਦਦ ਮਿਲੇਗੀ।

ਹੁਣ ਮੈਂ ਐੱਸ.ਆਈ.ਆਰ. ਦੇ ਸਮਰਥਕਾਂ ਨੂੰ ਉਤਸ਼ਾਹ ਵਿੱਚ ਛਾਲਾਂ ਮਾਰਦੇ ਵੇਖ ਸੁਣ ਸਕਦਾ ਹਾਂ। ਦਰਅਸਲ ਐੱਸ.ਆਈ.ਆਰ. ਇੱਕ ਵਿਆਪਕ ਪ੍ਰਭਾਵ, ਧਾਰਨਾਵਾਂ ਅਤੇ ਪ੍ਰਚਾਰ ’ਤੇ ਆਧਾਰਿਤ ਹੈ। ਦਰਅਸਲ ਚੋਣ ਕਮਿਸ਼ਨ ਦੁਆਰਾ ਘੋਸ਼ਿਤ ਐੱਸ.ਆਈ.ਆਰ. ਉਹ ਡੂੰਘੀ ਸੋਧ ਨਹੀਂ ਹੈ ਜਿਸ ਦੀ ਸਾਨੂੰ ਲੋੜ ਹੈ, ਇਹ ਤਾਂ ਸਾਡੇ ਚੋਣ ਕਾਨੂੰਨਾਂ ਦੇ ਨਿਰਮਾਤਾਵਾਂ ਦੁਆਰਾ ਕੀਤੀ ਕਲਪਨਾ ਦੇ ਅਨੁਸਾਰ ਹੈ। ਇਹ ਵੋਟਰ ਸੂਚੀ ਨਾਲ ਜੁੜੇ ਮੁੱਦਿਆਂ ਨੂੰ ਹੱਲ ਕਰਨ ਲਈ ਲਾਜ਼ਮੀ ਤੇ ਕਾਫ਼ੀ ਨਹੀਂ ਹੈ ਅਤੇ ਪਹਿਲਾਂ ਤੋਂ ਮੌਜੂਦ ਸਮੱਸਿਆ ਨੂੰ ਹੋਰ ਵਧਾਉਣ ਵਾਲੀ ਹੈ। ਐੱਸ.ਆਈ.ਆਰ. ਤਹਿਤ ਬੀ.ਐੱਲ.ਓਜ਼ ਘਰ-ਘਰ ਜਾ ਕੇ ਸਾਰੇ ਸੰਭਾਵੀ ਵੋਟਰਾਂ ਨੂੰ ਇਕ ਗਣਨਾ ਫਾਰਮ ਭਰਨ ਬਾਰੇ ਦੱਸਦਾ ਹੈ, ਨਹੀਂ ਤਾਂ ਉਨ੍ਹਾਂ ਨੂੰ ਅਯੋਗਤਾ ਦਾ ਸਾਹਮਣਾ ਕਰਨਾ ਪਵੇਗਾ। ਇਹ ਮੰਗ ਜਾਂ ਪਹੁੰਚ ਭਾਰਤੀ ਚੋਣਾਂ ਦੇ ਇਤਿਹਾਸ ਵਿੱਚ ਬੇਮਿਸਾਲ ਹੈ ਅਤੇ ਕਾਨੂੰਨ ਵਿੱਚ ਇਸ ਦਾ ਕੋਈ ਆਧਾਰ ਨਹੀਂ ਹੈ। ਇਹ ਛੋਟੀ ਜਿਹੀ ਨੌਕਰਸ਼ਾਹੀ ਦੀ ਲੋੜ ਸਾਡੀ ਚੋਣ ਪ੍ਰਣਾਲੀ ਵਿੱਚ ਇੱਕ ਬੁਨਿਆਦੀ ਤਬਦੀਲੀ ਕਰਨ ਵਾਲੀ ਗੱਲ ਹੈ, ਜੋ ਰਾਜ ਦੁਆਰਾ ਸ਼ੁਰੂ ਕੀਤੀ ਗਈ ਰਜਿਸਟ੍ਰੇਸ਼ਨ ਤੋਂ ਸਵੈ-ਸ਼ੁਰੂ ਕੀਤੀ ਗਈ ਰਜਿਸਟ੍ਰੇਸ਼ਨ ਤੱਕ ਅਤੇ ਚੋਣ ਅਧਿਕਾਰੀਆਂ ਦੀ ਥਾਂ ਖੁਦ ਵੋਟਰ ਦੀ ਜ਼ਿੰਮੇਵਾਰੀ ਵਿਚ ਤਬਦੀਲ ਹੋਈ ਹੈ। ਦੁਨੀਆ ਭਰ ਦੇ ਸਬੂਤ ਦਰਸਾਉਂਦੇ ਹਨ ਕਿ ਅਜਿਹੀ ਤਬਦੀਲੀ ਗਰੀਬਾਂ, ਅਨਪੜ੍ਹਾਂ, ਪ੍ਰਵਾਸੀਆਂ, ਘੱਟ ਗਿਣਤੀਆਂ ਤੇ ਔਰਤਾਂ ਦੀ ਰਜਿਸਟ੍ਰੇਸ਼ਨ ਨੂੰ ਘਟਾ ਦਿੰਦੀ ਹੈ।

ਇਸ ਐੱਸ.ਆਈ.ਆਰ. ਤਹਿਤ ਹਰੇਕ ਸੰਭਾਵੀ ਵੋਟਰ ਨੂੰ ਦਸਤਾਵੇਜ਼ ਪੇਸ਼ ਕਰ ਕੇ ਆਪਣੀ ਵੋਟਰ ਦੀ ਯੋਗਤਾ ਨੂੰ ਸਾਬਤ ਕਰਨ ਦੀ ਲੋੜ ਹੋਵੇਗੀ, ਜਿਨ੍ਹਾਂ ਬਗੈਰ ਵੋਟ ਦੇ ਅਧਿਕਾਰ ਤੋਂ ਵਾਂਝੇ ਹੋਣਾ ਤੈਅ ਹੈ। ਇਹ ਨਾਗਰਿਕਤਾ ਦੀ ਉਸ ਧਾਰਨਾ ਨੂੰ ਨਕਾਰਦੀ ਹੈ, ਜੋ ਹੁਣ ਤੱਕ ਸਾਡੀ ਚੋਣ ਪ੍ਰਣਾਲੀ ਨੂੰ ਕੰਟਰੋਲ ਕਰਦੀ ਸੀ। ਐੱਸ.ਆਈ.ਆਰ. ਦੀਆਂ ਇਨ੍ਹਾਂ ‘ਵਿਸ਼ੇਸ਼’ ਅਤੇ ਬੇਮਿਸਾਲ ਵਿਸ਼ੇਸ਼ਤਾਵਾਂ ਦੇ ਪ੍ਰਭਾਵ ਦੇ ਚੱਲਦਿਆਂ ਵੱਡੇ ਪੱਧਰ ’ਤੇ ਨਾਗਰਿਕ ਵੋਟ ਦੇ ਅਧਿਕਾਰ ਤੋਂ ਵਾਂਝੇ ਹੋਏ ਬਗੈਰ ਨਹੀਂ ਰਹਿ ਸਕਦੇ। ਇੱਕ ਵਾਰ ਜਦੋਂ ਤੁਸੀਂ ਬੇਢੰਗੇ ਢੰਗ ਨਾਲ ਤਿਆਰ ਕੀਤੇ ਗਏ ਇਸ ਡਿਜ਼ਾਈਨ ਨੂੰ ਹੱਥੀਂ ਕੀਤੇ ਗਏ ਅਮਲ ਨਾਲ ਜੋੜਦੇ ਹੋ (ਜਿਵੇਂ ਬਿਹਾਰ ਵਿੱਚ), ਤਾਂ ਵੋਟਰ ਸੂਚੀਆਂ ’ਤੇ ਪ੍ਰਭਾਵ ਵਿਨਾਸ਼ਕਾਰੀ ਹੋਣ ਤੋਂ ਬਿਨਾਂ ਨਹੀਂ ਰਹਿ ਸਕੇਗਾ। ਆਓ, ਇਹ ਵੀ ਨੋਟ ਕਰੀਏ ਕਿ ਐੱਸ.ਆਈ.ਆਰ. ਨੂੰ ਵੋਟਰ ਸੂਚੀਆਂ ਦੀ ਸ਼ੁੱਧਤਾ ਨੂੰ ਬਿਹਤਰ ਬਣਾਉਣ ਲਈ ਕੀ ਕਰਨਾ ਚਾਹੀਦਾ ਸੀ, ਜੋ ਨਹੀਂ ਕੀਤਾ ਗਿਆ। ਸਭ ਤੋਂ ਪਹਿਲਾਂ ਘਰ-ਘਰ ਜਾ ਕੇ ਗਣਨਾ ਕਰਨ ਸਮੇਂ ਵੋਟਰਾਂ ਦੇ ਨਾਂਅ ਜੋੜਨ ’ਤੇ ਵੀ ਓਨਾ ਹੀ ਧਿਆਨ ਦੇਣਾ ਚਾਹੀਦਾ ਸੀ, ਜਿੰਨਾ ਨਾਂਅ ਕੱਟਣ ’ਤੇ ਦਿੱਤਾ ਗਿਆ ਹੈ। (ਬਾਕੀ ਸਫ਼ਾ 27 ’ਤੇ)

# ਖਾਣ-ਪੀਣ ਦੇ ਸ਼ੌਕੀਨ ਪੰਜਾਬੀਆਂ ਲਈ ਜ਼ਰੂਰੀ ਹੈ

# ਸਵੇਰ ਦੀ ਸੈਰ

## ਦਿਨੋਂ ਦਿਨ ਵੱਧ ਰਿਹੈ ਬਾਹਰ ਖਾਣ ਪੀਣ ਦਾ ਰੁਝਾਨ






**ਪੰਜਾਬੀਆਂ ਨੇ ਸਖ਼ਤ ਮਿਹਨਤ ਕਰਕੇ ਪੰਜਾਬ ਸਮੇਤ ਦੇਸ਼ ਅਤੇ ਸੱਤ ਸਮੁੰਦਰ ਪਾਰ ਜਾ ਕੇ ਵਿਦੇਸ਼ਾਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਵੱਡਾ ਯੋਗਦਾਨ ਪਾਇਆ ਹੈ, ਉਥੇ ਪੰਜਾਬ ਵਿੱਚ ਪੰਜਾਬੀਆਂ ਨੇ ਮਹੱਲਾਂ ਵਰਗੇ ਆਲੀਸ਼ਾਨ ਘਰ ਵੀ ਬਣਾਏ ਹੋਏ ਹਨ। ਇਹ ਆਲੀਸ਼ਾਨ ਘਰ ਪੰਜਾਬ ਦੇ ਪਿੰਡਾਂ ਦੀ ਸ਼ਾਨ ਹਨ। ਜਿਥੇ ਪੰਜਾਬੀ ਆਪਣੇ ਘਰਾਂ ਨੂੰ ਆਲੀਸ਼ਾਨ ਬਣਾਉਣ, ਨਵੀਆਂ ਗੱਡੀਆਂ ਲੈਣ ਅਤੇ ਪਹਿਰਾਵੇ ਉੱਪਰ ਖੁੱਲ੍ਹ ਕੇ ਖਰਚ ਕਰਦੇ ਹਨ, ਉਥੇ ਪੰਜਾਬੀਆਂ ਨੂੰ ਆਪਣੀ ਸਿਹਤ ਬਣਾਉਣ ਅਤੇ ਸਰੀਰ ਨੂੰ ਤੰਦਰੁਸਤ ਰੱਖਣ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।**



ਪੰਜਾਬੀਆਂ ਨੂੰ ਖਾਣ ਪੀਣ ਦੇ ਸ਼ੌਕੀਨ ਮੰਨਿਆ ਜਾਂਦਾ ਹੈ। ਇਹ ਗੱਲ ਹੈ ਵੀ ਬਿਲਕੁਲ ਸੱਚ। ਭਾਵੇਂ ਕਿ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ, ਪਾਲਕ-ਪਨੀਰ, ਦੁੱਧ, ਲੱਸੀ ਖਾਣ ਪੀਣ ਦੇ ਸ਼ੌਕੀਨ ਵੱਡੀ ਗਿਣਤੀ ਪੰਜਾਬੀ ਹੁਣ ਪੀਜ਼ੇ ਬਰਗਰਾਂ 'ਤੇ ਡੁੱਲ ਗਏ ਹਨ। ਇਸ ਦੇ ਬਾਵਜੂਦ ਵੱਡੀ ਗਿਣਤੀ ਪੰਜਾਬੀ ਪੀਜ਼ੇ ਬਰਗਰ ਦੇ ਨਾਲ ਘਰ ਦਾ ਖਾਣਾ ਵੀ ਰੱਜ ਕੇ ਜ਼ਰੂਰ ਖਾਂਦੇ ਹਨ। ਇਸ ਕਾਰਨ ਖੁੱਲ੍ਹਾ ਖਾਣ ਪੀਣ ਕਾਰਨ ਅਕਸਰ ਉਹਨਾਂ ਦਾ ਸਰੀਰ ਭਾਰਾ ਹੋ ਜਾਂਦਾ ਹੈ ਭਾਵ ਪੰਜਾਬੀ ਮੋਟੇ ਹੋਣੇ ਸ਼ੁਰੂ ਹੋ ਜਾਂਦੇ ਹਨ।

ਪੁਰਾਣੇ ਸਮੇਂ ਵਿੱਚ ਪੰਜਾਬੀ ਹੱਥੀਂ ਕਿਰਤ ਕਰਦੇ ਸਨ ਭਾਵ ਹਰ ਕੰਮ ਆਪਣੇ ਹੱਥਾਂ ਨਾਲ ਕਰਦੇ ਸਨ। ਇਥੋਂ ਤਕ ਕਿ ਖੇਤੀ ਵਿੱਚ ਵੀ ਪੰਜਾਬੀ ਪੂਰੀ ਮਿਹਨਤ ਕਰਦੇ ਸਨ, ਜਿਸ ਕਰਕੇ ਉਹਨਾਂ ਦੀ ਸਰੀਰਕ ਕਸਰਤ ਕੁਦਰਤੀ ਤਰੀਕੇ ਨਾਲ ਹੁੰਦੀ ਰਹਿੰਦੀ ਸੀ ਪਰ ਆਧੁਨਿਕਤਾ ਦੀ ਦੌੜ ਵਿੱਚ ਹੁਣ ਸਭ ਕੁਝ ਮਸ਼ੀਨੀ ਹੋ ਗਿਆ ਹੈ, ਜਿਸ ਕਾਰਨ ਮਿਹਨਤ ਦੇ ਕੰਮ ਘੱਟ ਗਏ ਹਨ, ਜਿਸ ਕਰਕੇ ਪੰਜਾਬੀ ਹੁਣ ਕੁਝ ਆਲਸੀ ਜਿਹੇ ਹੁੰਦੇ ਜਾ ਰਹੇ ਲੱਗਦੇ ਹਨ ਪਰ ਖਾਣ ਪੀਣ ਉਹਨਾਂ ਦਾ ਪਹਿਲਾਂ ਵਾਂਗ ਹੀ ਖੁੱਲ੍ਹਾ ਡੁੱਲਾ ਹੈ। ਜਿਸ ਕਾਰਨ ਅਨੇਕਾਂ ਪੰਜਾਬੀ ਅਕਸਰ ਕਈ ਤਰਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ।

ਪੰਜਾਬੀਆਂ ਨੂੰ ਤੰਦਰੁਸਤ ਰਹਿਣ ਲਈ ਸਵੇਰ ਵੇਲੇ ਸੈਰ ਜ਼ਰੂਰ ਕਰਨੀ ਚਾਹੀਦੀ ਹੈ। ਸਵੇਰੇ ਅੰਮ੍ਰਿਤ ਵੇਲੇ ਕੁਦਰਤ ਦਾ ਆਨੰਦ ਜ਼ਰੂਰ ਮਾਨਣਾ ਚਾਹੀਦਾ ਹੈ। ਸਵੇਰ ਵੇਲੇ ਰੁੱਖਾਂ ਦੀਆਂ ਡਾਲੀਆਂ ਅਤੇ ਪੱਤਿਆਂ ਨਾਲ ਖਹਿ ਖਹਿ ਕੇ ਆਉਂਦੀ ਤਾਜ਼ੀ ਅਤੇ ਸੁੰਗਧੀਆਂ ਭਰੀ ਹਵਾ ਪੂਰੇ ਸਰੀਰ ਵਿੱਚ ਤਾਜ਼ਗੀ ਭਰ ਦਿੰਦੀ ਹੈ। ਅੱਜ ਕੱਲ੍ਹ ਦੇ ਦਿਨਾਂ ਵਿੱਚ ਸੈਰ ਕਰਨ ਦਾ ਆਨੰਦ ਅਤੇ ਮਹੱਤਵ ਵੱਖਰਾ ਹੁੰਦਾ ਹੈ। ਕੜਾਕੇ ਦੀ ਠੰਡ ਵਿੱਚ ਸਵੇਰੇ ਸੈਰ ਕਰਨ ਦਾ ਓਨਾ ਲਾਭ ਨਹੀਂ ਮਿਲਦਾ, ਜਿੰਨਾ ਲਾਭ ਅੱਜ ਕੱਲ੍ਹ ਦੇ ਦਿਨਾਂ ਦੌਰਾਨ ਸੈਰ ਕਰਕੇ ਮਿਲਦਾ ਹੈ।



ਮਾਲਵੇ ਦੇ ਇਲਾਕੇ ਵਿੱਚ ਕੱਤਕ ਮਹੀਨੇ ਕਪਾਹ ਅਤੇ ਨਰਮੇ ਦੇ ਫੁੱਲ ਖਿੜੇ ਹੁੰਦੇ ਹਨ ਅਤੇ ਹਰ ਪਾਸੇ ਖਿੱਲਰਿਆ ਚਿੱਟਾ ਸੋਨਾ ਅੱਖਾਂ ਨੂੰ ਰਾਹਤ ਦਿੰਦਾ ਹੈ। ਇਸ ਤੋਂ ਇਲਾਵਾ ਹਰ ਪਾਸੇ ਫੈਲੀ ਹਰਿਆਲੀ ਵੇਖ ਕੇ ਅੱਖਾਂ ਨਸ਼ਿਆ ਜਾਂਦੀਆਂ ਹਨ। ਸਵੇਰੇ ਅੰਮ੍ਰਿਤ ਵੇਲੇ ਸੈਰ ਕਰਨ ਨਾਲ ਜਿਥੇ ਸਰੀਰ ਤੰਦਰੁਸਤ ਰਹਿੰਦਾ ਹੈ ਅਤੇ ਉਥੇ ਸਾਰਾ ਦਿਨ ਸਰੀਰ ਵਿੱਚ ਚੁਸਤੀ ਫੁਰਤੀ ਬਣੀ ਰਹਿੰਦੀ ਹੈ ਅਤੇ ਹਰ ਕੰਮ ਸਮੇਂ ਸਿਰ ਨਿਪਟ ਜਾਂਦਾ ਹੈ।

ਇਹਨਾਂ ਦਿਨਾਂ ਦੌਰਾਨ ਘਾਹ ਅਤੇ ਪੌਦਿਆਂ 'ਤੇ ਪਈ ਤ੍ਰੇਲ ਬਹੁਤ ਸੋਹਣੀ ਲੱਗਦੀ ਹੈ ਅਤੇ ਨੰਗੇ ਪੈਰ ਘਾਹ 'ਤੇ ਸੈਰ ਕਰਨ ਨਾਲ ਸਰੀਰ ਨੂੰ ਅਨੇਕਾਂ ਲਾਭ ਮਿਲਦੇ ਹਨ। ਇਸੇ ਕਰਕੇ ਹੀ ਸਿਹਤ ਮਾਹਰ ਕਹਿੰਦੇ ਹਨ ਕਿ ਘਾਹ 'ਤੇ ਸਵੇਰੇ ਵੇਲੇ ਨੰਗੇ ਪੈਰ ਸੈਰ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਜਦੋਂ ਪੰਜਾਬੀ ਘਰ ਦੀ ਚਾਰ-ਦਿਵਾਰੀ ਵਿਚੋਂ ਨਿਕਲ ਕੇ ਖੇਤਾਂ ਦੀ ਖੁੱਲ੍ਹੀ ਥਾਂ ਵਿੱਚ ਆਉਂਦੇ ਹਨ ਤਾਂ ਹਰ ਪਾਸੇ ਉਹਨਾਂ ਨੂੰ ਕੁਦਰਤ ਨੱਚਦੀ ਹੋਈ ਦਿਖਾਈ ਦਿੰਦੀ ਹੈ। ਸ਼ਾਇਦ ਇਸੇ ਕਰਕੇ ਵੱਡੀ ਗਿਣਤੀ ਪੰਜਾਬੀ ਖੁੱਲੇ ਡੁੱਲੇ ਸੁਭਾਅ ਵਾਲੇ ਹੁੰਦੇ ਹਨ। ਸ਼ਹਿਰਾਂ ਵਿੱਚ ਖੇਤ ਨਹੀਂ ਹੁੰਦੇ ਪਰ ਉਥੇ ਹਰ ਪਾਸੇ ਪਾਰਕ ਬਣੇ ਹੁੰਦੇ ਹਨ। ਜਿਸ ਕਰਕੇ ਸ਼ਹਿਰਾਂ ਵਿੱਚ ਰਹਿੰਦੇ ਲੋਕ ਅਕਸਰ ਪਾਰਕਾਂ ਵਿੱਚ ਸੈਰ ਕਰਦੇ ਹਨ। ਭਾਵੇਂ ਕਿ ਪੰਜਾਬ ਦੇ ਸਿਰਫ਼ ਵੱਡੇ ਸ਼ਹਿਰਾਂ ਵਿੱਚ ਹੀ ਪਾਰਕਾਂ ਦੀ ਸਹੂਲਤ ਹੈ ਪਰ ਹੁਣ ਤਾਂ ਆਮ ਸ਼ਹਿਰਾਂ ਵਿੱਚ ਬਣਦੀਆਂ ਕਾਲੋਨੀਆਂ ਵਿੱਚ ਵੀ ਪਾਰਕਾਂ ਦੀ ਸਹੂਲਤ ਦਿੱਤੀ ਜਾਂਦੀ ਹੈ, ਜਿਸਦਾ ਪੰਜਾਬੀਆਂ ਨੂੰ ਪੂਰਾ ਲਾਭ ਉਠਾਉਣਾ ਚਾਹੀਦਾ ਹੈ।



ਪੰਜਾਬੀਆਂ ਵੱਲੋਂ ਸਵੇਰ ਦੀ ਸੈਰ ਕਰਨ ਦੇ ਨਾਲ ਜੇ ਕਸਰਤ ਵੀ ਕਰ ਲਈ ਜਾਵੇ ਤਾਂ ਸੋਨੇ 'ਤੇ ਸੋਹਾਗੇ ਵਾਲੀ ਗੱਲ ਹੋ ਜਾਂਦੀ ਹੈ। ਵੱਡੀ ਗਿਣਤੀ ਪੰਜਾਬੀ ਸੈਰ ਕਰਦੇ ਹੋਏ ਜਾਂਗਿੰਗ ਕਰਦੇ ਹਨ ਜਾਂ ਦੌੜ ਲਗਾਉਂਦੇ ਵੇਖੇ ਜਾਂਦੇ ਹਨ। ਇਸੇ ਕਾਰਨ ਪੰਜਾਬੀ ਰਿਸ਼ਟ ਪੁਸ਼ਟ ਮੰਨੇ ਜਾਂਦੇ ਹਨ।

ਵੱਡੀ ਗਿਣਤੀ ਪੰਜਾਬੀ ਸਵੇਰ ਸਮੇਂ ਧਾਰਮਿਕ ਸਥਾਨਾਂ 'ਤੇ ਨਤਮਸਤਕ ਹੋਣ ਜਾਂਦੇ ਹਨ, ਜਿਹੜੇ ਪੰਜਾਬੀ ਪੈਦਲ ਜਾਂਦੇ ਹਨ, ਉਹਨਾਂ ਦੀ ਸੈਰ ਵੀ ਹੋ ਜਾਂਦੀ ਹੈ। ਮੈਂ ਜਦੋਂ ਨੌਕਰੀ ਦੌਰਾਨ ਜਲੰਧਰ ਰਹਿੰਦਾ ਸੀ ਤਾਂ ਸਵੇਰ ਸਮੇਂ ਹਰ ਦਿਨ ਜਲੰਧਰ ਤੋਂ ਗੁਰਦੁਆਰਾ ਸ਼ਹੀਦਾਂ ਤੱਲ੍ਹਣ ਸਾਹਿਬ ਆਪਣੇ ਸਾਥੀਆਂ ਨਾਲ ਸਾਈਕਲ 'ਤੇ ਚਲਾ ਜਾਂਦਾ ਸੀ। ਅਸੀਂ ਚਾਰ ਦੋਸਤ ਹੁੰਦੇ ਸੀ ਅਤੇ ਹਰ ਕੋਲ ਆਪੋ ਆਪਣਾ ਸਾਈਕਲ ਹੁੰਦਾ ਸੀ। ਇਸ ਤਰ੍ਹਾਂ ਗੁਰਦੁਆਰਾ ਸਾਹਿਬ ਵਿੱਚ ਨਤਮਸਤਕ ਵੀ ਹੋ ਲਈਦਾ ਸੀ ਅਤੇ ਸਾਈਕਲ ਚਲਾਉਣ ਕਰਕੇ ਕਸਰਤ ਵੀ ਹੋ ਜਾਂਦੀ ਸੀ। ਚੰਡੀਗੜ੍ਹ ਨੌਕਰੀ ਦੌਰਾਨ ਮੈਂ ਘਰ ਤੋਂ ਦਫ਼ਤਰ ਸਾਈਕਲ 'ਤੇ ਹੀ ਜਾਂਦਾ ਸੀ, ਤਾਂ ਕਿ ਕਸਰਤ ਹੋ ਸਕੇ। ਜਿੰਨੀ ਦੇਰ ਮੈਂ ਸਾਈਕਲ ਚਲਾਉਂਦਾ ਰਿਹਾ, ਕਦੇ ਬਿਮਾਰ ਨਹੀਂ ਸੀ ਹੋਇਆ।

ਵੱਡੀ ਗਿਣਤੀ ਪੰਜਾਬੀ ਵੱਖ- ਵੱਖ ਤਰ੍ਹਾਂ ਦੇ ਟ੍ਰੈਕ ਸੂਟ ਪਾ ਕੇ ਸੈਰ ਕਰਦੇ ਵੱਖ ਵੱਖ ਇਲਾਕਿਆਂ ਵਿੱਚ ਹਰ ਦਿਨ ਸਵੇਰ ਵੇਲੇ ਵੇਖੇ ਵੀ ਜਾਂਦੇ ਹਨ। ਜੇ ਸਾਰੇ ਪੰਜਾਬੀ ਹੀ ਆਪਣੇ ਦਿਨ ਦੀ ਸ਼ੁਰੂਆਤ ਸਵੇਰ ਦੀ ਸੈਰ ਤੋਂ ਕਰਨ ਤਾਂ ਪੰਜਾਬ ਮੁੜ ਤੰਦਰੁਸਤ ਹੋ ਜਾਵੇਗਾ।ਪੰਜਾਬੀਆਂ ਨੂੰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਮਨ ਨਿਵਾਸ ਕਰਦਾ ਹੈ। ਇਸ ਲਈ ਤੰਦਰੁਸਤ ਰਹਿਣ ਲਈ ਪੰਜਾਬੀਆਂ ਨੂੰ ਸਵੇਰ ਵੇਲੇ ਸੈਰ ਅਤੇ ਕਸਰਤ ਜਰੂਰ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਪੰਜਾਬੀਆਂ ਵੱਲੋਂ ਜੇ ਸ਼ਾਮ ਸਮੇਂ ਵੀ ਸੈਰ ਅਤੇ ਕਸਰਤ ਕੀਤੀ ਜਾਵੇ ਤਾਂ ਹੋਰ ਵੀ ਚੰਗਾ ਹੋਵੇਗਾ ਪਰ ਸਮੇਂ ਦੀ ਘਾਟ ਅਤੇ ਵੱਧਦੇ ਹੋਏ ਰੁਝੇਵਿਆਂ ਵਿਚੋਂ ਦੋ ਵੇਲੇ ਦੀ ਸੈਰ ਅਤੇ ਕਸਰਤ ਲਈ ਸਮਾਂ ਕੱਢਣਾ ਔਖਾ ਹੋ ਜਾਂਦਾ ਹੈ। ਇਸ ਲਈ ਪੰਜਾਬੀਆਂ ਨੂੰ ਸਵੇਰ ਦੀ ਸੈਰ ਕਰਨ ਲਈ ਜ਼ਰੂਰ ਸਮਾਂ ਕੱਢਣਾ ਚਾਹੀਦਾ ਹੈ ਤਾਂ ਕਿ ਉਹ ਤੰਦਰੁਸਤ ਅਤੇ ਰਿਸ਼ਟ ਪੁਸ਼ਟ ਰਹਿਣ।





# ਕਮਿਊਨਿਸਟ ਧਿਰਾਂ ਦਾ ਸਿਆਸੀ ਪਤਨ: ਪੰਜਾਬ ਵਿੱਚ ਵੋਟਾਂ ਕਿਉਂ ਨਹੀਂ ਮਿਲਦੀਆਂ ?

## ਕਿਸਾਨ ਅੰਦੋਲਨ ਵਿੱਚ ਜੋਸ਼, ਚੋਣਾਂ 'ਚ ਹਾਰ: ਕਮਿਊਨਿਸਟ ਧਿਰਾਂ ਨਿਘਾਰ ਵੱਲ ਕਿਉਂ ?

## ਜੋਗਿੰਦਰ ਉਗਰਾਹਾਂ ਦੇ ਵਿਵਾਦਤ ਬਿਆਨ: ਸਿੱਖ ਧਰਮ 'ਤੇ ਕਿਉਂ ਉੱਠਾ ਰਿਹਾ ਸਵਾਲ ?

ਪੰਜਾਬ ਦੀ ਧਰਤੀ 'ਤੇ ਕਮਿਊਨਿਸਟ ਵਿਚਾਰਧਾਰਾ ਦੀਆਂ ਜੜ੍ਹਾਂ ਗ਼ਦਰੀ ਬਾਬਿਆਂ ਦੇ ਸੰਘਰਸ਼ ਨਾਲ ਡੂੰਘੀਆਂ ਜੁੜੀਆਂ ਹਨ। ਇਹ ਵਿਚਾਰਧਾਰਾ, ਜਿਸ ਨੇ ਕਿਸਾਨਾਂ, ਮਜ਼ਦੂਰਾਂ ਤੇ ਦੱਬੇ-ਕੁਚਲੇ ਵਰਗਾਂ ਦੀ ਆਵਾਜ਼ ਬੁਲੰਦ ਕੀਤੀ, ਕਦੇ ਸਿਆਸੀ ਮੰਚ 'ਤੇ ਵੀ ਚਮਕਦੀ ਸੀ। ਪਰ ਅੱਜ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਅਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) (ਸੀ.ਪੀ.ਆਈ.-ਐਮ.) ਵਰਗੀਆਂ ਧਿਰਾਂ ਦੀ ਸਿਆਸੀ ਹੋਂਦ ਲਗਭਗ ਸੰਘਰਸ਼ੀ ਮੰਚਾਂ ਤੱਕ ਸੀਮਤ ਹੋ ਕੇ ਰਹਿ ਗਈ ਹੈ। ਚੋਣਾਂ ਵਿੱਚ ਇਨ੍ਹਾਂ ਪਾਰਟੀਆਂ ਦੀ ਹਾਰ, ਕਿਸਾਨ ਯੂਨੀਅਨਾਂ ਦੀ ਘਟਦੀ ਪਕੜ ਅਤੇ ਪੰਥਕ ਜਥੇਬੰਦੀਆਂ ਨਾਲ ਵਧਦਾ ਟਕਰਾਅ ਸਵਾਲ ਖੜ੍ਹੇ ਕਰਦੇ ਹਨ ਕਿ ਇਹ ਧਿਰਾਂ ਸਿਆਸੀ ਤੌਰ 'ਤੇ ਕਿਉਂ ਪਛੜ ਰਹੀਆਂ ਹਨ ? ਲੋਕਾਂ ਦਾ ਵਿਸ਼ਵਾਸ ਕਿਉਂ ਟੁੱਟ ਰਿਹਾ ਹੈ ?

ਸਿਆਸੀ ਸਫਲਤਾ ਦਾ ਪਤਨ ਕਮਿਊਨਿਸਟ ਧਿਰਾਂ ਦੀ ਸਿਆਸੀ ਸਫਲਤਾ ਦੀ ਦਾਸਤਾਨ 1980ਵਿਆਂ ਤੋਂ ਸਾਫ਼ ਝਲਕਦੀ ਸੀ। ਸਾਲ 1980 ਵਿੱਚ ਸੀ.ਪੀ.ਆਈ. ਨੇ ਪੰਜਾਬ ਵਿਧਾਨ ਸਭਾ ਵਿੱਚ 9 ਸੀਟਾਂ ਜਿੱਤੀਆਂ, ਜਦਕਿ ਸੀ.ਪੀ.ਆਈ.-ਐਮ. ਨੇ 2 ਸੀਟਾਂ ਹਾਸਲ ਕੀਤੀਆਂ। 1992 ਵਿੱਚ, ਜਦੋਂ ਸੂਬੇ ਵਿੱਚ ਚੋਣਾਂ ਦਾ ਵਿਰੋਧ ਸੀ, ਤਾਂ ਵੀ ਕਮਿਊਨਿਸਟ ਧਿਰਾਂ ਨੇ 5 ਸੀਟਾਂ 'ਤੇ ਕਬਜ਼ਾ ਕੀਤਾ। ਸਾਲ 2002 ਵਿੱਚ ਸੀ.ਪੀ.ਆਈ. ਨੇ 2 ਸੀਟਾਂ ਜਿੱਤੀਆਂ, ਪਰ ਇਸ ਤੋਂ ਬਾਅਦ ਇਨ੍ਹਾਂ ਪਾਰਟੀਆਂ ਦੀ ਸਿਆਸੀ ਸਫਲਤਾ ਲਗਾਤਾਰ ਘਟਦੀ ਗਈ। 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਦੋਵੇਂ ਧਿਰਾਂ ਇੱਕ ਵੀ ਸੀਟ ਨਾ ਜਿੱਤ ਸਕੀਆਂ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਸੀ.ਪੀ.ਆਈ. ਨੇ ਕੁਝ ਸੀਟਾਂ 'ਤੇ ਉਮੀਦਵਾਰ ਖੜ੍ਹੇ ਕੀਤੇ, ਪਰ ਕੋਈ ਸਫਲਤਾ ਨਾ ਮਿਲੀ। ਸੀ.ਪੀ.ਆਈ.-ਐਮ. ਨੇ ਗੱਠਜੋੜਾਂ ਵਿੱਚ ਹਿੱਸਾ ਲਿਆ, ਪਰ ਵੋਟ ਸ਼ੇਅਰ ਬਹੁਤ ਘੱਟ ਰਿਹਾ।





ਸਿਆਸੀ ਮਾਹਿਰਾਂ ਮੁਤਾਬਕ, ਕਮਿਊਨਿਸਟ ਧਿਰਾਂ ਦੀ ਸਿਆਸੀ ਪਛੜਤ ਦੇ ਕਈ ਕਾਰਨ ਹਨ। ਪਹਿਲਾਂ, ਨਵੀਂ ਪੀੜ੍ਹੀ ਵਿੱਚ ਕਮਿਊਨਿਸਟ ਵਿਚਾਰਧਾਰਾ ਦੀ ਪਕੜ ਘਟਦੀ ਜਾ ਰਹੀ ਹੈ। ਨੌਜਵਾਨ ਪੀੜ੍ਹੀ ਨੂੰ ਸੋਸ਼ਲ ਮੀਡੀਆ ਅਤੇ ਆਧੁਨਿਕ ਸਿਆਸੀ ਬਿਰਤਾਂਤ ਵੱਲ ਵਧੇਰੇ ਖਿੱਚ ਮਹਿਸੂਸ ਹੁੰਦੀ ਹੈ। ਦੂਜਾ, ਕਿਸਾਨ ਅਤੇ ਮਜ਼ਦੂਰ ਮੁੱਦੇ, ਜੋ ਕਦੇ ਕਮਿਊਨਿਸਟ ਧਿਰਾਂ ਦੀ ਵਿਲੱਖਣਤਾ ਸਨ, ਹੁਣ ਹੋਰ ਸਿਆਸੀ ਪਾਰਟੀਆਂ ਕਾਂਗਰਸ, ਬਸਪਾ ਆਪ ਨੇ ਵੀ ਆਪਣੀ ਸਿਆਸਤ ਦਾ ਹਿੱਸਾ ਬਣਾ ਲਿਆ ਹੈ। ਇਸ ਨਾਲ ਕਮਿਊਨਿਸਟ ਧਿਰਾਂ ਦੀ ਵਿਲੱਖਣ ਪਛਾਣ ਫਿੱਕੀ ਪੈ ਗਈ। ਤੀਜਾ, 1964 ਅਤੇ 1990 ਵਿੱਚ ਪਾਰਟੀ ਅੰਦਰੂਨੀ ਫੁੱਟ ਨੇ ਵੀ ਕਮਿਊਨਿਸਟ ਧਿਰਾਂ ਦੀ ਤਾਕਤ ਨੂੰ ਕਮਜ਼ੋਰ ਕੀਤਾ। ਨਵੀਆਂ ਧਿਰਾਂ ਦੇ ਗਠਨ ਨਾਲ ਕਾਰਕੁਨਾਂ ਅਤੇ ਵੋਟਰਾਂ ਦਾ ਬੁਨਿਆਦੀ ਅਧਾਰ ਵੰਡਿਆ ਗਿਆ।

ਕਮਿਊਨਿਸਟ ਧਿਰਾਂ ਦੀ ਸਭ ਤੋਂ ਵੱਡੀ ਤਾਕਤ ਉਨ੍ਹਾਂ ਦੀ ਸੰਘਰਸ਼ੀ ਭੂਮਿਕਾ ਰਹੀ ਹੈ। 2020-21 ਦੇ ਕਿਸਾਨ ਅੰਦੋਲਨ ਵਿੱਚ ਸੀ.ਪੀ.ਆਈ. ਅਤੇ ਸੀ.ਪੀ.ਆਈ.-ਐਮ. ਨੇ ਕਿਸਾਨ ਯੂਨੀਅਨਾਂ ਨਾਲ ਮਿਲ ਕੇ ਮੋਰਚਾ ਸੰਭਾਲਿਆ। ਸੰਘਰਸ਼ੀ ਮੰਚਾਂ 'ਤੇ ਇਨ੍ਹਾਂ ਧਿਰਾਂ ਦਾ ਜੋਸ਼ ਅਤੇ ਸੰਗਠਨ ਸਮਰੱਥਾ ਅੱਜ ਵੀ ਕਾਇਮ ਹੈ। ਪਰ ਸਿਆਸੀ ਚੋਣਾਂ ਵਿੱਚ ਇਹ ਜੋਸ਼ ਵੋਟਾਂ ਵਿੱਚ ਨਹੀਂ ਬਦਲਦਾ। ਮਾਹਿਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਧਿਰਾਂ ਨੇ ਆਪਣੇ ਤਰੀਕਿਆਂ ਨੂੰ ਆਧੁਨਿਕ ਸਿਆਸਤ ਮੁਤਾਬਕ ਨਹੀਂ ਢਾਲਿਆ।


### ਕਿਸਾਨ ਯੂਨੀਅਨਾਂ ਦੀ ਘਟਦੀ ਪਕੜ

ਕਿਸਾਨ ਯੂਨੀਅਨਾਂ, ਜੋ ਕਮਿਊਨਿਸਟ ਵਿਚਾਰਧਾਰਾ ਨਾਲ ਜੁੜੀਆਂ ਹਨ, ਦੀ ਪੰਜਾਬ ਵਿੱਚ ਪਕੜ ਵੀ ਘਟਦੀ ਜਾ ਰਹੀ ਹੈ। 2020-21 ਦੇ ਕਿਸਾਨ ਅੰਦੋਲਨ ਨੇ ਸੂਬੇ ਦੀਆਂ ਕਿਸਾਨ ਯੂਨੀਅਨਾਂ ਨੂੰ ਕੌਮੀ ਪੱਧਰ 'ਤੇ ਚਰਚਾ ਵਿੱਚ ਲਿਆਂਦਾ, ਪਰ ਇਸ ਦੇ ਬਾਅਦ ਵੀ ਇਨ੍ਹਾਂ ਯੂਨੀਅਨਾਂ ਦੀ ਸਿਆਸੀ ਤਾਕਤ ਨਹੀਂ ਵਧੀ। ਕਈ ਕਿਸਾਨ ਯੂਨੀਅਨਾਂ ਦੀ ਅੰਦਰੂਨੀ ਫੁੱਟ ਅਤੇ ਆਗੂਆਂ ਦੀਆਂ ਵਿਵਾਦਤ ਬਿਆਨਬਾਜ਼ੀਆਂ ਨੇ ਲੋਕਾਂ ਦਾ ਵਿਸ਼ਵਾਸ ਘਟਾਇਆ। ਖ਼ਾਸਕਰ, ਜੋਗਿੰਦਰ ਸਿੰਘ ਉਗਰਾਹਾਂ ਵਰਗੇ ਆਗੂਆਂ ਦੇ ਸਿੱਖ ਧਰਮ ਅਤੇ ਗੁਰਦੁਆਰਿਆਂ ਬਾਰੇ ਊਲ ਜਲੂਲ ਬਿਆਨ ਸੁਰਖੀਆਂ ਵਿੱਚ ਰਹੇ। ਇਸ ਕਾਰਣ ਪੰਥਕ ਧਿਰਾਂ ਵਲੋਂ ਉਹਨਾਂ ਦਾ ਤਿੱਖਾ ਵਿਰੋਧ ਕੀਤਾ ਗਿਆ।

ਜੋਗਿੰਦਰ ਸਿੰਘ ਉਗਰਾਹਾਂ, ਜੋ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਮੁਖੀ ਹਨ, ਨੇ ਸਿੱਖ ਧਰਮ ਅਤੇ ਗੁਰਦੁਆਰਿਆਂ ਬਾਰੇ ਕਈ ਵਿਵਾਦਤ ਬਿਆਨ ਦਿੱਤੇ। ਉਨ੍ਹਾਂ ਨੇ ਗੁਰਦੁਆਰਿਆਂ ਨੂੰ 'ਕਮਿਊਨਿਟੀ ਸੈਂਟਰ' ਕਹਿ ਕੇ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ। ਉਗਰਾਹਾਂ ਦਾ ਕਹਿਣਾ ਸੀ ਕਿ ਉਹ ਗੁਰਦੁਆਰਿਆਂ 'ਚ 'ਫਰੀ ਚਾਹ ਤੇ ਲੰਗਰ' ਨਹੀਂ ਖਾਂਦੇ, ਸਗੋਂ ਆਟਾ, ਦਾਲ, ਸਬਜ਼ੀਆਂ ਅਤੇ ਦੁੱਧ ਭੇਟ ਕਰਦੇ ਹਨ। ਇਸ ਤੋਂ ਇਲਾਵਾ, ਉਨ੍ਹਾਂ ਦੀ ਯੂਨੀਅਨ ਨੇ ਆਪਣੇ ਅੰਦੋਲਨਾਂ ਵਿੱਚ ਨਿਸ਼ਾਨ ਸਾਹਿਬ ਅਤੇ ਜੈਕਾਰਿਆਂ 'ਤੇ ਪਾਬੰਦੀ ਲਗਾਈ, ਜਿਸ ਨੇ ਸਿੱਖ ਸੰਗਤ ਵਿੱਚ ਰੋਹ ਪੈਦਾ ਕੀਤਾ। ਸਿੱਖ ਪਰੰਪਰਾਵਾਂ ਮੁਤਾਬਕ, ਗੁਰਦੁਆਰੇ ਸਿਰਫ਼ ਕਮਿਊਨਿਟੀ ਸੈਂਟਰ ਨਹੀਂ, ਸਗੋਂ ਗੁਰਮਤਿ ਫਲਸਫੇ ਅਤੇ ਸਿੱਖ ਸੱਭਿਆਚਾਰ ਦੇ ਕੇਂਦਰ ਹਨ। ਅਜਿਹੇ ਬਿਆਨਾਂ ਨੇ ਕਮਿਊਨਿਸਟ ਧਿਰਾਂ ਅਤੇ ਸਿੱਖ ਪੰਥਕ ਜਥੇਬੰਦੀਆਂ ਵਿਚਕਾਰ ਟਕਰਾਅ ਨੂੰ ਹੋਰ ਵਧਾਇਆ ਹੈ। ਕਮਿਊਨਿਸਟ ਧਿਰਾਂ ਅਤੇ ਪੰਥਕ ਜਥੇਬੰਦੀਆਂ ਵਿਚਕਾਰ ਟਕਰਾਅ ਦਾ ਕਾਰਨ ਵਿਚਾਰਧਾਰਕ ਅੰਤਰ ਵੀ ਹਨ। ਕਮਿਊਨਿਸਟ ਧਿਰਾਂ ਦਾ ਧਰਮ-ਨਿਰਪੱਖ ਸਟੈਂਡ ਅਤੇ ਸਿੱਖ ਜਥੇਬੰਦੀਆਂ ਦੀ ਪੰਥਕ ਪਛਾਣ ਨੇ ਦੋਵਾਂ ਵਿਚਕਾਰ ਦੂਰੀ ਵਧਾਈ ਹੈ। ਖ਼ਾਸਕਰ, ਜਦੋਂ ਕਮਿਊਨਿਸਟ ਆਗੂ ਸਿੱਖ ਪਰੰਪਰਾਵਾਂ ਜਾਂ ਗੁਰਦੁਆਰਿਆਂ ਬਾਰੇ ਟਿੱਪਣੀਆਂ ਕਰਦੇ ਹਨ, ਤਾਂ ਸਿੱਖ ਸੰਗਤ ਵਿੱਚ ਇਸ ਨੂੰ ਧਾਰਮਿਕ ਅਪਮਾਨ ਵਜੋਂ ਲਿਆ ਜਾਂਦਾ ਹੈ। ਇਸ ਨਾਲ ਕਮਿਊਨਿਸਟ ਧਿਰਾਂ ਦੀ ਲੋਕਪ੍ਰਿਅਤਾ 'ਤੇ ਵੀ ਅਸਰ ਪੈਂਦਾ ਹੈ।

### ਕੀ ਹੈ ਖੱਬੇ ਪੱਖੀਆਂ ਕੋਲ ਅੱਗੇ ਦਾ ਰਾਹ ?

ਮਾਹਿਰਾਂ ਮੁਤਾਬਕ, ਜੇਕਰ ਕਮਿਊਨਿਸਟ ਧਿਰਾਂ ਨੂੰ ਪੰਜਾਬ ਦੀ ਸਿਆਸਤ ਵਿੱਚ ਮੁੜ ਉਭਰਨਾ ਹੈ, ਤਾਂ ਉਨ੍ਹਾਂ ਨੂੰ ਆਪਣੀ ਸੰਗਠਨਾਤਮਕ ਢਾਂਚੇ, ਪ੍ਰਚਾਰ ਰਣਨੀਤੀ ਅਤੇ ਵਿਚਾਰਧਾਰਕ ਪਹੁੰਚ ਨੂੰ ਨਵਾਂ ਰੂਪ ਦੇਣਾ ਹੋਵੇਗਾ, (**ਬਾਕੀ ਸਫ਼ਾ 26 'ਤੇ**)



**ਅਭੈ ਸਿੰਘ**

# ਰਾਜਨੀਤੀ ਵਿੱਚੋਂ ਲੁਪਤ ਹੋ ਰਹੀ ਨੀਤੀ

ਸਮਾਜ ਸ਼ਾਸਤਰ ਦੀਆਂ ਕਿਤਾਬਾਂ ਜਾਂ ਡਿਕਸ਼ਨਰੀਆਂ ਮੁਤਾਬਿਕ 'ਰਾਜਨੀਤੀ' ਦੀ ਕੋਈ ਵੀ ਪਰਿਭਾਸ਼ਾ ਹੋਵੇ ਪਰ ਸਾਧਾਰਨ ਵਿਹਾਰ ਵਿੱਚ ਇਸ ਨੂੰ ਕਿਸੇ ਦੇਸ਼ ਦਾ ਰਾਜ ਚਲਾਉਣ ਵਾਸਤੇ ਬਣਾਈਆਂ ਜਾ ਰਹੀਆਂ ਵੱਖ-ਵੱਖ ਨੀਤੀਆਂ ਤੋਂ ਲਿਆ ਜਾ ਸਕਦਾ ਹੈ। ਇਨ੍ਹਾਂ ਨੀਤੀਆਂ ਦੀ ਤਰਜਮਾਨੀ ਪਾਰਟੀਆਂ ਕਰਦੀਆਂ ਹਨ। ਕਿਹੜੇ ਪ੍ਰੋਗਰਾਮਾਂ ਅਤੇ ਕਦਮਾਂ ਨਾਲ ਕਿਸੇ ਦੇਸ਼ ਦਾ ਵਿਕਾਸ ਹੋ ਸਕਦਾ ਹੈ ਤੇ ਲੋਕਾਂ ਦਾ ਜੀਵਨ ਪੱਧਰ ਚੰਗਾ ਬਣ ਸਕਦਾ ਹੈ, ਵੱਖਰੇ-ਵੱਖਰੇ ਵਿਚਾਰ ਹੋ ਸਕਦੇ ਹਨ। ਇਨ੍ਹਾਂ ਵਿਚਾਰਾਂ ਦੇ ਵਖਰੇਵੇਂ ਹੀ ਵੱਖ-ਵੱਖ ਰਾਜਨੀਤਕ ਪਾਰਟੀਆਂ ਦੀ ਹੋਂਦ ਦਾ ਆਧਾਰ ਹੋ ਸਕਦੇ ਹਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇ ਪਹਿਲੇ ਕੁਝ ਦਹਾਕਿਆਂ ਤੱਕ ਇਹ ਆਧਾਰ ਕਾਇਮ ਰਿਹਾ, ਫ਼ਿਰ ਹੌਲੀ-ਹੌਲੀ ਧੁੰਦਲਾ ਹੁੰਦਾ ਗਿਆ।

ਪਹਿਲਾਂ ਕਾਂਗਰਸ ਸਭ ਤੋਂ ਵੱਡੀ ਪਾਰਟੀ ਸੀ, ਸਾਰੇ ਦੇਸ਼ ਵਿੱਚ ਫ਼ੈਲੀ। ਆਜ਼ਾਦੀ ਦੀ ਲੜਾਈ ਵਿੱਚ ਇਸ ਦੀ ਮੁੱਖ ਭੂਮਿਕਾ ਸੀ। ਇਸ ਤੋਂ ਇਲਾਵਾ ਇਸ ਦੀ ਨੀਤੀ ਧਰਮ ਨਿਰਪੱਖਤਾ, ਦਲਿਤਾਂ ਦੇ ਸਮਾਜਿਕ-ਆਰਥਿਕ ਵਿਕਾਸ ਅਤੇ ਜਮਹੂਰੀ ਸਮਾਜਵਾਦ ਸੀ। ਇਸ ਤੋਂ ਭਾਵੇਂ ਬਹੁਤ ਘੱਟ ਪਰ ਦੂਜੀ ਕਮਿਊਨਿਸਟ ਪਾਰਟੀ ਸੀ ਜੋ ਕਾਰਲ ਮਾਰਕਸ ਦੇ ਦਰਸਾਏ ਤੇ ਸੋਵੀਅਤ ਯੂਨੀਅਨ ਵਿੱਚ ਚੱਲ ਰਹੇ ਵਿਗਿਆਨਕ ਸਮਾਜਵਾਦ ਦੀ ਮੁਦਈ ਸੀ। ਇਸ ਦਾ ਦਾਅਵਾ ਮਜ਼ਦੂਰਾਂ ਤੇ ਕਿਸਾਨਾਂ ਦੀ ਪਾਰਟੀ ਹੋਣਾ ਰਿਹਾ। ਤੀਜੀ ਪਾਰਟੀ ਜਨ ਸੰਘ ਸੀ ਜਿਹੜੀ ਹਿੰਦੂ ਹਿਤ ਨਾਲ ਜੁੜੀ ਸੀ; ਹਿੰਦੂ, ਹਿੰਦੀ, ਹਿੰਦੁਸਤਾਨ ਇਸ ਦਾ ਕੇਂਦਰੀ ਨਾਅਰਾ ਸੀ। ਇਹ ਧਰਮ ਨਿਰਪੱਖਤਾ ਦੇ ਵਿਰੁੱਧ ਸੀ ਤੇ ਕਾਂਗਰਸ ਦੀ ਇਸ ਨੀਤੀ ਨੂੰ ਮੁਸਲਮਾਨਾਂ ਦੀ ਖ਼ੁਸ਼ਾਮਦ ਮੰਨਦੀ ਸੀ। ਇਹ ਹਰ ਤਰ੍ਹਾਂ ਦੇ ਸਮਾਜਵਾਦ ਦਾ ਵਿਰੋਧ ਕਰਦੀ ਸੀ।

ਜਦੋਂ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਫ਼ੁੱਟ ਪਈ, ਦੋ ਪਾਰਟੀਆਂ ਬਣ ਗਈਆਂ, ਆਮ ਭਾਸ਼ਾ ਵਿੱਚ ਭਾਵੇਂ ਲੋਕ ਇਕ ਨੂੰ ਰੂਸ ਪੱਖੀ ਅਤੇ ਦੂਜੀ ਨੂੰ ਚੀਨ ਪੱਖੀ ਕਹਿੰਦੇ ਸਨ ਪਰ ਉਹ ਆਪਣਾ ਆਧਾਰ ਵੱਖ-ਵੱਖ ਪ੍ਰੋਗਰਾਮਾਂ ਨੂੰ ਮੰਨਦੇ ਸਨ। ਸੀਪੀਆਈ ਦਾ ਪ੍ਰੋਗਰਾਮ ਦੇਸ਼ ਵਿੱਚ ਕੌਮੀ ਜਮਹੂਰੀ ਮੋਰਚਾ ਤਿਆਰ ਕਰਨਾ ਸੀ ਤੇ ਸੀ.ਪੀ.ਐੱਮ. ਦਾ ਪ੍ਰੋਗਰਾਮ ਲੋਕ ਜਮਹੂਰੀ ਮੋਰਚਾ ਸਥਾਪਿਤ ਕਰਨਾ ਸੀ। ਇਨ੍ਹਾਂ ਦੀਆਂ ਤਸ਼ਰੀਹਾਂ ਬੇਸ਼ੱਕ ਬਹੁਤ ਪੇਚੀਦਾ ਹਨ ਪਰ ਪਾਰਟੀਆਂ ਦਾ ਗਠਨ ਨੀਤੀਆਂ ਨਾਲ ਜੁੜਦਾ ਸੀ, ਵਿਅਕਤੀਗਤ ਲੀਡਰਸ਼ਿਪ ਨਾਲ ਨਹੀਂ।

ਚੀਨ ਨਾਲ ਲੜਾਈ, ਜਵਾਹਰ ਲਾਲ ਨਹਿਰੂ ਦੀ ਮੌਤ ਅਤੇ ਭਾਰਤ ਪਾਕਿਸਤਾਨ ਯੁੱਧ ਤੋਂ ਬਾਅਦ ਸਾਡੀ ਆਰਥਿਕ ਤੇ ਇਸ ਦੇ ਨਾਲ ਹੀ ਰਾਜਨੀਤਕ ਸਥਿਰਤਾ ਵੀ ਡੋਲ ਗਈ ਸੀ। ਨਤੀਜੇ ਵਜੋਂ 1967 ਦੀਆਂ ਚੋਣਾਂ ਵਿੱਚ ਬਹੁਤ ਸਾਰੇ ਕਾਂਗਰਸੀ ਲੀਡਰਾਂ ਨੇ ਪਾਰਟੀ ਛੱਡ ਕੇ ਖੇਤਰੀ ਪਾਰਟੀਆਂ ਤੇ ਹੋਰਨਾਂ ਪਾਰਟੀਆਂ ਨਾਲ ਮਿਲ ਕੇ 'ਗੈਰ-ਕਾਂਗਰਸੀ' ਸਰਕਾਰਾਂ ਬਣਾ ਲਈਆਂ। ਇਹ ਸ਼ੁਰੂਆਤ ਸੀ ਕਿ ਪਾਰਟੀਆਂ ਦਾ ਆਧਾਰ ਕੌਮੀ ਨੀਤੀ ਨਹੀਂ, ਸ਼ਖ਼ਸੀਅਤਾਂ ਬਣਿਆ। ਇਕ ਪਾਰਟੀ ਛੱਡ ਕੇ ਦੂਜੀ ਵਿੱਚ ਜਾਣਾ ਤੇ ਫ਼ਿਰ ਪਹਿਲੀ ਵਿੱਚ ਆ ਜਾਣਾ ਸਾਧਾਰਨ ਗੱਲ ਬਣ ਗਈ। ਜਦੋਂ ਦਲ ਬਦਲੀ ਵਿਰੁੱਧ ਕਾਨੂੰਨ ਬਣਿਆ ਤਾਂ ਉਸ ਦੀ ਧਾਰਨਾ ਇਹ ਸੀ ਕਿ ਜਦੋਂ ਕੋਈ ਬੰਦਾ ਸਿਰਫ਼ ਵਿਅਕਤੀ ਨੂੰ ਹੀ ਵੋਟ ਨਹੀਂ ਪਾਉਂਦਾ,ਰਾਜਨੀਤਕ ਪਾਰਟੀ ਨੂੰ ਵੀ ਪਾਉਂਦਾ ਹੈ, ਨੀਤੀ ਤੇ ਦੇਸ਼ ਦੇ ਹਿਤ ਵਾਲੇ ਖਾਸ ਪ੍ਰੋਗਰਾਮ ਨੂੰ ਵੋਟ ਪਾਉਂਦਾ ਹੈ। ਇਸ ਲਈ ਕਿਸੇ ਚੁਣੇ ਹੋਏ ਪ੍ਰਤੀਨਿਧ ਦਾ ਅਜਿਹਾ ਹੱਕ ਨਹੀਂ ਮੰਨਿਆ ਜਾ ਸਕਦਾ ਕਿ ਉਹ ਇਨ੍ਹਾਂ ਮੁੱਦਿਆਂ ਨੂੰ ਆਪਣੇ ਵੋਟਰਾਂ ਦੀ ਮਰਜ਼ੀ ਦੇ ਖ਼ਿਲਾਫ਼ ਬਦਲ ਦੇਵੇ।



ਹੁਣ ਜਦੋਂ ਪਾਰਟੀਆਂ ਨੇ ਹੀ ਆਪਣੀਆਂ ਨੀਤੀਆਂ ਤੇ ਪ੍ਰੋਗਰਾਮ ਧੁੰਦਲੇ ਕਰ ਲਏ ਹਨ ਤਾਂ ਦਲ ਬਦਲੀ ਕਾਨੂੰਨ ਦਾ ਨੈਤਿਕ ਆਧਾਰ ਖ਼ਤਮ ਹੋ ਗਿਆ ਹੈ। ਇਹ ਬਹੁਤ ਲੋਕਾਂ ਵਾਸਤੇ ਮਜਬੂਰੀ ਦਾ ਅੜਿੱਕਾ ਬਣ ਗਿਆ ਤੇ ਇਸ ਦੇ ਕਈ ਤੋੜ ਵੀ ਲੱਭ ਲਏ ਹਨ। ਜਨਤਾ ਪਾਰਟੀ ਦੇ ਗਠਨ ਅਤੇ ਬਿਖਰਨ ਨੇ ਵੀ ਬਿਨਾਂ ਨੀਤੀ ਤੋਂ ਪਾਰਟੀਆਂ ਦੀ ਆਮਦ ਕਾਇਮ ਕੀਤੀ। ਜਨਤਾ ਦਲ ਦੇ ਬਿਖਰਾਓ ਵਿੱਚੋਂ ਹੀ ਪੁਰਾਣੀ ਜਨ ਸੰਘ ਦਾ ਭਾਰਤੀ ਜਨਤਾ ਪਾਰਟੀ ਦੇ ਨਾਮ 'ਤੇ ਗਠਨ ਹੋਇਆ ਜਿਸ ਨੇ ਜਲਦੀ ਹੀ ਆਪਣੇ ਆਪ ਨੂੰ ਜਨ ਸੰਘ ਦੀ ਵਿਰਾਸਤ ਮੰਨ ਲਿਆ। ਇਸ ਬਿਖਰਾਓ ਵਿੱਚੋਂ ਕਈ ਖੇਤਰੀ ਪਾਰਟੀਆਂ ਨਿਕਲੀਆਂ ਜਿਨ੍ਹਾਂ ਵਿੱਚੋਂ ਕੁਝ ਨੇ ਸਮਾਜਵਾਦੀ ਨਾਮ ਅਪਣਾਇਆ। ਇਹ ਸਮਾਜਵਾਦ ਕਿਹੜਾ ਹੈ, ਮਾਰਕਸ ਵਾਲਾ ਜਾਂ ਨਹਿਰੂ ਦਾ ਜਮਹੂਰੀ ਸਮਾਜਵਾਦ, ਇਸ ਦੀ ਕੋਈ ਜਾਣਕਾਰੀ ਨਹੀਂ। ਫ਼ਿਰ ਵੀ ਇਹ ਸਮਾਜਵਾਦ ਵੱਡੀ ਸਰਮਾਏਦਾਰੀ ਦੀ ਚੜ੍ਹਤ ਦੇ ਵਿਰੁੱਧ ਹੈ, ਗਰੀਬ ਲੋਕਾਂ ਦੇ ਉਥਾਨ ਦਾ ਹਾਮੀ ਹੈ ਤੇ ਫ਼ਿਰਕਾਪ੍ਰਸਤੀ ਦੇ ਵੀ ਵਿਰੋਧ ਵਿੱਚ ਹੈ ਪਰ ਇਹ ਪਾਰਟੀਆਂ ਆਪਣੇ ਸਮਾਜਵਾਦ ਦੀ ਰੂਪ ਰੇਖਾ ਉਲੀਕਣ ਤੋਂ ਅਸਮਰੱਥ ਹਨ।

ਕੁੱਲ ਮਿਲਾ ਕੇ ਅੱਜ ਬਹੁਤੀਆਂ ਪਾਰਟੀਆਂ ਕੋਲ ਉਨ੍ਹਾਂ ਦੀਆਂ ਨੀਤੀਆਂ ਤੇ ਪ੍ਰੋਗਰਾਮਾਂ ਦੇ ਕੋਈ ਦਸਤਾਵੇਜ਼ ਹੀ ਨਹੀਂ, ਕਿਤਾਬਚੇ ਨਹੀਂ ਹਨ। ਜ਼ਿਆਦਾਤਰ ਸਿਰਫ਼ ਚੋਣ ਮੈਨੀਫ਼ੈਸਟੋ ਮਿਲਦੇ ਹਨ ਜਿਨ੍ਹਾਂ ਵਿੱਚ ਲੋਕਾਂ ਨੂੰ ਦੇਣ ਵਾਲੇ ਆਰਥਿਕ ਲਾਭਾਂ ਦੇ ਇਕਰਾਰ ਹੁੰਦੇ ਹਨ। ਸ਼ਾਇਦ ਸਿਰਫ਼ ਵੱਖ-ਵੱਖ ਨਾਵਾਂ ਦੀਆਂ ਕਮਿਊਨਿਸਟ ਪਾਰਟੀਆਂ ਹੀ ਹਨ ਜੋ ਆਪਣੀਆਂ ਜਥੇਬੰਦਕ ਕਾਨਫ਼ਰੰਸਾਂ ਵਿੱਚ ਰਾਜਨੀਤਕ ਪ੍ਰਸਤਾਵ ਤੇ ਪ੍ਰੋਗਰਾਮਾਂ 'ਤੇ ਬਹਿਸਾਂ ਕਰਦੀਆਂ ਹਨ। ਰਾਜਨੀਤਕ ਪਾਰਟੀਆਂ ਦੀਆਂ ਨਿਰਧਾਰਤ ਅਤੇ ਮੂਲ ਨੀਤੀਆਂ ਦਾ ਆਧਾਰ ਧੁੰਦਲਾ ਹੋਣ ਨਾਲ ਸਿਰਫ਼ ਵਿਅਕਤੀਗਤ ਦਲ ਬਦਲੀਆਂ ਹੀ ਨਹੀਂ, ਥੋਕ ਦਲ ਬਦਲੀਆਂ ਹੋਣ ਲੱਗੀਆਂ, ਨਵੀਆਂ ਪਾਰਟੀਆਂ ਦਾ ਰੁਝਾਨ ਵਧਿਆ।

ਜਦੋਂ ਪੱਛਮੀ ਬੰਗਾਲ ਵਿੱਚ ਕਾਂਗਰਸ ਦੀ ਹੀ ਨੇਤਾ ਮਮਤਾ ਬੈਨਰਜੀ ਨੇ ਵੱਖਰੀ ਪਾਰਟੀ ਬਣਾਈ, ਉਸ ਦਾ ਨਾਮ ਤ੍ਰਿਣਮੂਲ ਕਾਂਗਰਸ ਰੱਖਿਆ ਜਿਸ ਦਾ ਮਤਲਬ ਹੁੰਦਾ ਹੈ- ਕਾਂਗਰਸ ਦੀਆਂ ਬੁਨਿਆਦੀ ਨੀਤੀਆਂ ਵਾਲੀ ਪਾਰਟੀ ਪਰ ਉਹ ਬੁਨਿਆਦੀ ਨੀਤੀਆਂ ਕੀ ਹਨ, ਕਦੇ ਵੀ ਸਪਸ਼ਟਤਾ ਨਾਲ ਦਰਜ ਨਹੀਂ ਕੀਤੀਆਂ। ਹਾਂ, ਉਸ ਨੇ ਸੀ.ਪੀ.ਐੱਮ. ਦੀ ਲੰਮੀ ਚੱਲਦੀ ਸਰਕਾਰ ਤੋਂ ਲੋਕਾਂ ਦੇ ਅਕੇਵੇਂ ਤੇ ਨਵੀਆਂ ਉਮੀਦਾਂ ਦੇ ਸਹਾਰੇ ਜਿੱਤ ਦਰਜ ਕਰਵਾ ਲਈ। ਇਸੇ ਤਰ੍ਹਾਂ ਜਦੋਂ ਕਾਂਗਰਸ ਦੇ ਕੇਂਦਰੀ ਨੇਤਾ ਸ਼ਰਦ ਪਵਾਰ ਨੇ ਵੱਖਰੇ ਹੋ ਕੇ ਰਾਸ਼ਟਰਵਾਦੀ ਕਾਂਗਰਸ ਬਣਾਈ ਤਾਂ ਉਹ ਵੀ ਨਹੀਂ ਸਮਝਾ ਸਕੇ ਕਿ ਪਹਿਲੀ ਕਾਂਗਰਸ ਕਿਵੇਂ ਰਾਸ਼ਟਰਵਾਦੀ ਨਹੀਂ ਰਹਿ ਗਈ ਸੀ। ਅਸਲ ਵਿੱਚ ਸਵਾਲ ਸਿਰਫ਼ ਮਹਾਰਾਸ਼ਟਰ ਦੀ ਲੀਡਰਸ਼ਿਪ ਦਾ ਸੀ।

ਬਾਲ ਠਾਕਰੇ ਦੀ ਸ਼ਿਵ ਸੈਨਾ ਸ਼ੁਰੂ ਤੋਂ ਹੀ ਹਿੰਦੂਤਵ ਦੇ ਮਾਮਲੇ ਉਪਰ ਜਨ ਸੰਘ ਜਾਂ ਹੁਣ ਭਾਜਪਾ ਤੋਂ ਦੋ ਕਦਮ ਮੂਹਰੇ ਹੈ। ਇਹ ਐਲਾਨੀਆ ਹੀ ਹਿੰਸਾ ਤੋਂ ਗੁਰੇਜ਼ ਕਰਨ ਵਾਲੀ ਪਾਰਟੀ ਨਹੀਂ। ਇਸ ਪਾਰਟੀ ਨਾਲ ਹੁਣ ਚੋਣ ਗੱਠਜੋੜ ਕਾਂਗਰਸ ਦਾ ਵੀ ਹੈ ਤੇ ਰਾਸ਼ਟਰੀ ਕਾਂਗਰਸ ਦਾ ਵੀ। ਇੱਕ ਵਾਰ ਸੱਤਰਵਿਆਂ ਵਿੱਚ ਵੀ ਕਾਂਗਰਸ ਨੇ ਸ਼ਿਵ ਸੈਨਾ ਨਾਲ ਗੱਠਜੋੜ ਕੇ ਕਰ ਕੇ ਮੁੰਬਈ ਦੀ ਪਾਰਲੀਮੈਂਟ ਦੀ ਜਿਮਨੀ ਚੋਣ ਲੜੀ ਸੀ। ਪਾਰਟੀ ਹਾਰ ਗਈ ਸੀ ਤੇ ਉੱਥੋਂ ਭਾਰਤੀ ਕਮਿਊਨਿਸਟ ਪਾਰਟੀ ਦੀ ਰੋਜ਼ਾ ਦੇਸ਼ਪਾਂਡੇ ਜਿੱਤੀ ਸੀ। ਇਸ ਬਾਰੇ ਕਾਂਗਰਸ ਦੇ ਇੱਕ ਨੇਤਾ ਦੀ ਟਿੱਪਣੀ ਸੀ ਕਿ ਕਾਂਗਰਸ ਹਾਰ ਗਈ ਹੈ ਪਰ ਕਾਂਗਰਸ ਦੀਆਂ ਬੁਨਿਆਦੀ ਨੀਤੀਆਂ ਦੀ ਜਿੱਤ ਹੋਈ ਹੈ। ਇਸ ਤਰ੍ਹਾਂ ਜਦੋਂ ਨੀਤੀਆਂ ਦੇ ਤਿੱਖੇ ਵਿਰੋਧ ਵਾਲੀਆਂ ਪਾਰਟੀਆਂ ਚੋਣ ਗੱਠਜੋੜ ਕਰਦੀਆਂ ਹਨ ਤਾਂ ਦਲ ਬਦਲੀਆਂ ਜੱਗੋਂ ਪਾਹਰੀ ਨਹੀਂ ਰਹਿ ਜਾਂਦੀਆਂ। ਇਹ ਵਿਅਕਤੀਗਤ ਵੀ ਹੋ ਰਹੀਆਂ ਹਨ ਤੇ ਸਮੂਹਿਕ ਵੀ, ਪਾਰਟੀਆਂ ਦੇ ਵੱਡੇ ਗਰੁੱਪ ਵੀ ਪਾਸਾ ਪਲਟ ਰਹੇ ਹਨ ਤੇ ਪੂਰੀਆਂ ਪਾਰਟੀਆਂ।

ਜਦੋਂ ਪਾਸਾ ਪਲਟੀਆਂ ਦੀ ਗੱਲ ਕਰਾਂਗੇ ਤਾਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਨਾਮ ਲਏ ਬਗੈਰ ਨਹੀਂ ਚੱਲ ਸਕਦਾ। ਉਨ੍ਹਾਂ ਦੀ ਹੁਣ ਵਾਲੀ ਆਖਿਰੀ ਤੋਂ ਪਹਿਲੀ ਪਲਟੀ ਵੇਲੇ ਜਦੋਂ ਉਹ ਭਾਜਪਾ ਦਾ ਸਾਥ ਛੱਡ ਕੇ ਲਾਲੂ ਪ੍ਰਸਾਦ ਯਾਦਵ ਦੀ ਪਾਰਟੀ ਨਾਲ ਰਲੇ ਸਨ ਤਾਂ ਬਿਆਨ ਦਿੱਤਾ ਸੀ ਕਿ ਸਮਾਜਵਾਦੀ ਵਿਚਾਰਾਂ ਦੀਆਂ ਪਾਰਟੀਆਂ ਇਕੱਠੀਆਂ ਹੋ ਰਹੀਆਂ ਹਨ ਤੇ ਇਨ੍ਹਾਂ ਨੂੰ ਇਕੱਠਿਆਂ ਰਹਿਣਾ ਚਾਹੀਦਾ ਹੈ। ਭਾਜਪਾ ਦਾ ਕਹਿਣਾ ਸੀ ਕਿ ਨਿਤੀਸ਼ ਕੁਮਾਰ ਦੀ ਨਿਗ੍ਹਾ ਪ੍ਰਧਾਨ ਮੰਤਰੀ ਦੀ ਕੁਰਸੀ ਉਪਰ ਹੈ, ਹੋ ਵੀ ਸਕਦੀ ਸੀ। ਉਨ੍ਹਾਂ ਪੂਰਾ ਜ਼ੋਰ ਲਗਾ ਕੇ ਵਿਰੋਧੀ ਪਾਰਟੀਆਂ ਦੀ ਜ਼ਬਰਦਸਤ ਏਕਤਾ ਬਣਾਈ ਤੇ 'ਇੰਡੀਆ' ਨਾਮ ਦਾ ਗੱਠਜੋੜ ਕਾਇਮ ਕੀਤਾ। ਹੋ ਸਕਦਾ ਹੈ, ਉਨ੍ਹਾਂ ਦੀ ਗਿਣਤੀ ਮਿਣਤੀ ਮੁਤਾਬਿਕ ਗਠਜੋੜ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਨਹੀਂ ਲਿਜਾ ਸਕਦਾ ਜਾਂ ਪਾਰਟੀ ਦੇ ਅੰਦਰੋਂ ਭਾਜਪਾ ਪੱਖੀ ਲੋਕਾਂ ਦਾ ਦਬਾਅ ਪਿਆ ਤੇ ਉਨ੍ਹਾਂ ਪਲਟੀ ਮਾਰ ਕੇ ਇਤਿਹਾਸ ਰਚ ਦਿੱਤਾ।

(**ਬਾਕੀ ਸਫ਼ਾ 27 'ਤੇ**)


TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
FUEL CARDS
NO CREDIT - NO PROBLEM
BEST CUSTOMER SERVICE
TOGETHER WE SAVE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
YOU BREAK DOWN
WE SHOW UP
24-HOUR ROADSIDE ASSISTANCE
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035

# ਸੇਵਾ, ਸਿੱਖ ਧਰਮ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਮਹਾਂਮਾਰੀਆਂ ਸਮਾਜਿਕ ਹੋਣ ਜਾਂ ਕੁਦਰਤੀ ਹੋਣ ਦਾ ਮਨੁੱਖੀ ਜੀਵਨ ਦਾ ਮੁੱਢ ਕਦੀਮ ਹਿੱਸਾ ਰਹੀਆਂ ਹਨ। ਜਿਵੇਂ ਬੱਦਲ ਦਾ ਫਟਣਾ, ਤੂਫਾਨ, ਸੁਨਾਮੀ, ਭੂਚਾਲ, ਬਿਮਾਰੀ, ਅਗਜਨੀ, ਗੈਸ ਦਾ ਰਿਸਣਾ, ਪਹਾੜਾਂ ਦਾ ਖਿਸਕਣਾ ਅਤੇ ਹੜ੍ਹ ਆਦਿ। ਅਗਸਤ 2025 ਵਿੱਚ ਪੰਜਾਬ ਦੇ ਪਿੰਡ ਨੂੰ ਭਾਰੀ ਤਬਾਹਕੁੰਨ ਹੜ੍ਹ ਦੇ ਸੰਕਟ ਦਾ ਸਾਹਮਣਾ ਕਰਨਾ ਪਿਆ। ਜੋ ਕਿ 1988 ਤੋਂ ਬਾਅਦ ਇੱਕ ਵੱਡਾ ਹੜ੍ਹ ਸੰਕਟ ਹੈ। ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਵਿੱਚ ਅਸਧਾਰਨ ਤੌਰ ’ਤੇ ਭਾਰੀ ਬਾਰਸ਼ਾਂ ਕਾਰਨ ਆਏ ਹੜ੍ਹ ਕਈ ਡੈਮਾਂ, ਜਿਵੇਂ ਪੌਂਗ ਡੈਮ, ਰਣਜੀਤ ਸਾਗਰ ਅਤੇ ਭਾਖੜਾ ਤੋਂ ਵਾਧੂ ਪਾਣੀ ਛੱਡਣ ਨਾਲ ਹੇਠਲੇ ਜ਼ਿਲ੍ਹਿਆਂ ਜਿਵੇਂ ਰਾਵੀ, ਬਿਆਸ ਅਤੇ ਸਤਲੁਜ ਦਰਿਆਵਾਂ ਦੇ ਖੇਤਰ ਵਿੱਚ ਹੜ੍ਹਾਂ ਦੀ ਮਾਰ ਤੇਜ਼ ਹੋਈ। ਸਾਰਾ ਪੰਜਾਬ ਹੜ੍ਹਾਂ ਤੋਂ ਪ੍ਰਭਾਵਿਤ ਹੋਇਆ ਹੈ। ਜਿਸ ਵਿੱਚ ਫ਼ਸਲਾਂ ਦਾ ਨੁਕਸਾਨ, ਉਜਾੜਾ ਅਤੇ ਬੁਨਿਆਦੀ ਢਾਂਚੇ ਦਾ ਵੀ ਨੁਕਸਾਨ ਹੋਇਆ ਹੈ। ਹੜ੍ਹਾਂ ਨੇ ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਪੰਜਾਬ, ਉੱਤਰਾਖੰਡ, ਅਰੁਣਾਚਲ ਪ੍ਰਦੇਸ਼, ਬਿਹਾਰ, ਛਤੀਸਗੜ੍ਹ, ਪੱਛਮੀ ਬੰਗਾਲ ਅਤੇ ਪਾਕਿਸਤਾਨ ਦੇ ਪੰਜਾਬ ਰਾਜ ਵੀ ਪ੍ਰਭਾਵਿਤ ਹੋਏ।

ਲੱਖਾਂ ਏਕੜ ਫ਼ਸਲ ਡੁੱਬ ਗਈ ਹੈ। ਲੱਖਾਂ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਕਈਆਂ ਦੀਆਂ ਜਾਨਾਂ ਗਈਆਂ ਹਨ। ਨਿਕਾਸੀ ਵਿਘਨ ਹੋਇਆ ਹੈ। ਪੰਜਾਬ ਦੀ ਇਸ ਮੁਸੀਬਤ ਵਿੱਚ ਪੰਜਾਬੀ ਨੌਜਵਾਨ, ਕਮੇਟੀਆਂ, ਰਾਜਨੀਤਿਕ ਪਾਰਟੀਆਂ, ਧਾਰਮਿਕ ਸੰਸਥਾਵਾਂ, ਨਿਹੰਗ ਜਥੇਬੰਦੀਆਂ, ਕਾਰ ਸੇਵਾ ਵਾਲੇ, ਰਾਸ਼ਟਰਪਤੀ ਪੱਧਰ ’ਤੇ ਏਜੰਸੀਆਂ ਫ਼ੌਜ ਬੀ.ਐਸ.ਐਫ ਵੱਖ- ਵੱਖ ਗੈਰ ਸਰਕਾਰੀ ਸੰਸਥਾਵਾਂ ਅਤੇ ਅਧਿਕਾਰੀ, ਪੰਜਾਬੀ ਕਲਾਕਾਰਾਂ, ਗਲੋਬਲ ਸਿੱਖਸ ਅਤੇ ਖ਼ਾਲਸਾ ਏਡ ਆਦਿ ਨੂੰ ਤਨ, ਮਨ, ਧਨ ਨਾਲ ਅੱਗੇ ਹੋ ਕੇ ਸੇਵਾ ਕੀਤੀ ਹੈ। ਸਾਂਝੇ ਯਤਨਾਂ ਵਿੱਚ ਲੋਕਾਂ ਨੂੰ ਸੁਰੱਖਿਅਤ ਥਾਂਵਾਂ ’ਤੇ ਪਹੁੰਚਾਇਆ ਹੈ। ਰਾਹਤ ਕੈਂਪ ਲਗਾਏ ਗਏ ਹਨ। ਦੂਰ ਦੁਰਾਡੇ ਦੇ ਇਲਾਕਿਆਂ ਵਿੱਚ ਭੋਜਨ ਅਤੇ ਦਵਾਈਆਂ ਪਹੁੰਚਾਉਣ ਲਈ ਡਰੋਨ ਭੇਜੇ ਗਏ ਹਨ। ਪੀਣ ਵਾਲਾ ਪਾਣੀ, ਰਾਸ਼ਨ, ਦਵਾਈਆਂ ਡਾਕਟਰੀ ਸਹਾਇਤਾ, ਪਸ਼ੂਆਂ ਲਈ ਚਾਰਾ ਵਰਗੀਆਂ ਜ਼ਰੂਰੀ ਵਸਤੂਆਂ ਦਾ ਪ੍ਰਬੰਧ ਕੀਤਾ ਗਿਆ ਹੈ। ਭਾਵੇਂ ਕੇਂਦਰ ਅਤੇ ਰਾਜ ਸਰਕਾਰਾਂ ਮੁਆਵਜ਼ਾ ਦੇਣ ਦਾ ਵਾਅਦਾ ਕਰ ਰਹੀਆਂ ਹਨ, ਪਰ ਆਪਸੀ ਸਾਂਝੀਵਾਲਤਾ ਅਤੇ ਸਹਿਯੋਗ ਨਾਲ ਪੰਜਾਬ ਦੇ ਮੁੜ ਪਰਤ ਆਉਣ ਮੁੜ ਖੜੇ ਹੋਣ ਦੀ ਉਮੀਦ ਬਣੀ ਹੈ। ਭਾਵੇਂ ਮੁੜ ਵਸੇਬੇ ਲਈ ਹੋਰ ਚੁਣੌਤੀਆਂ ਅਤੇ ਯਤਨਾਂ ਦੀ ਲੋੜ ਹੈ।

ਸਿੱਖ ਧਰਮ ਵਿੱਚ ਸੇਵਾ ਦਾ ਬੜਾ ਮਹੱਤਵ ਹੈ। ਸਿੱਖ ਧਰਮ ਦੀ ਸਥਾਪਨਾ ਸਰਬਤ ਦਾ ਭਲਾ ਸਿੱਧਾਂਤ ਨਾਲ ਕੀਤੀ ਗਈ ਹੈ। ਸਭ ਦੇ ਸਾਂਝੇ ਭਲੇ ਲਈ ਕੰਮ ਪਰਮਾਤਮਾ ਪ੍ਰਤੀ ਸ਼ਰਧਾ ਵਜੋਂ ਸਾਰੀ ਮਨੁੱਖਤਾ ਦੀ ਸੇਵਾ ਅਤੇ ਉੱਨਤੀ ਲਈ ਕੰਮ ਕਰਨਾ ਸਿੱਖ ਕਦਰਾਂ ਕੀਮਤਾਂ ਨੂੰ ਦਰਸਾਉਂਦੀ ਹੈ। ਸੇਵਾ ਦਾ ਅਰਥ ਨਿਰਸਵਾਰਥ ਸੇਵਾ ਹੈ। ਸੰਸਕ੍ਰਿਤ ਦੇ ਮੂਲ ਸ਼ਬਦ ਸੇਵ ਦਾ ਅਰਥ ਹੈ ਸੇਵਾ ਕਰਨਾ। ਸੇਵਾ ਤਨ,ਮਨ ਅਤੇ ਧਨ ਨਾਲ ਕੀਤੀ ਜਾਂਦੀ ਹੈ। ਮਨੁੱਖਤਾ ਦੀ ਸੇਵਾ ਸਿੱਖੀ ਦਾ ਆਦਰਸ਼ ਹੈ। ਸੇਵਾ ਜੀਵਨ ਸ਼ੈਲੀ ਦਾ ਇੱਕ ਮਹੱਤਵਪੂਰਨ ਅੰਗ ਹੈ। ਸੇਵਾ ਵਿੱਚ ਇੱਕ ਵਿਅਕਤੀ ਕਿਸੇ ਵੀ ਭੌਤਿਕ ਤਰੀਕੇ ਨਾਲ ਬਿਨਾ ਮੁਆਵਜ਼ਾ ਦੇ ਦੂਜਿਆਂ ਲਈ ਜਾਂ ਕਿਸੇ ਸਾਂਝੇ ਉਦੇਸ਼ ਲਈ ਕੰਮ ਕਰਦਾ ਹੈ।

ਪੁਰਾਣੇ ਸਮਿਆਂ ਵਿੱਚ ਜਦ ਸਿਹਤ ਸਹੂਲਤਾਂ ਘੱਟ ਸਨ। ਚੰਗੇ ਇਲਾਜ ਉਪਲਬਧ ਨਹੀਂ ਸਨ। ਦਵਾ ਨਾਲ ਦੁਆਵਾਂ ਦਾ ਅਸਰ ਹੀ ਸਹਾਰਾ ਸੀ। ਧਾਰਮਿਕ ਉਪਦੇਸ਼ ਅਰਾਮ ਦਾ ਧਰਵਾਸ ਦਿੰਦੇ ਸਨ। ਸਿੱਖ ਧਰਮ ਵਿੱਚ ਮਹਾਂਮਾਰੀ ਨਾਲ ਨਜਿੱਠਣ ਲਈ ਸੇਵਾ ਦਾ ਸਿੱਧਾਂਤ ਹੈ। ਮੱਧ ਕਾਲੀਨ ਯੁੱਗ ਵਿੱਚ ਦੱਖਣੀ ਏਸ਼ੀਆ ਦੇ ਪੰਜਾਬ ਖ਼ਿੱਤੇ ਵਿੱਚ ਸਿੱਖ ਧਰਮ ਦੇ ਗੁਰੂ ਸਾਹਿਬਾਨ ਜੀ ਨੇ ਮਨੁੱਖਤਾ ਦੀ ਸੇਵਾ ਲਾਚਾਰ ਅਤੇ ਬਿਮਾਰਾਂ ਦੀ ਸੇਵਾ, ਆਫ਼ਤ ਵਿੱਚ ਘਿਰੇ, ਲੋਕਾਂ ਦੀ ਸੇਵਾ ਦੇਖ ਭਾਲ, ਨਿੱਜੀ ਸਵਾਰਥ ਤੋਂ ਉਪਰ ਉਠ ਕੇ ਸੇਵਾ ਕਰਨ ਦਾ ਉਪਦੇਸ਼ ਦਿੱਤਾ। ਸੇਵਾ ਦੀ ਭਾਵਨਾ ਨੂੰ ਮੁਕਤੀ ਨਾਲ ਜੋੜ ਦਿੱਤਾ। ਇਸ ਤਰ੍ਹਾਂ ਸਿਹਤਮੰਦ ਸਮਾਜ ਦੀ ਉਸਾਰੀ ਕੀਤੀ। ਅਜੋਕੇ ਸਮੇਂ ਵਿੱਚ ਵੀ ਗੁਰੂ ਸਾਹਿਬਾਨ ਦੀ ਸਿੱਖਿਆ ਅਤੇ ਗੁਰਬਾਣੀ ਤੋਂ ਸੇਧ ਲੈ ਕੇ ਸ਼ਰਧਾਲੂਆਂ ਨੂੰ ਸੇਵਾ ਕਰਨ ਦਾ ਉਤਸ਼ਾਹ ਮਿਲਦਾ ਹੈ।

ਜਿਹੜਾ ਸੇਵਕ ਗੁਰੂ ਦੇ ਘਰ ਵਿੱਚ ਭਾਵ ਗੁਰੂ ਦੇ ਦਰ ’ਤੇ ਰਹਿੰਦਾ ਹੈ ਤੇ ਗੁਰੂ ਦਾ ਹੁਕਮ ਮਨ ਵਿੱਚ ਮੰਨਦਾ ਹੈ। ਜੋ ਆਪਣੇ ਆਪ ਨੂੰ ਵੱਡਾ ਨਹੀਂ ਜਤਾਉਂਦਾ ਹੈ। ਪ੍ਰਭੂ ਦਾ ਨਾਮ ਸਦਾ ਹਿਰਦੇ ਵਿੱਚ ਧਿਆਉਂਦਾ ਹੈ ਜੋ ਆਪਣਾ ਮਨ ਸਤਿਗੁਰ ਅੱਗੇ ਵੇਚ ਦਿੰਦਾ ਹੈ। ਭਾਵ ਗੁਰੂ ਦੇ ਹਵਾਲੇ ਕਰ ਦਿੰਦਾ ਹੈ। ਉਸ ਸੇਵਕ ਦੇ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ। ਜੋ ਸੇਵਕ ਗੁਰੂ ਦੀ ਸੇਵਾ ਕਰਦਿਆਂ ਕਿਸੇ ਫਲ ਦੀ ਖ਼ਾਹਸ਼ ਨਹੀਂ ਰੱਖਦਾ, ਉਸ ਨੂੰ ਮਾਲਿਕ ਪ੍ਰਭੂ ਮਿਲ ਪੈਂਦਾ ਹੈ। ਹੇ ਨਾਨਕ! ਉਹ ਸੇਵਕ ਸਤਿਗੁਰੂ ਦੀ ਸਿੱਖਿਆ ਲੈਂਦਾ ਹੈ, ਜਿਸ ’ਤੇ ਪ੍ਰਭੂ ਆਪਣੀ ਮਿਹਰ ਕਰਦਾ ਹੈ।

ਜਿਸ ਮਨੁੱਖ ਨੂੰ ਇਸ ਸਰੀਰ ਵਿੱਚ ਗੁਰੂ ਦਾ ਉਪਦੇਸ਼ ਅਸਰ ਕਰਦਾ ਹੈ, ਪ੍ਰਭੂ ਦੀ ਸੇਵਾ ਕਰਨ ਨਾਲ ਸਿਮਰਨ ਕਰਨ ਨਾਲ ਉਸ ਨੂੰ ਆਤਮਿਕ ਆਨੰਦ ਮਿਲਦਾ ਹੈ। ਜਗਤ ਉਸ ਨੂੰ ਨਾਸਵੰਤ ਦਿਸਦਾ ਹੈ। ਹੇ ਭਾਈ! ਦੁਨੀਆ ਵਿੱਚ ਆ ਕੇ ਪ੍ਰਭੂ ਦੀ ਸੇਵਾ ਸਿਮਰਨ ਕਰਨੀ ਚਾਹੀਦੀ ਹੈ ਤਦੋਂ ਹੀ ਉਸ ਦੀ ਹਜ਼ੂਰੀ ਵਿੱਚ ਬੈਠਣ ਨੂੰ ਥਾਂ ਮਿਲਦਾ ਹੈ। ਹੇ ਨਾਨਕ, ਆਪ ਸਿਮਰਨ ਦੀ ਬਰਕਤ ਨਾਲ ਬੇਫ਼ਿਕਰ ਹੋ ਜਾਈਦਾ ਹੈ। ਕੋਈ ਚਿੰਤਾ ਸੋਗ ਨਹੀਂ ਵਿਆਪਦਾ।

ਜਿਸ ਮਨੁੱਖ ਉੱਤੇ ਪ੍ਰਭੂ ਦੀ ਬਖਸ਼ਿਸ਼ ਹੋਵੇ, ਉਸ ਨੂੰ ਪ੍ਰਭੂ ਗੁਰੂ ਮਿਲਾਉਂਦਾ ਹੈ। ਸੇਵਾ ਵਿੱਚ ਸੁਰਤਿ ਟਿਕਾਉਂਦਾ ਹੈ।

ਹੇ ਭਾਈ ਚੁਰਾਸੀ ਲੱਖ ਜੂਨਾਂ ਤੋਂ ਬਾਅਦ ਹੁਣ ਤੈਨੂੰ ਮਨੁੱਖਾ ਜਨਮ ਮਿਲਿਆ ਹੈ। ਸਾਧ ਸੰਗਤ ਵਿੱਚ ਆ ਗੁਰੂ ਦੀ ਮਤਿ ਲੈ ਕੇ ਖ਼ਲਕਤ ਦੀ ਸੇਵਾ ਕਰਕੇ ਪਰਮਾਤਮਾ ਦਾ ਭਜਨ ਕਰ। ਗੁਰੂ ਦੀ ਦੱਸੀ ਸੇਵਾ ਬੜੀ ਔਖੀ ਹੈ। ਆਪਾ ਭਾਵ ਗਵਾ ਕੇ ਸਿਰ ਦੇਣਾ ਪੈਂਦਾ ਹੈ। ਸਤਿਗੁਰੂ ਦੇ ਹੁਕਮ ਵਿੱਚ ਤੁਰਨਾ ਬੜੀ ਔਖੀ ਕਾਰ ਹੈ। ਸਿਰ ਦੇਣਾ ਪੈਂਦਾ ਹੈ ਤੇ ਆਪਾ ਗਵਾ ਕੇ ਸੇਵਾ ਹੈ। ਜੋ ਮਨੁੱਖ ਸਤਿਗੁਰੂ ਦੀ ਸਿੱਖਿਆ ਦੁਆਰਾ ਸੰਸਾਰ ਵੱਲੋਂ ਮਰਦੇ ਹਨ, ਉਹ ਫਿਰ ਜਨਮ ਮਰਨ ਵਿੱਚ ਨਹੀਂ ਰਹਿੰਦੇ। ਉਹਨਾਂ ਦੀ ਸਾਰੀ ਸੇਵਾ ਕਬੂਲ ਪੈ ਜਾਂਦੀ ਹੈ।

ਜੋ ਮਨੁੱਖ ਅਕਲ ਹੁੰਦਿਆਂ ਵੀ ਅੰਞਾਣਾ ਬਣੇ, ਭਾਵ ਅਕਲ ਦੇ ਤ੍ਰਾਣ ਦੂਜਿਆਂ ’ਤੇ ਕੋਈ ਦਬਾਉ ਨਾ ਪਾਏ। ਜੋਰ ਹੁੰਦਿਆਂ ਕਮਜ਼ੋਰਾਂ ਵਾਂਗ ਜੀਵੇ, ਭਾਵ ਕਿਸੇ ਉੱਤੇ ਧੱਕਾ ਨਾ ਕਰੇ। ਜਦੋਂ ਕੁਝ ਵੀ ਦੇਣ ਜੋਗਾ ਨਾਂਹ ਹੋਵੇ ਤਦੋਂ ਆਪਣਾ ਹਿੱਸਾ ਵੰਡ ਦੇਵੇ। ਕਿਸੇ ਅਜਿਹੇ ਮਨੁੱਖ ਨੂੰ ਹੀ ਭਗਤ ਆਖਣਾ ਚਾਹੀਦਾ ਹੈ। ਹੇ ਭਾਈ ਪਰਮਾਤਮਾ ਆਪ ਹੀ ਕਿਸੇ ਜੀਵ ਨੂੰ ਆਤਮਿਕ ਮੌਤ ਦੇ ਰਿਹਾ ਹੈ, ਕਿਸੇ ਨੂੰ ਆਤਮਿਕ ਜੀਵਨ ਬਖ਼ਸ਼ ਰਿਹਾ ਹੈ। ਪ੍ਰਭੂ ਆਪ ਹੀ ਜੀਵਾਂ ਨੂੰ ਗੁਰੂ ਮਿਲਾਉਂਦਾ ਹੈ ਤੇ ਗੁਰੂ ਮਿਲਾ ਕੇ ਆਪਣੇ ਚਰਨਾਂ ਨਾਲ ਜੋੜਦਾ ਹੈ। ਗੁਰੂ ਦੀ ਦੱਸੀ ਸੇਵਾ ਕਰਨ ਵਾਲੇ ਨੇ ਸਦਾ ਆਤਮਿਕ ਆਨੰਦ ਮਾਣਿਆ ਹੈ। ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਆਤਮਿਕ ਅਡੋਲਤਾ ਵਿੱਚ ਲੀਨ ਰਹਿੰਦਾ ਹੈ। ਹੇ ਦਇਆ ਦੇ ਘਰ ਪ੍ਰਭੂ, ਮੈਂ ਤੈਥੋਂ ਇਹ ਮੰਗਦਾ ਹਾਂ ਕਿ ਮੈਨੂੰ ਆਪਣੇ ਦਾਸਾਂ ਦੇ ਦਾਸ ਬਣਾ ਲੈ। ਤੇਰਾ ਨਾਮ ਉਚਾਰਿਆਂ ਹੀ ਮੈਂ ਜਿਉਂਦਾ ਹਾਂ। ਤੇ ਮਾਨੋ ਨੌ ਖ਼ਜ਼ਾਨੇ ਤੇ ਧਰਤੀ ਦਾ ਰਾਜ ਪਾ ਲੈਂਦਾ ਹਾਂ। ਇਹ ਅੰਮ੍ਰਿਤ ਨਾਮ ਰੂਪ ਖ਼ਜ਼ਾਨਾ ਤੇਰੇ ਸੇਵਕਾਂ ਦੇ ਘਰ ਵਿੱਚ ਬਹੁਤ ਹੈ। ਜਦੋਂ ਮੈਂ ਉਹਨਾਂ ਦੀ ਸੰਗਤ ਵਿੱਚ ਬੈਠ ਕੇ ਆਪਣੇ ਕੰਨਾ ਨਲ ਤੇਰਾ ਜਸ ਸੁਣਦਾ ਹਾਂ ਮੈਂ ਨਿਹਾਲ ਹੋ ਜਾਂਦਾ ਹਾਂ। ਜਿਉਂ ਜਿਉਂ ਮੈਂ ਉਹਨਾਂ ਦੀ ਸੇਵਾ ਕਰਦਾ ਹਾਂ। ਮੇਰਾ ਸਰੀਰ ਪਵਿੱਤਰ ਹੁੰਦਾ ਹੈ। ਉਹਨਾਂ ਨੂੰ ਪੱਖਾ ਝੱਲ ਕੇ ਉਹਨਾਂ ਲਈ ਪਾਣੀ ਢੋਹ ਕੇ ਚੱਕੀ ਪੀਹ ਕੇ ਤੇ ਉਹਨਾਂ ਦੇ ਪੈਰ ਧੋ ਕੇ ਮੈਂ ਖੁਸ਼ ਹੁੰਦਾ ਹਾਂ। ਪਰ ਹੇ ਪ੍ਰਭੂ ਮੈਥੋਂ ਆਪਣੇ ਆਪ ਤੋਂ ਕੁਝ ਨਹੀਂ ਹੋ ਸਕਦਾ। ਤੂੰ ਹੀ ਮੇਰੇ ਵੱਲ ਮਿਹਰ ਦੀ ਨਜ਼ਰ ਨਾਲ ਤੱਕ,ਤੇ ਮੈਨੂੰ ਗੁਣ ਹੀਣ ਨੂੰ ਸੰਤਾਂ ਦੀ ਸੰਗਤ ਵਿੱਚ ਥਾਂ ਦੇਹ।

ਕਬੀਰ ਜੀ ਦਾ ਫ਼ੁਰਮਾਣ ਹੈ ਕਿ ਜਿਨ੍ਹਾਂ ਘਰਾਂ ਵਿੱਚ ਨੇਕ ਬੰਦਿਆਂ ਦੀ ਸੇਵਾ ਨਹੀਂ ਹੁੰਦੀ ਤੇ ਪਰਮਾਤਮਾ ਦੀ ਭਗਤੀ ਨਹੀਂ ਕੀਤੀ ਜਾਂਦੀ, ਉਹ ਘਰ ਭਾਵੇਂ ਕਿਤਨੇ ਹੀ ਸੁੱਚੇ ਤੇ ਸਾਫ ਰੱਖੇ ਜਾਂਦੇ ਹੋਣ ਮਸਾਣਾਂ ਵਰਗੇ ਹਨ। ਉਹਨਾਂ ਘਰਾਂ ਵਿੱਚ ਮਨੁੱਖ ਨਹੀਂ ਭੂਤਨੇ ਵੱਸਦੇ ਹਨ।

ਜੇ ਮਨੁੱਖ ਪ੍ਰਭੂ ਦੇ ਡਰ ਵਿੱਚ ਰਚ ਕੇ ਗੁਰੂ ਦੀ ਦੱਸੀ ਹੋਈ ਸੇਵਾ ਚਾਕਰੀ ਕਾਰ ਕਰੇ ਤੇ ਉਸੇ ਪ੍ਰਭੂ ਦੀ ਰਜਾ ਵਿੱਚ ਤੁਰੇ ਤਾਂ ਉਸ ਪ੍ਰਭੂ ਵਰਗਾ ਹੀ ਹੋ ਜਾਂਦਾ ਹੈ, ਜਿਸ ਨੂੰ ਇਹ ਸਿਮਰਦਾ ਹੈ। ਫਿਰ ਹੇ ਨਾਨਕ ਫਿਰ ਐਸੇ ਮਨੁੱਖ ਨੂੰ ਸਭਨੀਂ ਥਾਂਈਂ ਪ੍ਰਭੂ ਹੀ ਪ੍ਰਭੂ ਦਿਸਦਾ ਹੈ। ਉਸ ਤੋਂ ਬਿਨਾਂ ਕੋਈ ਹੋਰ ਨਹੀਂ ਦਿਸਦਾ ਤੇ ਨਾਂਹ ਕੋਈ ਹੋਰ ਆਸਰੇ ਦੀ ਥਾਂ ਦਿਸਦੀ ਹੈ।

ਜੇ ਮਨੁੱਖ ਸਤਿਗੁਰ ਦੇ ਭਾਣੇ ਵਿੱਚ ਤੁਰਨ, ਤਾਂ ਹੀ ਗੁਰੂ ਦੀ ਸੇਵਾ ਚਾਕਰੀ ਪ੍ਰਵਾਨ ਹੁੰਦੀ ਹੈ। ਜੇ ਮਨੁੱਖ ਆਪਾ ਭਾਵ ਮਿਟਾ ਕੇ ਗੁਰੂ ਦੇ ਦਰ ’ਤੇ ਜਾਵੇ ਤਾਂ ਉਹ ਅਡੋਲ ਅਵਸਥਾ ਵਿੱਚ ਟਿਕਿਆ ਰਹਿੰਦਾ ਹੈ। ਹੇ ਨਾਨਕ! ਅਜਿਹੇ ਬੰਦਿਆਂ ਨੂੰ ਪ੍ਰਭੂ ਦਾ ਨਾਮ ਨਹੀਂ ਭੁੱਲਦਾ। ਉਹ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿੱਚ ਜੁੜੇ ਰਹਿੰਦੇ ਹਨ।


ਹੇ ਨਾਨਕ! ਗੁਰੂ ਦੀ ਦੱਸੀ ਸੇਵਾ ਭੀ ਉਹੀ ਮਨੁੱਖ ਕਰਦਾ ਹੈ, ਜਿਸ ਪਾਸੋਂ ਪਰਮਾਤਮਾ ਆਪ ਹੀ ਕਰਾਂਦਾ ਹੈ। ਨਹੀਂ ਤਾਂ ਇਹ ਮਾਇਆ ਦਾ ਮੋਹ ਬੜਾ ਪ੍ਰਬਲ ਹੈ। ਆਪਾ ਭਾਵ ਗਵਾਇਆ ਹੀ ਇਸ ਤੋਂ ਖ਼ਲਾਸੀ ਹੁੰਦੀ ਹੈ। ਜਿਹੜਾ ਮਨੁੱਖ ਸਿਰ ਗੁਰੂ ਦੇ ਹਵਾਲੇ ਕਰਦਾ ਹੈ। ਉਹ ਪਰਮਾਤਮਾ ਦੀ ਹਜ਼ੂਰੀ ਵਿੱਚ ਆਦਰ ਮਾਣ ਪ੍ਰਾਪਤ ਕਰਦਾ ਹੈ।

ਜੇ ਕੋਈ ਮਨੁੱਖ ਚਿਤ ਲਾ ਕੇ ਸੇਵਾ ਕਰੇ ਤਾਂ ਸਤਿਗੁਰੂ ਦੀ ਦੱਸੀ ਸੇਵਾ ਜਰੂਰ ਫਲ ਲਾਉਂਦੀ ਹੈ। ਮਨ ਇੱਛਿਆ ਫਲ ਮਿਲਦਾ ਹੈ। ਅਹੰਕਾਰ ਮਨ ਵਿੱਚੋਂ ਦੂਰ ਹੁੰਦਾ ਹੈ। ਗੁਰੂ ਦੀ ਦੱਸੀ ਕਾਰ, ਮਾਇਆ ਦੇ ਬੰਧਨਾਂ ਨੂੰ ਤੋੜ ਦੀ ਹੈ। ਬੰਧਨਾਂ ਤੋਂ ਖ਼ਲਾਸੀ ਹੋ ਜਾਂਦੀ ਹੈ ਤੇ ਸੱਚੇ ਹਰੀ ਵਿੱਚ ਮਨੁੱਖ ਸਮਾਇਆ ਰਹਿੰਦਾ ਹੈ।

ਅੰਤਿਕਾ : ਹੇ ਨਾਨਕ! ਪ੍ਰਭੂ ਦੇ ਦਰ ’ਤੇ ਆਈ ਹੇ ਮੇਰੇ ਮਾਲਕ! ਜੇ ਕੋਈ ਗੁਰਮੁਖਿ ਮੈਨੂੰ ਤੇਰੀ ਕੋਈ ਗੱਲ ਸੁਣਾਵੇ ਤਾਂ ਮੈਂ ਉਸ ਅੱਗੇ ਕਿਹੜੀ ਭੇਂਟ ਧਰਾਂ। ਆਪਣਾ ਸਿਰ ਵੱਢ ਕੇ ਮੈਂ ਉਸ ਦੇ ਬੈਠਣ ਲਈ ਆਸਣ ਬਣਾ ਦਿਆਂ ਭਾਵ ਆਪਾ ਭਾਵ ਦੂਰ ਕਰਕੇ ਮੈਂ ਉਸ ਦੀ ਸੇਵਾ ਕਰਾਂ। ਜਦੋਂ ਸਾਡਾ ਪ੍ਰਭੂ ਪਤੀ ਸਾਡੀ ਮੂਰਖਤਾ ਦੇ ਕਾਰਨ, ਸਾਥੋਂ ਉਪਰਾ ਹੋ ਜਾਵੇ ਤਾਂ ਉਸ ਨੂੰ ਮੁੜ ਆਪਣਾ ਬਨਾਣ ਲਈ ਇਹੀ ਇੱਕ ਤਰੀਕਾ ਹੈ ਕਿ ਅਸੀਂ ਆਪਾ ਭਾਵ ਮਾਰ ਦੇਈਏ, ਤੇ ਆਪਣੀ ਜਿੱਦ ਉਸ ਤੋਂ ਸਦਕੇ ਕਰ ਦੇਈਏ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com ’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

WEBSITE DESIGN & DEVELOPMENT
Basic Web packages are available on comparatively economical rates we work as per your requirement and charge only according to work
Services
Web Development
Web Designing
Seo Services
Web Re-Design
Technical Support
Logo Design
ਛੋਟੇ/ਵੱਡੇ ਬਿਜ਼ਨਸ, ਐਨ.ਜੀ.ਓ. ਰੇਡਿਓ ਸਟੇਸ਼ਨ ਅਤੇ ਖ਼ਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ ਈ ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
wma WEB MEDIA ART
Mob: +91-8437636421
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ
webmediaart24@gmail.com www. Webmediaart.com








# ਕਿਵੇਂ ਰੋਕੇ ਜਾਣ ਔਰਤਾਂ ਖ਼ਿਲਾਫ਼ ਜ਼ੁਰਮ?

ਡਾ. ਅਰਵਿੰਦਰ ਕੌਰ ਕਾਕੜਾ

ਸਾਡਾ ਸਮਾਜ ਜਮਾਤੀ ਹੈ ਜਿਸ ਵਿੱਚ ਅਮੀਰੀ ਗ਼ਰੀਬੀ ਤੇ ਜਾਤ ਪਾਤ ਦਾ ਕੋਹੜ ਤਾਂ ਹੈ, ਨਾਲ ਹੀ ਪਿਤਰਕੀ ਸੋਚ ਵੀ ਗਹਿਰੇ ਰੂਪ ਵਿੱਚ ਸਮਾਜਿਕ ਜੜ੍ਹਾਂ ਜਮਾਈ ਬੈਠੀ ਹੈ। ਇਸੇ ਕਾਰਨ ਔਰਤ ਨੂੰ ਮਰਦ ਦੇ ਮੁਕਾਬਲੇ ਦੂਜਾ ਦਰਜਾ ਦਿੱਤਾ ਗਿਆ ਹੈ। ਔਰਤਾਂ ਦੇ ਦਮਨ ਅਤੇ ਵਿਤਕਰੇ ਨੂੰ ਰੋਜ਼ਮੱਰਾ ਜ਼ਿੰਦਗੀ ਵਿਚੋਂ ਪਛਾਣਿਆ ਜਾ ਸਕਦਾ ਹੈ ਜਿਸ ਦੇ ਅਨੇਕ ਪੱਖ ਇਸ ਪਿਤਰਕੀ ਸੱਤਾ ਦੀ ਪੈਦਾਵਾਰ ਹਨ। ਔਰਤ ਨੂੰ ਬੌਧਿਕ ਤੌਰ 'ਤੇ ਮਰਦ ਬਰਾਬਰ ਨਹੀਂ ਸਮਝਿਆ ਜਾਂਦਾ। ਔਰਤ ਮਰਦ ਇੱਕ ਦੂਜੇ ਦੇ ਪੂਰਕ ਹੁੰਦੇ ਹੋਏ ਸਮਾਜ ਦੇ ਵਿਕਾਸ ਵਿੱਚ ਬਰਾਬਰ ਦਾ ਯੋਗਦਾਨ ਪਾ ਰਹੇ ਹਨ। ਸੰਵਿਧਾਨਕ ਤੌਰ 'ਤੇ ਤਾਂ ਭਾਵੇਂ ਔਰਤ ਨੂੰ ਕਈ ਹੱਕ ਪ੍ਰਾਪਤ ਹਨ ਪਰ ਅਸਲ ਵਿੱਚ ਸਥਿਤੀ ਕੁਝ ਹੋਰ ਹੈ। ਘਰ ਤੋਂ ਸ਼ੁਰੂ ਹੋ ਕੇ ਪੜ੍ਹਾਈ, ਨੌਕਰੀ ਅਤੇ ਸਮਾਜ ਵਿੱਚ ਉਸ ਨੂੰ ਆਰਥਿਕ, ਸਰੀਰਕ ਅਤੇ ਮਾਨਸਿਕ ਤੇ ਲਿੰਗਕ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਅੱਜ ਸਥਿਤੀ ਇਹ ਹੈ ਕਿ ਔਰਤਾਂ/ਕੁੜੀਆਂ ਨਾਲ ਹੋ ਰਹੀਆਂ ਜਬਰ ਜਨਾਹ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ।

ਔਰਤ ਨੂੰ ਨੀਵਾਂ ਦਿਖਾਉਂਦਿਆਂ ਗੀਤ ਵਿੱਚ ਭੇਡ ਕਿਹਾ ਗਿਆ ਤੇ ਕਿਤੇ ਡਾਂਸਰ ਕੁੜੀ ਦੀ ਅਸਹਿਮਤੀ 'ਤੇ ਮਰਦਾਵੀਂ ਹੈਂਕੜ ਸ਼ਰਾਬ ਦਾ ਗਲਾਸ ਉਸ ਵੱਲ ਵਗ੍ਹਾ ਮਾਰਦੀ ਹੈ। ਵਧ ਰਹੇ ਬਲਾਤਕਾਰ, ਕਿਤੇ ਅਣਖ ਦੇ ਨਾਂ 'ਤੇ ਕਤਲ ਸਮਾਜ ਦੇ ਮੂੰਹ 'ਤੇ ਦਾਗ਼ ਹਨ। ਅਜਿਹੀਆਂ ਘਟਨਾਵਾਂ ਲਈ ਜਿੱਥੇ ਜਗੀਰੂ ਮਾਨਸਿਕਤਾ ਤੇ ਮਰਦਾਵੀਂ ਸੱਤਾ ਜ਼ਿੰਮੇਵਾਰ ਹੈ, ਉਥੇ ਦੇਸ਼ ਦੇ ਹਾਕਮ ਵੀ ਔਰਤਾਂ ਖ਼ਿਲਾਫ਼ ਹੋ ਰਹੇ ਅਪਰਾਧਾਂ ਨੂੰ ਰੋਕਣ ਵਿੱਚ ਅਸਫਲ ਰਹੇ ਹਨ। ਇਹ ਪ੍ਰਬੰਧ ਔਰਤਾਂ ਨੂੰ ਸੁਰੱਖਿਅਤ ਮਾਹੌਲ ਦੇਣ ਵਿੱਚ ਨਾਕਾਮ ਰਿਹਾ ਹੈ ਜਿਸ ਕਾਰਨ ਔਰਤਾਂ ਖ਼ਿਲਾਫ਼ ਜ਼ੁਲਮ ਵਧ ਰਿਹਾ ਹੈ।

ਅਸਲ ਵਿੱਚ ਔਰਤ ਨੂੰ ਮਹਿਜ਼ ਭੋਗ ਦੀ ਵਸਤੂ ਸਮਝਿਆ ਜਾ ਰਿਹਾ ਹੈ। ਮੰਡੀ ਸੱਭਿਆਚਾਰ ਨੇ ਤਾਂ ਕੁੜੀ ਨੂੰ ਨੁਮਾਇਸ਼ ਦੀ ਵਸਤ ਬਣਾ ਕੇ ਉਸ ਦਾ ਬਿੰਬ ਹੋਰ ਵਿਗਾੜ ਦਿੱਤਾ ਹੈ। ਜਦੋਂ ਵੀ ਕੋਈ ਲੜਾਈ, ਦੰਗਾ ਹੋਵੇ ਜਾਂ ਬਦਲਾ ਲੈਣਾ ਹੋਵੇ ਤਾਂ ਔਰਤ ਨਾਲ ਜ਼ਿਆਦਤੀ ਕੀਤੀ ਜਾਂਦੀ ਹੈ। ਉਂਝ ਵੀ ਸਮਾਜ ਦਾ ਨਜ਼ਰੀਆ ਇਹ ਬਣਿਆ ਹੋਇਆ ਹੈ ਕਿ ਔਰਤ ਤੇ ਮਰਦ ਦੋਹਾਂ ਦੇ ਕਸੂਰਵਾਰ ਹੋਣ 'ਤੇ ਦੋਸ਼ ਔਰਤ ਸਿਰ ਮੜ੍ਹਿਆ ਜਾਂਦਾ ਹੈ। ਅਣਖ ਦੇ ਨਾਂ 'ਤੇ ਹੋ ਰਹੇ ਕਤਲ ਵੀ ਜ਼ਿਆਦਾਤਰ ਔਰਤ ਕੇਂਦਰਿਤ ਹਨ। ਇਸ ਸਮਾਜ ਨੇ ਅਣਖ ਦਾ ਸਵਾਲ ਵੀ ਔਰਤ ਨਾਲ ਜੋੜ ਦਿੱਤਾ ਹੈ।


ਅਣਖ ਦੇ ਵੀ ਦੋ ਵੱਖੋ-ਵੱਖਰੇ ਅਰਥ ਹਨ। ਉਦੋਂ ਅਣਖ ਗੌਰਵ ਦਾ ਪ੍ਰਤੀਕ ਬਣਦੀ ਹੈ ਜਦੋਂ ਬੰਦਾ ਸਮੂਹਿਕ ਹਿੱਤਾਂ ਲਈ ਕਾਰਵਾਈ ਕਰਦਾ ਹੋਇਆ ਮਨੁੱਖੀ ਲੁੱਟ ਦੇ ਖ਼ਿਲਾਫ਼ ਖੜ੍ਹਦਾ ਹੈ। ਅਜਿਹੇ ਅਣਖੀ ਮਨੁੱਖ ਦੀ ਸਮਾਜ ਵਿੱਚ ਇੱਜ਼ਤ ਵਧਦੀ ਹੈ। ਜਦ ਅਣਖ ਤੇ ਇੱਜ਼ਤ ਦਾ ਸੰਕਲਪ ਘਰ, ਪਰਿਵਾਰ, ਘਰਾਣੇ, ਜਾਤ, ਧਰਮ ਤੋਂ ਪੈਦਾ ਹੰਕਾਰ ਨਾਲ ਜੁੜਦਾ ਹੈ ਤਾਂ ਮਨੁੱਖ ਅੰਦਰਲੀ ਦੁਬਿਧਾ ਬਾਹਰੀ ਰੂਪ ਵਿੱਚ ਘਾਤਕ ਬਣਦੀ ਹੈ ਜੋ ਹੈਵਾਨੀਅਤ ਵਿੱਚ ਢਲਦੀ ਗ਼ਲਤ ਠੀਕ ਦੀ ਪਛਾਣ ਭੁੱਲ ਜਾਂਦੀ ਹੈ।

ਅਸਲ ਵਿੱਚ ਅਜੋਕੇ ਮਨੁੱਖ ਦੀਆਂ ਪਦਾਰਥਕ ਰੁਚੀਆਂ ਨੇ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੱਤਾ। ਮਨੁੱਖੀ ਰਿਸ਼ਤਿਆਂ ਦੇ ਨਿਘਾਰ ਦਾ ਕਾਰਨ ਮਨੁੱਖ ਅੰਦਰੋਂ ਨੈਤਿਕ, ਸਦਾਚਾਰਕ ਕਦਰਾਂ ਕੀਮਤਾਂ ਦਾ ਖ਼ਾਤਮਾ ਹੈ। ਇੱਕ ਪਾਸੇ ਉਪਰੋਂ ਪੈ ਰਿਹਾ ਆਧੁਨਿਕਤਾ ਦਾ ਪ੍ਰਭਾਵ, ਦੂਜੇ ਪਾਸੇ ਮੱਧਯੁਗ ਦੀ ਚੱਕੀ ਵਿੱਚ ਪਿਸ ਰਹੀ ਲੁਕਾਈ ਨੇ ਗੈਰ-ਜ਼ਿੰਮੇਵਾਰਾਨਾ ਸਥਿਤੀ ਨੂੰ ਜਨਮ ਦਿੱਤਾ ਹੈ। ਅਜਿਹੇ ਹਾਲਾਤ ਵਿੱਚ ਨਵੀਂ ਤੇ ਪੁਰਾਣੀ ਪੀੜ੍ਹੀ ਦੇ ਸੋਚਣ ਵਿਚਰਨ ਦਾ ਫਾਸਲਾ ਕਈ ਘਟਨਾਵਾਂ ਨੂੰ ਜਨਮ ਦੇ ਰਿਹਾ ਹੈ। ਮਾਪੇ ਜਦੋਂ ਪਿਛਾਂਹਖਿੱਚੂ ਸੋਚ ਦੇ ਧਾਰਨੀ ਬਣਦੇ ਤੇ ਬੱਚੇ ਆਜ਼ਾਦੀ ਦੇ ਭਰਮ ਨੂੰ ਅੰਤਿਮ ਸੱਚ ਮੰਨ ਲੈਂਦੇ ਤਾਂ ਇਹ ਟਕਰਾਵੀ ਸਥਿਤੀ ਕਿਸੇ ਨਾ ਕਿਸੇ ਪਾਸੇ ਮੋੜ ਲੈਂਦੀ ਹੈ। ਜੇ ਪਿਆਰ ਵਿਆਹ ਵਿੱਚ ਦੋਹਾਂ ਧਿਰਾਂ ਦੀ ਸਹਿਮਤੀ ਬਣਦੀ ਹੈ ਤਾਂ ਅਣਸੁਖਾਵੀਂ ਘਟਨਾ ਦਾ ਡਰ ਨਹੀਂ ਰਹਿੰਦਾ। ਮਾਪਿਆਂ ਦੀ ਸਹਿਮਤੀ ਤੋਂ ਬਿਨਾਂ ਕਰਵਾਏ ਵਿਆਹ ਬਾਰੇ ਪੰਜਾਬੀ/ਭਾਰਤੀ ਸਮਾਜ ਦੁਬਿਧਾ ਵਿੱਚ ਹੈ। ਇਹ ਪਿਛਾਖੜੀ ਸੋਚ ਕਿਸੇ ਨਾਲ ਅਸਹਿਮਤੀ, ਬਦਲਾ ਲੈਣਾ, ਨੀਚਾ ਦਿਖਾਉਣ, ਬਰਬਾਦ ਕਰਨ ਆਦਿ ਕਈ ਰੂਪਾਂ ਵਿੱਚ ਪ੍ਰਗਟਦੀ ਹਿੰਸਕ ਘਟਨਾ ਤੱਕ ਪਹੁੰਚ ਜਾਂਦੀ ਹੈ। ਔਰਤ ਨੂੰ ਨਿੱਜੀ ਜਾਇਦਾਦ ਸਮਝਣ ਵਾਲਾ ਇਹ ਸਮਾਜ ਰਿਸ਼ਤੇ, ਵਿਆਹ, ਇੱਜ਼ਤ ਤੇ ਰੁਤਬੇ 'ਤੇ ਟਿਕਿਆ ਹੈ। ਪਿਆਰ ਵਿਆਹ ਪ੍ਰਤੀ ਇਸ ਸਮਾਜ ਵਿੱਚ ਅਣਖ ਦਾ ਮਸਲਾ ਬਹੁਤ ਟੇਢਾ ਹੈ। ਮਰਦਾਵੀਂ ਹੈਂਕੜ ਵਿੱਚ ਨਿਹੰਗ ਸਿੰਘ ਨੇ ਵੀ ਆਪਣੀ ਕੁੜੀ ਨੂੰ ਮਾਰ ਕੇ ਉਸ ਦੀ ਦੇਹ ਮੋਟਰ ਸਾਇਕਲ ਪਿੱਛੇ ਬੰਨ੍ਹ ਕੇ ਗਲੀਆਂ ਵਿੱਚ ਘੁਮਾਉਂਦਿਆਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਮੇਰੀ ਕੁੜੀ ਨੇ ਪਿਆਰ ਸਬੰਧਾਂ ਵਿੱਚ ਪੈ ਕੇ ਘਰ ਦੀ ਇੱਜ਼ਤ ਰੋਲ ਦਿੱਤੀ ਹੈ ਜਿਸ ਦਾ ਨਤੀਜਾ ਇਹ ਹਸ਼ਰ ਹੈ। ਕੁੜੀ ਨੂੰ ਘਰ ਦੀ ਇੱਜ਼ਤ ਨਾਲ ਬੰਨ੍ਹਣਾ ਤੇ ਇੱਜ਼ਤ ਦਾ ਸੁਆਲ ਖੜ੍ਹਾ ਕਰ ਕੇ ਬਦਲਾ ਲੈਣ ਦੀ ਘਟਨਾ ਨੂੰ ਅੰਜਾਮ ਦੇਣਾ ਜਗੀਰੂ/ਪਿਛਾਖੜੀ ਰੂੜੀਵਾਦੀ ਸੋਚ ਦੀ ਦੇਣ ਹੈ।

ਦੂਜੇ ਪਾਸੇ, ਨਵੀਂ ਪੀੜ੍ਹੀ ਖਪਤਕਾਰੀ ਸੱਭਿਆਚਾਰ ਦੇ ਪ੍ਰਭਾਵ ਹੇਠ ਆਜ਼ਾਦੀ ਦੇ ਨਾਂ 'ਤੇ ਖੁੱਲ੍ਹਾਂ ਲੈ ਰਹੀ ਹੈ। ਕਾਮੁਕਤਾ ਅਤੇ ਜਿਸਮਾਨੀ ਖਿੱਚ ਦੇ ਬੁਰੇ ਵੀ ਨਤੀਜੇ ਆ ਰਹੇ ਹਨ। ਪਿਆਰ ਵਿਆਹ ਪ੍ਰਤੀ ਸਮਾਜ ਦਾ ਦ੍ਰਿਸ਼ਟੀਕੋਣ, ਜਾਗੀਰੂ/ਪਿਛਾਖੜੀ ਮਾਨਸਿਕਤਾ, ਮਰਦਾਵੀਂ ਹੈਂਕੜ, ਔਰਤ ਦੀ ਸਥਿਤੀ ਨਾਲ ਜੁੜਿਆ ਹੋਇਆ ਹੈ।

ਇਹ ਚਿੰਤਾ ਦਾ ਵਿਸ਼ਾ ਹੈ ਕਿ ਧੀਆਂ ਭੈਣਾਂ ਅਣਖ ਤੇ ਇੱਜ਼ਤ ਨਾਲ ਬੱਝੀਆਂ ਕਿਤੇ ਵੀ ਸੁਰੱਖਿਅਤ ਨਹੀਂ। ਇਹ ਬਿਮਾਰ ਸਮਾਜ ਦੀ ਨਿਸ਼ਾਨੀ ਹੈ। ਬਿਮਾਰ ਮਾਨਸਿਕਤਾ ਔਰਤ ਦੇ ਸਰੀਰ 'ਤੇ ਹਮਲਾ ਕਰਨ ਤੋਂ ਪਹਿਲਾਂ ਠੋਸ ਨੀਂਹ ਤਿਆਰ ਕਰਦੀ ਹੈ।

(ਬਾਕੀ ਸਫ਼ਾ 27 'ਤੇ)





# ਆਧੁਨਿਕ ਯੁੱਗ 'ਚ ਵੀ ਜਾਰੀ ਹੈ ਮਹਿਲਾਵਾਂ ਨਾਲ ਵਿਤਕਰਾ

ਪ੍ਰਸ਼ਪਿੰਦਰ

ਕੌਮਾਂਤਰੀ ਕਿਰਤ ਸੰਸਥਾ ਨੇ ਰਿਪੋਰਟ ਪੇਸ਼ ਕੀਤੀ ਜਿਸ ਵਿੱਚ ਸੰਸਾਰ ਕਿਰਤ ਸ਼ਕਤੀ ਵਿੱਚ ਲਿੰਗਕ ਅਸਮਾਨਤਾ ਅਤੇ ਵੱਖ ਵੱਖ ਖੇਤਰਾਂ ਵਿੱਚ ਕੰਮ ਕਰ ਰਹੀਆਂ ਔਰਤਾਂ ਦੀ ਸਮੀਖਿਆ ਕੀਤੀ ਹੈ। ਇਸ ਰਿਪੋਰਟ ਨਾਲ ਇਹ ਹੋਰ ਸਪੱਸ਼ਟ ਹੁੰਦਾ ਹੈ ਕਿ 'ਬਰਾਬਰੀ' ਦੇ ਨਾਅਰੇ ਨਾਲ ਸੰਸਾਰ ਪੱਧਰ 'ਤੇ ਆਏ ਸਰਮਾਏਦਾਰਾ ਢਾਂਚੇ ਵਿੱਚ ਅੱਜ ਹਰ ਕੰਮ ਖੇਤਰ ਅੰਦਰ ਕਿਵੇਂ ਔਰਤਾਂ ਨਾਲ ਵਿਤਕਰਾ ਹੁੰਦਾ ਹੈ।

ਅੰਕੜਿਆਂ ਮੁਤਾਬਕ ਇਸ ਵੇਲੇ ਸੰਸਾਰ ਪੱਧਰ 'ਤੇ ਕੁੱਲ ਕਾਮਿਆਂ 'ਚ ਔਰਤਾਂ ਦੀ ਗਿਣਤੀ ਬਹੁਤ ਘੱਟ ਹੈ। ਸਿਰਫ਼ 39.5 ਫ਼ੀਸਦੀ ਔਰਤਾਂ ਹੀ ਕੰਮ 'ਤੇ ਲੱਗੀਆਂ ਹੋਈਆਂ ਹਨ। ਉੱਤਰੀ ਅਮਰੀਕਾ ਵਿੱਚ ਇਹ ਅੰਕੜਾ 30 ਫ਼ੀਸਦੀ ਅਤੇ ਦੱਖਣੀ ਏਸ਼ੀਆ ਵਿੱਚ 34 ਫ਼ੀਸਦੀ ਹੈ। ਜੇ ਆਪਾਂ ਭਾਰਤ ਦੀ ਗੱਲ ਕਰੀਏ ਤਾਂ ਭਾਵੇਂ ਰਿਪੋਰਟ 37.7 ਫ਼ੀਸਦੀ ਔਰਤਾਂ ਦੇ ਕੰਮ 'ਤੇ ਲੱਗੇ ਹੋਣ ਦੀ ਗੱਲ ਕਰਦੀ ਹੈ ਪਰ ਇਸ ਤੋਂ ਪਹਿਲਾਂ ਜਾਰੀ ਹੋਈਆਂ ਹੋਰ ਰਿਪੋਰਟਾਂ ਮੁਤਾਬਕ ਭਾਰਤ ਵਿੱਚ ਇਹ ਅੰਕੜਾ ਕਾਫ਼ੀ ਘੱਟ ਹੈ। ਔਰਤਾਂ ਦੀ ਕੁੱਲ ਕਾਮਾ ਸ਼ਕਤੀ ਵਿੱਚ ਘੱਟ ਗਿਣਤੀ ਦਰਸਾਉਂਦੀ ਹੈ ਕਿ ਕਿਵੇਂ ਬਹੁਗਿਣਤੀ ਔਰਤਾਂ ਨੂੰ ਅੱਜ ਇੱਕੀਵੀਂ ਸਦੀ ਵਿਚ ਵੀ ਘਰਾਂ ਦੀ ਰਸੋਈ ਤੱਕ ਹੀ ਸੀਮਤ ਰੱਖਿਆ ਗਿਆ ਹੈ।

ਕੁੱਲ ਕਾਮਿਆਂ ਵਿੱਚ ਔਰਤਾਂ ਦੀ ਗਿਣਤੀ ਘੱਟ ਹੋਣ ਦੇ ਕਈ ਕਾਰਨ ਹਨ। ਪਹਿਲਾ, ਸਰਮਾਏਦਾਰਾ ਪ੍ਰਬੰਧ ਸਸਤੀ ਤੋਂ ਸਸਤੀ ਕਿਰਤ ਸ਼ਕਤੀ ਚਾਹੁੰਦਾ ਹੈ ਤਾਂ ਜੋ ਇਸ ਨੂੰ ਲੁੱਟ ਕੇ ਵੱਧ ਤੋਂ ਵੱਧ ਮੁਨਾਫ਼ਾ ਕਮਾ ਸਕੇ। ਇਸੇ ਲਈ ਇਸ ਪ੍ਰਬੰਧ ਵਿੱਚ ਔਰਤਾਂ, ਬੱਚਿਆਂ, ਪਰਵਾਸੀ ਕਾਮਿਆਂ ਆਦਿ ਦੀ ਭਿਅੰਕਰ ਲੁੱਟ ਹੁੰਦੀ ਹੈ ਤੇ ਅਕਸਰ ਉਨ੍ਹਾਂ ਨੂੰ ਕਾਨੂੰਨ ਵੱਲੋਂ ਤੈਅਸ਼ੁਦਾ ਨੇਮਾਂ ਅਧੀਨ ਉਜਰਤਾਂ ਤੇ ਹੋਰ ਸਹੂਲਤਾਂ ਵੀ ਨਹੀਂ ਮਿਲਦੀਆਂ। ਭਾਰਤ ਵਿੱਚ ਵੀ ਔਰਤਾਂ, ਬਾਲ ਮਜ਼ਦੂਰਾਂ ਤੇ ਪਰਵਾਸੀ ਕਾਮਿਆਂ ਦੀ ਕਿਰਤ ਨੂੰ ਸਰਮਾਏਦਾਰਾਂ ਵੱਲੋਂ ਲੁੱਟਿਆ ਜਾਂਦਾ ਹੈ; ਦੂਜੇ ਪਾਸੇ ਗੈਰ-ਤਜਰਬੇਕਾਰ ਜਾਂ ਘੱਟ ਤਜਰਬੇਕਾਰ ਹੋਣ ਕਰ ਕੇ ਆਰਥਿਕ ਮੰਦੀ ਜਾਂ ਸੁਸਤੀ ਦਾ ਪਹਿਲਾ ਸ਼ਿਕਾਰ ਵੀ ਅਕਸਰ ਔਰਤ ਮਜ਼ਦੂਰ ਹੀ ਬਣਦੀਆਂ ਹਨ। ਕਰੋਨਾ ਕਾਲ ਤੋਂ ਬਾਅਦ ਸਪੱਸ਼ਟ ਦੇਖਿਆ ਜਾ ਸਕਦਾ ਹੈ ਕਿ ਬੇਰੁਜ਼ਗਾਰੀ ਦੀ ਵੱਧ ਮਾਰ ਔਰਤ ਮਜ਼ਦੂਰਾਂ 'ਤੇ ਪਈ ਹੈ ਤੇ ਉਹ ਕਿਰਤ ਮੰਡੀ ਵਿਚੋਂ ਬਾਹਰ ਧੱਕੀਆਂ ਗਈਆਂ ਹਨ ਪਰ ਅਜਿਹਾ ਨਹੀਂ ਕਿ ਔਰਤਾਂ ਇਸ ਨਾਲ ਵਿਹਲੀਆਂ ਹੋ ਗਈਆਂ ਸਗੋਂ ਔਰਤ, ਮਰਦ ਵਿਚਾਲੇ ਜੋ ਕੰਮ ਵੰਡ ਹੈ, ਉਸ ਸਦਕਾ ਸਮਾਜਿਕ ਪੈਦਾਵਾਰ ਵਿੱਚ ਸ਼ਾਮਿਲ ਔਰਤਾਂ ਆਪਣੀ ਕਿਰਤ ਸ਼ਕਤੀ ਦਾ ਵੱਡਾ ਹਿੱਸਾ ਅਜਿਹੇ ਕੰਮਾਂ ਵਿੱਚ ਖਰਚਦੀਆਂ ਹਨ ਜਿਨ੍ਹਾਂ ਬਦਲੇ ਉਨ੍ਹਾਂ ਨੂੰ ਕੋਈ ਭੁਗਤਾਨ ਨਹੀਂ ਕੀਤਾ ਜਾਂਦਾ। ਘਰ ਵਿੱਚ ਖਾਣਾ ਪਕਾਉਣਾ, ਬੱਚਿਆਂ, ਬਜ਼ੁਰਗਾਂ, ਘਰ ਦੀ ਸਾਂਭ ਸੰਭਾਲ ਆਦਿ ਅੱਜ ਵੀ ਉਨ੍ਹਾਂ ਦਾ ਮੁੱਖ ਕੰਮ ਸਮਝਿਆ ਜਾਂਦਾ ਹੈ। ਇੱਕ ਸਰਵੇਖਣ ਮੁਤਾਬਿਕ ਜੇ ਇਸ ਕੰਮ ਨੂੰ ਵੀ ਅਰਥਚਾਰੇ ਵਿੱਚ ਸ਼ਾਮਲ ਕੀਤਾ ਜਾਵੇ ਤਾਂ ਇਹ ਕੁੱਲ ਘਰੇਲੂ ਪੈਦਾਵਾਰ ਦਾ ਲੱਗਭੱਗ 40% ਬਣੇਗਾ। ਬਹੁਗਿਣਤੀ ਔਰਤਾਂ ਲਈ ਇਹ ਕੰਮ ਦਾ ਬੋਝ ਉਹ ਜ਼ੰਜੀਰਾਂ ਹਨ ਜੋ ਉਨ੍ਹਾਂ ਨੂੰ ਘਰ ਦੀ ਚਾਰਦੀਵਾਰੀ ਅੰਦਰ ਬੰਦ ਕਰ ਕੇ ਸਮਾਜਿਕ ਪੈਦਾਵਾਰ ਵਿੱਚ ਹਿੱਸਾ ਲੈਣ ਤੋਂ ਰੋਕਦਾ ਹੈ। ਔਰਤਾਂ ਦੀ ਕਿਰਤ ਸ਼ਕਤੀ ਵਿੱਚ ਘਟਦੀ ਹਿੱਸੇਦਾਰੀ ਦਾ ਦੂਜਾ ਕਾਰਨ ਅਜੋਕੇ ਸਰਮਾਏਦਾਰਾ ਭਾਰਤ ਵਿੱਚ ਅੱਜ ਵੀ ਔਰਤਾਂ ਪ੍ਰਤੀ ਜਗੀਰੂ ਮਾਨਸਿਕਤਾ ਦੀ ਡੂੰਘੀ ਘੁਸਪੈਠ ਹੋਣਾ ਹੈ। ਕੁੜੀ ਘਰ ਦੀ ਇੱਜ਼ਤ ਹੁੰਦੀ ਹੈ, ਬਾਹਰ ਕੰਮ ਕਰਨ ਵਾਲੀਆਂ ਔਰਤਾਂ ਚਰਿੱਤਰਹੀਣ ਬਣ ਜਾਂਦੀਆਂ ਹਨ ਜਾਂ ਵਿਗੜ ਜਾਂਦੀਆਂ ਹਨ, ਵਰਗੇ ਵਿਚਾਰ ਅੱਜ ਵੀ ਵੱਡੀ ਗਿਣਤੀ ਆਬਾਦੀ ਦੇ ਮਨਾਂ ਵਿੱਚ ਘਰ ਕਰੀ ਬੈਠੇ ਹਨ।

ਤੀਜਾ ਕਾਰਨ ਇਹ ਵੀ ਹੈ ਕਿ ਇਸ ਸਮਾਜ ਦੇ ਪੈਰ ਪੈਰ 'ਤੇ ਔਰਤਾਂ ਨੂੰ ਭੱਦੀਆਂ ਟਿੱਪਣੀਆਂ, ਛੇੜਛਾੜ ਅਤੇ ਸ਼ੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਕਰ ਕੇ ਬਹੁਤ ਸਾਰੀਆਂ ਔਰਤਾਂ ਬਹੁਤ ਸੋਚ ਵਿਚਾਰ ਕੇ ਹੀ ਕਿਤੇ ਕੰਮ ਕਰਨ ਲਈ ਤਿਆਰ ਹੁੰਦੀਆਂ ਹਨ ਅਤੇ ਕੰਮ ਕਰਨ ਲਈ ਕੁਝ ਖਾਸ ਪੇਸ਼ੇ ਹੀ ਚੁਣਦੀਆਂ ਹਨ। ਇਹ ਸਾਰੀਆਂ ਗੱਲਾਂ ਸਿਰਫ਼ ਭਾਰਤ ਵਿੱਚ ਹੀ ਨਹੀਂ ਸਗੋਂ ਛੋਟੇ ਜਾਂ ਵੱਡੇ ਰੂਪ ਵਿੱਚ ਦੁਨੀਆਂ ਦੇ ਲੱਗਭੱਗ ਸਾਰੇ ਮੁਲਕਾਂ ਵਿੱਚ ਹੀ ਦੇਖਣ ਨੂੰ ਮਿਲਦੀਆਂ ਹਨ।

ਔਰਤਾਂ ਦੀ ਘਟੀ ਹਿੱਸੇਦਾਰੀ ਦਾ ਚੌਥਾ ਕਾਰਨ ਕਰੋਨਾ ਕਾਲ ਤੋਂ ਬਾਅਦ ਦਹਿ ਲੱਖਾਂ ਦੀ ਗਿਣਤੀ ਵਿੱਚ ਕੁੜੀਆਂ ਦਾ ਪੜ੍ਹਾਈ ਛੁਡਾ ਕੇ ਉਨ੍ਹਾਂ ਨੂੰ ਜਬਰੀ ਵਿਆਹ ਦਿੱਤਾ ਜਾਣਾ ਵੀ ਹੈ। ਅੰਕੜੇ ਦੱਸਦੇ ਹਨ ਕਿ ਲੱਗਭੱਗ 37% ਕੁੜੀਆਂ ਕਰੋਨਾ ਕਾਲ ਤੋਂ ਬਾਅਦ ਕਦੇ ਵੀ ਵਾਪਸ ਸਕੂਲ ਨਹੀਂ ਮੁੜੀਆਂ। ਜ਼ਾਹਿਰ ਹੈ ਇਨ੍ਹਾਂ ਵਿਚੋਂ ਬਹੁਤੀਆਂ ਨੂੰ ਅੱਗੇ ਪੜ੍ਹਨ ਜਾਂ ਰੁਜ਼ਗਾਰ ਕਰਨ ਦਾ ਮੌਕਾ ਵੀ ਨਹੀਂ ਮਿਲਿਆ ਤੇ ਉਨ੍ਹਾਂ ਨੂੰ ਵਿਆਹ ਦਿੱਤਾ ਗਿਆ।

ਕੁੱਲ ਕਾਮਾ ਸ਼ਕਤੀ ਵਿੱਚ ਘੱਟ ਹਿੱਸੇਦਾਰੀ ਤੋਂ ਬਿਨਾਂ ਇਸ ਰਿਪੋਰਟ ਦੇ ਅੰਕੜੇ ਇਹ ਵੀ ਦਿਖਾਉਂਦੇ ਹਨ ਕਿ ਔਰਤਾਂ ਦੀ ਵੱਧ ਹਿੱਸੇਦਾਰੀ ਕੁੱਝ ਖਾਸ ਖੇਤਰ ਦੇ ਕੰਮਾਂ ਵਿੱਚ ਹੁੰਦੀ ਹੈ। ਉਦਾਹਰਨ ਦੇ ਤੌਰ 'ਤੇ ਸਿਹਤ ਅਤੇ ਬੱਚਿਆਂ ਦੀ ਦੇਖਭਾਲ ਜਿਹੇ ਕੰਮ, ਅਧਿਆਪਨ, ਦਫ਼ਤਰੀ ਕੰਮ-ਕਾਜ, ਨਰਸਿੰਗ ਆਦਿ ਵਿਚ ਔਰਤਾਂ ਦੀ ਭੂਮਿਕਾ 90 ਫ਼ੀਸਦੀ ਦੇ ਲੱਗਭੱਗ ਹੈ। ਜੇ ਆਪਾਂ ਵਿਗਿਆਨ, ਤਕਨੀਕ, ਇੰਜਨੀਅਰਿੰਗ, ਗਣਿਤ ਆਦਿ ਦੀ ਗੱਲ ਕਰੀਏ ਤਾਂ ਇੱਥੇ ਔਰਤਾਂ ਦੀ ਗਿਣਤੀ ਨਾਮਾਤਰ ਹੈ। ਸਿਰਫ਼ 38 ਫ਼ੀਸਦੀ ਔਰਤਾਂ ਕੰਪਿਊਟਰ ਖੇਤਰ 'ਚ ਕੰਮ ਕਰ ਰਹੀਆਂ ਹਨ ਅਤੇ ਸਿਰਫ਼ 24 ਫ਼ੀਸਦੀ ਕੁੜੀਆਂ ਇੰਜਨੀਅਰਿੰਗ ਖੇਤਰ ਨਾਲ ਜੁੜੀਆਂ ਹੋਈਆਂ ਹਨ। ਇਸ ਦਾ ਕਾਰਨ ਇਹੀ ਹੈ ਕਿ ਇਨ੍ਹਾਂ ਤਕਨੀਕੀ ਵਿਸ਼ਿਆਂ ਲਈ ਖਾਸ ਮੁਹਾਰਤ ਚਾਹੀਦੀ ਹੁੰਦੀ ਹੈ ਜਿਸ ਲਈ ਅਕਸਰ ਪੜ੍ਹਾਈ ਦੀ ਮਿਆਦ ਵੀ ਲੰਮੀ ਹੁੰਦੀ ਹੈ ਪਰ ਸਾਡੇ ਸਮਾਜ ਵਿੱਚ ਔਰਤਾਂ ਉੱਪਰ ਰੁਜ਼ਗਾਰ ਤੋਂ ਬਿਨਾਂ ਘਰ ਦੀ ਜ਼ਿੰਮੇਵਾਰੀ, ਬੱਚਿਆਂ ਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਆਦਿ ਵੀ ਪਾਈ ਜਾਂਦੀ ਹੈ। ਇਹ ਸਭ ਵਾਧੂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਉਨ੍ਹਾਂ ਲਈ ਅਜਿਹੀ ਮੁਹਾਰਤ ਤੇ ਲੰਮੀ ਮਿਆਦ ਵਾਲੀ ਪੜ੍ਹਾਈ ਕਰਨੀ ਮੁਸ਼ਕਿਲ ਹੋ ਜਾਂਦੀ ਹੈ।

ਦੂਸਰਾ, ਸਿੱਖਿਆ ਦੇ ਨਿੱਜੀਕਰਨ ਕਰ ਕੇ ਇਨ੍ਹਾਂ ਖੇਤਰਾਂ ਵਿੱਚ ਕੰਮ ਕਰਨ ਲਈ ਲੋੜੀਂਦੀ ਸਿੱਖਿਆ ਬਹੁਤ ਮਹਿੰਗੀ ਹੈ। ਭਾਰਤ ਵਰਗੇ ਪੱਛੜੇ ਮੁਲਕਾਂ ਜਿੱਥੇ ਕੁੜੀਆਂ ਨੂੰ ਜਲਦੀ ਵਿਆਹ ਦੇਣ ਦੀ ਪ੍ਰਥਾ ਹੈ,

(ਬਾਕੀ ਸਫ਼ਾ 27 'ਤੇ)



# ਤੂਤਾ ਵੇ ਹਰਿਆਲਿਆ ਤੂਤਾ...



ਡਾ. ਪ੍ਰਿਤਪਾਲ ਸਿੰਘ ਮਹਿਰੋਕ

ਰੁੱਖ ਤੇ ਮਨੁੱਖ ਦਾ ਸਾਥ ਤੇ ਦੋਹਾਂ ਦੀ ਸਾਂਝ ਮੁੱਢ ਕਦੀਮੀ ਹੈ। ਰੁੱਖ ਮਨੁੱਖ ਨੂੰ ਠੰਡੀਆਂ ਛਾਂਵਾਂ, ਮਿੱਠੀਆਂ ਹਵਾਵਾਂ, ਫ਼ਲ-ਫ਼ੁੱਲ, ਖ਼ੁਸ਼ਬੂ, ਰੰਗ, ਦਵਾਈਆਂ,ਵੰਨ-ਸੁਵੰਨੀ ਲੱਕੜੀ ਤੇ ਖਾਣ-ਪੀਣ ਦੇ ਅਨੇਕ ਪ੍ਰਕਾਰ ਦੇ ਪਦਾਰਥਾਂ ਨਾਲ ਮਾਲਾ-ਮਾਲ ਕਰਦੇ ਆਏ ਹਨ। ਇਹ ਕੁਦਰਤ ਦੇ ਸੰਤੁਲਨ ਨੂੰ ਕਾਇਮ ਰੱਖਣ ਅਤੇ ਵਾਤਾਵਰਣ ਨੂੰ ਸ਼ੁੱਧ ਬਣਾਈ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਰੁੱਖ ਧਰਤੀ ਦਾ ਸ਼ਿੰਗਾਰ ਹਨ ਅਤੇ ਇਹ ਅਣਗਿਣਤ ਨਾਂਵਾਂ ਨਾਲ ਜਾਣੇ ਜਾਂਦੇ ਹਨ। ਰੁੱਖਾਂ ਦੀ ਉਪਜ ਧਰਤੀ ਦੀ ਪ੍ਰਕਿਰਤੀ, ਪੌਣ-ਪਾਣੀ, ਮੌਸਮ, ਭੂਗੋਲਿਕ ਸਥਿਤੀ ਆਦਿ ਉਪਰ ਨਿਰਭਰ ਕਰਦੀ ਹੈ। ਧਰਤੀ ਦੇ ਸੁਭਾਅ ਮੁਤਾਬਕ ਉਸ ਉਪਰ ਪੈਦਾ ਹੋਣ ਵਾਲੇ ਰੁੱਖਾਂ ਵਿਚੋਂ ਮਨੁੱਖ ਆਪਣੀ ਪਸੰਦ ਦੇ ਰੁੱਖਾਂ ਦੀ ਦਰਜਾਬੰਦੀ ਕਰ ਲੈਂਦਾ ਹੈ ਅਤੇ ਉਸ ਦੇ ਪਸੰਦੀਦਾ ਰੁੱਖਾਂ ਨਾਲ ਉਸ ਦਾ ਰਿਸ਼ਤਾ ਗੂੜ੍ਹਾ ਹੁੰਦਾ ਜਾਂਦਾ ਹੈ। ਉਹ ਰੁੱਖ ਫ਼ਿਰ ਹੌਲੀ-ਹੌਲੀ ਲੋਕ ਜੀਵਨ ਅਤੇ ਲੋਕ ਸਾਹਿਤ ਵਿੱਚ ਆਪਣਾ ਵਿਸ਼ੇਸ਼ ਸਥਾਨ ਬਣਾ ਲੈਂਦੇ ਹਨ। ਇੱਥੇ ਗੱਲ ਕਰ ਰਹੇ ਹਾਂ ਲੋਕ ਜੀਵਨ ਦੇ ਬਹੁਤ ਨੇੜੇ ਰਹਿਣ ਵਾਲੇ ਰੁੱਖ ਤੂਤ ਦੀ। ਮਨੁੱਖ ਦਾ ਤੂਤ ਨਾਲ ਰਿਸ਼ਤਾ ਬਹੁਤ ਪੁਰਾਣਾ ਹੈ। ਤੂਤ ਦੇ ਰੁੱਖ ਨਾਲ ਕਈ ਲੋਕ ਕਹਾਣੀਆਂ, ਲੋਕ ਗਾਥਾਵਾਂ, ਲੋਕ ਅਖਾਣ, ਮੁਹਾਵਰੇ ਅਤੇ ਮਿੱਥਾਂ ਆਦਿ ਜੁੜੀਆਂ ਹੋਈਆਂ ਹਨ। ਤੂਤ ਨੂੰ ਬਨਸਪਤੀ ਵਿਗਿਆਨੀ ਮੋਰਸ ਅਲਬਾ ਦਾ ਨਾਂ ਦਿੰਦੇ ਹਨ। ਭਾਰਤ ਦੇ ਬਹੁਤੇ ਹਿੱਸਿਆਂ ਵਿਚ ਪਾਏ ਜਾਣ ਵਾਲੇ ਇਸ ਰੁੱਖ ਦੀ ਜ਼ਮੀਨ ਨੂੰ ਮੂਲ ਰੂਪ ਵਿੱਚ ਚੀਨ ਨਾਲ ਜੋੜਿਆ ਜਾਂਦਾ ਹੈ। ਸਾਧਾਰਨ ਹਾਲਤਾਂ ਵਿੱਚ ਇਸ ਸੰਘਣੇ ਰੁੱਖ ਦੀ ਔਸਤਨ ਉਚਾਈ 15 ਤੋਂ 20 ਫ਼ੁੱਟ ਦੇ ਦਰਮਿਆਨ ਮੰਨੀ ਜਾਂਦੀ ਹੈ। ਇਸ ਰੁੱਖ ਦੇ ਸਰੀਰ ਤੇ ਟਾਹਣੀਆਂ ਵਿਚਲਾ ਲਚਕੀਲਾਪਣ ਇਸ ਦੇ ਸੁਭਾਅ ਦਾ ਵਿਸ਼ੇਸ਼ ਲੱਛਣ ਹੈ। ਲਚਕੀਲੇਪਣ ਕਰਕੇ ਇਸ ਦੀਆਂ ਛਿਟੀਆਂ/ਲਗਰਾਂ ਨੂੰ ਕਈ ਤਰ੍ਹਾਂ ਦਾ ਸਾਜ਼ੋ-ਸਾਮਾਨ ਬਣਾਉਣ ਲਈ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ। ਤੂਤ ਦੀਆਂ ਛਿਟੀਆਂ ਤੋਂ ਟੋਕਰੀਆਂ, ਟੋਕਰੇ, ਛਾਬੇ ਆਦਿ ਬਣਾਏ ਜਾਂਦੇ ਹਨ। ਤੂਤ ਦੀਆਂ ਲਚਕੀਲੀਆਂ ਛਿਟੀਆਂ ਜੋ ਲਗਭਗ ਅੱਠ-ਦਸ ਫ਼ੁੱਟ ਤਕ ਲੰਮੀਆਂ ਵੀ ਹੋ ਸਕਦੀਆਂ ਹਨ, ਨੂੰ ਛਾਂਗ ਸੰਵਾਰ ਕੇ ਬੜੀ ਜੁਗਤੀ ਤੇ ਕਾਰੀਗਰੀ ਨਾਲ ਟੋਕਰੇ-ਟੋਕਰੀਆਂ ਬਣਾਈਆਂ ਜਾਂਦੀਆਂ ਹਨ। ਟੋਕਰੇ, ਟੋਕਰੀਆਂ ਤੇ ਛਾਬੇ ਆਮ ਘਰਾਂ ਦੇ ਨਿਤਾ-ਪ੍ਰਤੀ ਦੇ ਜੀਵਨ ਵਿਚ ਕਈ ਤਰ੍ਹਾਂ ਦੇ ਕੰਮ ਨਿਪਟਾਉਣ ਲਈ ਵਰਤੋਂ ਵਿਚ ਲਿਆਂਦੇ ਜਾਂਦੇ ਹਨ। ਪਹਿਲੇ ਸਮਿਆਂ ਵਿੱਚ ਟੋਕਰੇ-ਟੋਕਰੀਆਂ ਬਣਾਉਣ ਦੇ ਲੋਕ ਕਿੱਤੇ ਵਿੱਚ ਮੁਹਾਰਤ ਰੱਖਣ ਵਾਲੇ ਕਾਰੀਗਰਾਂ ਦੀ ਬਹੁਤ ਪੁੱਛ-ਪ੍ਰਤੀਤ ਹੁੰਦੀ ਸੀ। ਲੋਕ ਉਨ੍ਹਾਂ ਦੀ ਇਸ ਕਲਾ ਦੀ ਕਦਰ ਕਰਦੇ ਸਨ। ਤੂਤ ਦੇ ਰੁੱਖਾਂ ਨੂੰ ਖੂਹਾਂ 'ਤੇ, ਖੇਤਾਂ ਦਿਆਂ ਬੰਨਿਆਂ 'ਤੇ, ਖੇਤਾਂ ਦੇ ਕੋਨਿਆਂ ਨਾਲ ਖਾਲੀ ਪਏ ਥਾਂ 'ਤੇ ਉਗਾਇਆ ਜਾਂਦਾ ਸੀ। ਸਾਲ ਪਿੱਛੋਂ ਰੁੱਖ ਦੀ ਛੰਗਾਈ ਕਰਕੇ ਉਪਰੋਕਤ ਵਸਤਾਂ ਬਣਵਾ ਲਈਆਂ ਜਾਂਦੀਆਂ ਸਨ। ਛੰਗਾਈ ਵੀ ਹੋ ਜਾਂਦੀ ਸੀ, ਰੁੱਖ ਸਿਹਤਮੰਦ ਤੇ ਸਲਾਮਤ ਵੀ ਰਹਿੰਦਾ ਸੀ ਅਤੇ ਮਨੁੱਖ ਉਸ ਤੋਂ ਆਪਣੀਆਂ ਲੋੜਾਂ ਵੀ ਪੂਰੀਆਂ ਕਰ ਲੈਂਦਾ ਸੀ :

ਨਾ ਤੋੜੀਂ ਰੁੱਖੜੇ ਤੂਤ ਦੇ, ਜਿਹੜੇ ਅਸਾਂ ਹੱਥੀਂ ਲਾਏ

ਇਹ ਵੀ ਤਾਂ ਮੈਂ ਨਾ ਆਖਦੀ, ਇਹ ਰੁੱਖੜੇ ਤੁਧੋਂ ਸਵਾਏ।

ਤੂਤ ਆਪਣੇ ਗੁਣਾਂ-ਲੱਛਣਾਂ ਕਾਰਨ ਹੀ ਲੋਕ ਮਨ ਦੀ ਆਮ ਬੋਲ-ਚਾਲ ਦੀ ਭਾਸ਼ਾਈ ਮੁਹਾਰਤ ਅਤੇ ਮੁਹਾਵਰਿਆਂ ਦਾ ਹਿੱਸਾ ਬਣ ਸਕਿਆ ਹੈ। ਤੂਤ ਦੀ ਛਿਟੀ, ਤੂਤ ਦੀ ਲਗਰ, ਤੂਤ ਦਾ ਮੋਛਾ ਜਦੋਂ ਮੁਹਾਵਰਿਆਂ ਦਾ ਰੂਪ ਗ੍ਰਹਿਣ ਕਰਦੇ ਹਨ ਤਾਂ ਇਹ ਮੁਹਾਵਰੇ ਅਰਥ ਨੂੰ ਵੀ ਸਾਰਥਿਕਤਾ ਪ੍ਰਦਾਨ ਕਰਦੇ ਹਨ:

* ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ  
ਵਿਆਹ ਕੇ ਲੈ ਗਿਆ ਤੂਤ ਦੀ ਛਿਟੀ।  
ਲੱਛੀ ਬੰਤੋ ਧਰਮ ਦੀਆਂ ਭੈਣਾਂ  
ਲਗਰਾਂ ਤੂਤ ਦੀਆਂ...

ਤੂਤ ਦੀ ਲੱਕੜ ਚੀੜ੍ਹੀ, ਸਖ਼ਤ ਤੇ ਮਜ਼ਬੂਤ ਹੁੰਦੀ ਹੈ। ਇਸ ਤੋਂ ਖੇਤੀ ਦੇ ਕਈ ਸੰਦ ਤਿਆਰ ਕੀਤੇ ਜਾਂਦੇ ਹਨ। ਇਸ ਦੀ ਲੱਕੜ ਦੇ ਮਜ਼ਬੂਤ ਹੋਣ ਕਾਰਨ ਹੀ ਹੇਠ ਲਿਖੇ ਮੁਹਾਵਰੇ ਨੇ ਜਨਮ ਲਿਆ ਜਾਪਦਾ ਹੈ:

* ਯਾਰੀ ਜੱਟ ਦੀ ਤੂਤ ਦਾ ਮੋਛਾ  
ਕਦੇ ਨਾ ਵਿਚਾਲਿਓਂ ਟੁੱਟਦੀ।  
* ਤੋੜਾ ਤੂਤ ਦਾ, ਜੇ ਧਵੇਂ ਨਾ  
ਸਾਂਝ ਜੱਟ ਦੀ, ਜੇ ਭਵੇਂ ਨਾ।

ਪੰਜਾਬੀ ਲੋਕ ਗੀਤਾਂ ਵਿੱਚ ਤੂਤ ਦਾ ਜ਼ਿਕਰ ਕਈ ਕੋਣਾਂ ਤੋਂ ਹੋਇਆ ਵੇਖਿਆ ਜਾ ਸਕਦਾ ਹੈ :

* ਛੱਲਾ ਸਾਵਾ ਤੂਤ ਏ  
ਵੇ, ਛੱਲਾ ਸਾਵਾ ਤੂਤ ਏ  
ਲੱਗਾ ਆਵੀਂ ਖੂਹ 'ਤੇ, ਮੇਰੀ ਜਾਨ ਮਲੂਕ ਏ  
ਸੁਣ ਯਾਰ ਪਠਾਣਾਂ, ਦੱਸ ਜਾ ਟਿਕਾਣਾ...  
* ਤੂਤਾ ਵੇ ਹਰਿਆਲਿਆ ਤੂਤਾ  
ਤੂਤ ਪਲਮ ਦੇ ਸਾਵੇ  
ਜਿਹੜੇ ਸੱਜਣ ਪਰਦੇਸ ਵਸੇਂਦੇ  
ਮੈਂ ਮਰਾਂ ਤਿਨ੍ਹਾਂ ਦੇ ਹਾਵੇ...

ਤੂਤ ਦੇ ਰੁੱਖ ਦੇ ਕੁਦਰਤੀ ਲੱਛਣਾਂ ਤੇ ਇਸ ਦੇ ਨਿਵੇਕਲੇ ਸੁਭਾਅ ਬਾਰੇ ਪੰਜਾਬੀ ਦੇ ਕਈ ਲੋਕ ਗੀਤਾਂ ਵਿੱਚ ਜ਼ਿਕਰ ਹੋਇਆ ਹੈ। ਤੂਤ ਦੇ ਹਵਾਲੇ ਨਾਲ ਕਈ ਸਮਾਜਿਕ ਸੱਭਿਆਚਾਰਕ ਰਿਸ਼ਤਿਆਂ ਦੀ ਗੱਲ ਵੀ ਤੁਰਦੀ ਹੈ :

* ਅੰਬਾਂ ਤੇ ਤੂਤਾਂ ਦੀ ਵਾੜ ਕਰੋ, ਜੰਞ ਨੇੜੇ ਨੇੜੇ  
ਬੀਬੀ ਜੀ ਦੇ ਬਾਬਲ ਨੂੰ ਖ਼ਬਰ ਕਰੋ, ਜੰਞ ਨੇੜੇ ਨੇੜੇ...।  
* ਕਿੱਕਰਾਂ ਵੀ ਲੰਘ ਆਈ, ਬੇਰੀਆਂ ਵੀ ਲੰਘ ਆਈ, ਲੰਘਣੋਂ ਰਹਿ ਗਏ ਤੂਤ  
ਇਨ੍ਹਾਂ ਤੂਤਾਂ ਨੇ, ਲਈ ਜਵਾਨੀ ਸੂਤ...।  
*ਅੰਬਾਂ ਤੇ ਤੂਤਾਂ ਦੀ ਠੰਢੀ ਠੰਢੀ ਛਾਮ ਨੀ  
ਕੋਈ ਪਰਦੇਸੀ ਜੋਗੀ ਆ ਲੱਥੇ ਨੀ...

ਪੰਜਾਬੀ ਸਿੱਠਣੀਆਂ ਵਿੱਚ ਲਾੜੇ, ਜੀਜੇ, ਬਰਾਤੀਆਂ ਅਤੇ ਹੋਰ ਰਿਸ਼ਤੇਦਾਰਾਂ ਨੂੰ ਜਦੋਂ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ ਤਾਂ ਕਿਸੇ ਨਾ ਕਿਸੇ ਪ੍ਰਸੰਗ ਵਿੱਚ ਤੂਤ ਦਾ ਜ਼ਿਕਰ ਵੀ ਛਿੜਦਾ ਹੈ:

ਜਾਂਵੀਂ ਉਸ ਪਿੰਡੋਂ ਆਏ, ਜਿੱਥੇ ਤੂਤ ਵੀ ਨਾ  
ਏਨ੍ਹਾਂ ਦੇ ਖੱਪੜਾਂ ਵਰਗੇ ਮੂੰਹ, ਭੋਰਾ ਰੂਪ ਵੀ ਨਾ।

ਤੂਤ ਦੇ ਰੁੱਖ ਨੂੰ ਲੱਗਣ ਵਾਲਾ ਫ਼ਲ ਬੇਸ਼ੱਕ ਪਸੰਦ ਨਹੀਂ ਕੀਤਾ ਜਾਂਦਾ, ਪਰ ਲੋਕ ਜੀਵਨ ਵਿਚ ਉਸ ਦਾ ਮਹੱਤਵ ਕਿਸੇ ਪੱਖ ਤੋਂ ਵੀ ਘੱਟ ਨਹੀਂ। ਤੂਤ ਦੇ ਫ਼ਲ ਨੂੰ ਤੂਤੀਆਂ ਕਿਹਾ ਜਾਂਦਾ ਹੈ। ਇਹ ਫ਼ਲ ਪੋਟਾ ਕੁ ਭਰ ਲੰਮਾ ਹੁੰਦਾ ਹੈ। ਖੱਟੀਆਂ, ਮਿੱਠੀਆਂ ਤੇ ਸਵਾਦਲੀਆਂ ਤੂਤੀਆਂ ਨੂੰ ਬੱਚੇ ਬੜੇ ਸ਼ੌਕ ਨਾਲ ਖਾਂਦੇ ਰਹੇ ਹਨ। ਲੋਕ ਚਕਿਤਸਾ ਵਿੱਚ ਤੂਤੀਆਂ ਦਾ ਬਹੁਤ ਮਹੱਤਵ ਦੱਸਿਆ ਜਾਂਦਾ ਹੈ। ਰੇਸ਼ਮ ਦੇ ਕੀੜੇ ਵੀ ਤੂਤ ਦੇ ਰੁੱਖਾਂ 'ਤੇ ਪਾਲੇ ਜਾਂਦੇ ਹਨ। ਇੰਞ, ਬਹੁਤ ਕੀਮਤੀ, ਖ਼ੂਬਸੂਰਤ ਤੇ ਲਾਸਾਨੀ ਕੱਪੜੇ ਦੇ ਨਿਰਮਾਣ ਨੂੰ ਆਧਾਰ ਪ੍ਰਦਾਨ ਕਰਨ ਵਾਲਾ ਵੀ ਤੂਤ ਦਾ ਰੁੱਖ ਹੀ ਹੁੰਦਾ ਹੈ। ਰੇਸ਼ਮ ਦੇ ਕੱਪੜੇ ਦਾ ਉਦਯੋਗ ਤੂਤ ਦੇ ਰੁੱਖ ਉੱਪਰ ਨਿਰਭਰ ਕਰਦਾ ਹੋਣ ਕਾਰਨ ਇਸ ਜਗਤ ਵਿੱਚ ਵੀ ਤੂਤ ਦੀ ਮਹਿਮਾ ਗਾਈ ਜਾਂਦੀ ਹੈ। ਜਿਵੇਂ ਜੀਵ-ਜੰਤੂਆਂ ਦੀਆਂ ਕਈ ਪਰਜਾਤੀਆਂ ਖ਼ਤਮ ਹੋ ਚੁੱਕੀਆਂ ਹਨ ਤੇ ਕਈ ਖ਼ਾਤਮੇ ਦੀ ਕਗਾਰ 'ਤੇ ਹਨ, ਇਸੇ ਤਰ੍ਹਾਂ ਬਨਸਪਤੀ ਦੀਆਂ ਕਈ ਵੰਨਗੀਆਂ ਅਤੇ ਰੁੱਖਾਂ ਦੀਆਂ ਕਈ ਨਸਲਾਂ ਵੀ ਖ਼ਤਮ ਹੋ ਗਈਆਂ ਹਨ ਜਾਂ ਖ਼ਤਮ ਹੋ ਰਹੀਆਂ ਹਨ। ਇਸ ਪਿੱਛੇ ਕੁਦਰਤ(ਮੌਸਮਾਂ ) ਦੀ ਕਰੋਪੀ ਵੀ ਜ਼ਿੰਮੇਵਾਰ ਹੋ ਸਕਦੀ ਹੈ ਅਤੇ ਮਨੁੱਖ ਦੀ ਸਵਾਰਥੀ ਬਿਰਤੀ ਤੇ ਲਾਲਚੀ ਸੁਭਾਅ ਵੀ। ਮਨੁੱਖ ਨੂੰ ਆਪਣੇ ਸੱਭਿਆਚਾਰਕ ਵਿਰਸੇ ਨਾਲ ਜੁੜੇ ਬਹੁਮੁੱਲੇ ਸਰਮਾਏ ਰੁੱਖਾਂ ਨੂੰ ਨਸ਼ਟ ਨਹੀਂ ਕਰਨਾ ਚਾਹੀਦਾ, ਸਗੋਂ ਇਸ ਦੀ ਸਾਂਭ-ਸੰਭਾਲ ਕਰਨ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਰੁੱਖਾਂ ਦੀ ਬੇਰਹਿਮੀ ਨਾਲ ਕੀਤੀ ਜਾਂਦੀ ਕਟਾਈ ਰੋਕਣ ਦੀ ਲੋੜ ਹੈ। ਸਭ ਪ੍ਰਕਾਰ ਦੇ ਰੁੱਖਾਂ ਨੂੰ ਵੱਡੀ ਗਿਣਤੀ ਵਿੱਚ ਲਾਉਣ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਲਈ ਵਿਆਪਕ ਪੱਧਰ 'ਤੇ ਯਤਨ ਕੀਤੇ ਜਾਣੇ ਚਾਹੀਦੇ ਹਨ। ਇਸ ਨਾਲ ਧਰਤੀ ਸਿਹਤਮੰਦ ਰਹੇਗੀ ਤੇ ਵਾਤਾਵਰਣ ਵੀ ਸ਼ੁੱਧ ਰਹੇਗਾ। ਜੇ ਰੁੱਖ ਸੁਰੱਖਿਅਤ ਰਹਿਣਗੇ ਤਾਂ ਕੁਦਰਤ ਦੀ ਸੁੰਦਰਤਾ ਵੀ ਬਣੀ ਰਹਿ ਸਕੇਗੀ ਅਤੇ ਮਨੁੱਖ ਦਾ ਭਲਾ ਵੀ ਇਸੇ ਵਿਚ ਹੋਵੇਗਾ। ਵਿਭਿੰਨ ਵੰਨਗੀਆਂ ਦੇ ਰੁੱਖਾਂ ਦੀ ਸਾਂਭ-ਸੰਭਾਲ ਕਰਨ ਦੇ ਨਾਲ ਨਾਲ ਤੂਤ ਦੇ ਰੁੱਖ ਲਗਾਉਣ ਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਦੀ ਲੋੜ ਤੇ ਮਹੱਤਵ ਨੂੰ ਸਮਝਣਾ ਚਾਹੀਦਾ ਹੈ।

# ਆਹ ਲੈ ਨੱਤੀਆਂ ਕਰਾ ਲੈ ਪਿੱਪਲ ਪੱਤੀਆਂ....

ਸੁਖਪਾਲ ਸਿੰਘ ਗਿੱਲ

ਸਾਡੇ ਵਿਰਸੇ ਵਿੱਚ ਪਤੀ-ਪਤਨੀ ਦੀ ਗੁਰਬਤ ਦੀ ਝੰਬੀ ਨੋਕ-ਝੋਕ ਦਾ ਗੂੜ੍ਹਾ ਸਬੰਧ ਹੈ। ਪੰਜਾਬੀ ਪੇਂਡੂ ਵਿਰਸੇ ਵਿੱਚ ਕਿਸਾਨ ਪਰਿਵਾਰ ਤਰ੍ਹਾਂ-ਤਰ੍ਹਾਂ ਦੇ ਸੁਪਨੇ ਦਿਲ ਅੰਦਰ ਸਮਾ ਕੇ ਬੈਠਾ ਰਹਿੰਦਾ ਹੈ, ਜਿਸ ਦੀ ਆਸ ਹਰ ਛਿਮਾਹੀ ਤੱਕ ਲਾਉਂਦਾ ਰਹਿੰਦਾ ਹੈ, ਪਰ ਹਾੜ੍ਹੀ ਸਾਉਣੀ ਇਨ੍ਹਾਂ ਦੇ ਪੂਰਾ ਹੋਣ ਦੀ ਆਸ ਕੁਦਰਤ 'ਤੇ ਨਿਰਭਰ ਕਰਦੀ ਹੈ।

ਸਾਡੇ ਸੱਭਿਆਚਾਰ, ਲੋਕ ਗੀਤਾਂ ਵਿੱਚ ਹੱਡ ਭੰਨਵੀਂ ਮਿਹਨਤ ਵਿੱਚ ਗੁਰਬਤ ਆਮ ਦਿਖਾਈ ਦਿੰਦੀ ਹੈ। ਪਰਿਵਾਰ ਵਿੱਚ ਪਤੀ-ਪਤਨੀ ਦੀ ਨੋਕ-ਝੋਕ ਗੀਤਾਂ ਅਤੇ ਯਥਾਰਥ ਵਿੱਚ ਸੱਭਿਅਕ ਵੰਨਗੀ ਵਜੋਂ ਚੱਲਦੀ ਰਹਿੰਦੀ ਹੈ। ਪਤੀ-ਪਤਨੀ ਦਾ ਜੋੜ ਇਸ ਸਮੇਂ ਦੇ ਦ੍ਰਿਸ਼ ਨੂੰ ਮੁੱਖ ਪਾਤਰ ਹੋਣ ਦਾ ਗਵਾਹ ਬਣਦਾ ਹੈ। ਘਰਾਂ ਵਿੱਚ ਆਉਂਦੀ ਆਰਥਿਕ ਤੰਗੀ ਦਾ ਵਰਨਣ ਸਾਡੇ ਸੱਭਿਆਚਾਰ ਦਾ ਇੱਕ ਅੰਗ ਹੋ ਕੇ ਵਿਚਰਦਾ ਹੈ। ਛਿਮਾਹੀ ਦੀ ਸਖ਼ਤ ਮਿਹਨਤ ਤੋਂ ਬਾਅਦ ਘਰਵਾਲੀ ਹਾਰ-ਸ਼ਿੰਗਾਰ ਲਈ ਗਹਿਣਾ ਗੱਟਾ ਬਣਾਉਣਾ ਚਾਹੁੰਦੀ ਹੈ, ਪਰ ਪਤੀ ਆਰਥਿਕ ਮਜਬੂਰੀ ਕਰਕੇ ਆੜ੍ਹਤੀ ਦੇ ਹਿਸਾਬ ਵਿੱਚ ਫਸਿਆ ਰਹਿੰਦਾ ਹੈ। ਇਸ ਸਬੰਧੀ ਇੱਕ ਲੋਕ ਗੀਤ ਦੀ ਸਤਰ ਇਉਂ ਟਕੋਰ ਕਰਦੀ ਹੈ;

ਅਸੀਂ ਮਰ ਗਏ ਕਮਾਈਆਂ ਕਰਦੇ  
ਤੇਰੇ ਅਜੇ ਬੰਦ ਨਾ ਬਣੇ  
ਪਾਟੀ ਘੱਗਰੀ ਤੇ ਬਗੜ ਦਾ ਨਾਲਾ  
ਤੇਰਾ ਦੱਸ ਕੀ ਵੇਖਿਆ ?

ਸਾਡੇ ਪਰਿਵਾਰਾਂ ਵਿੱਚ ਕਿਸਾਨੀ ਕਿੱਤੇ ਦੀ ਮਿਹਨਤ ਇੱਕ ਚਾਅ ਅਤੇ ਹੁਲਾਰਾ ਹੁੰਦੀ ਹੈ। ਫਿਰ ਵੀ ਪਰਿਵਾਰਾਂ ਦਾ ਜੀਵਨ ਤੰਗੀਆਂ-ਤੁਰਸ਼ੀਆਂ ਵਾਲਾ ਰਹਿੰਦਾ ਹੈ। ਘਰਾਂ ਵਿੱਚ ਪਿਆਰ ਵੱਧ ਅਤੇ ਚਿੰਤਾ ਘੱਟ ਹੁੰਦੀ ਹੈ। ਜੀਵਨ ਵਿੱਚ ਕਿਰਤ ਹਮੇਸ਼ਾਂ ਮਾਨਸਿਕ ਅਤੇ ਸਮਾਜਿਕ ਸਮੱਸਿਆਵਾਂ ਦਾ ਹੱਲ ਕਰਦੀ ਹੈ, ਪਰ ਪੰਜਾਬੀ ਪੇਂਡੂ ਕਿਸਾਨ ਦੇ ਘਰਾਂ ਵਿੱਚੋਂ ਇਹ ਤੱਥ ਗਾਇਬ ਹੀ ਰਿਹਾ ਕਿ ਕਿਰਤ ਕਿਸਾਨ ਦੇ ਸ਼ੋਸ਼ਣ ਅਤੇ ਲੋਟੂ ਵਰਗ ਦਾ ਸਾਹਮਣਾ ਕਿਸ ਤਰ੍ਹਾਂ ਕਰੇ ? ਇੱਕ ਹੋਰ ਅੰਦਾਜ਼ਾ ਵੀ ਸੀ ਕਿ ਕਿਸਾਨ ਦਾ ਕੀਤਾ ਕਰਾਇਆ ਸ਼ਾਹਾਂ ਕੋਲ ਚਲਾ ਜਾਂਦਾ ਸੀ। ਕਿਸਾਨ ਸਿਰਫ਼ ਮੁਜ਼ਾਰੇ ਦੇ ਤੌਰ 'ਤੇ ਹੀ ਕੰਮ ਕਰ ਸਕਦੇ ਸਨ। ਹਰੀ ਕ੍ਰਾਂਤੀ ਅਤੇ ਘੱਟੋ ਘੱਟ ਸਮਰਥਨ ਮੁੱਲ ਨੇ ਕਿਸਾਨ ਦੀ ਦਸ਼ਾ ਵੱਲ ਧਿਆਨ ਦਿੱਤਾ, ਜਿਸ ਨਾਲ ਕਿਸਾਨ ਸੌਖਾ ਵੀ ਹੋਇਆ।

ਸਾਹਿਤ ਵਿੱਚ ਕਿਸਾਨੀ ਦਸ਼ਾ ਦਾ ਆਮ ਵਰਣਨ ਮਿਲਦਾ ਹੈ। ਕਿਸਾਨੀ ਜੀਵਨ ਪਿੰਡਾਂ ਦੀ ਰੂਹ ਹੁੰਦੀ ਹੈ, ਇਹ ਕਿਰਤ ਅਤੇ ਕਿਰਸ 'ਤੇ ਟਿਕੀ ਹੋਈ ਹੈ। ਘਰਾਂ ਦੇ ਹਾਲਾਤ ਗੀਤਾਂ, ਸੰਗੀਤ ਅਤੇ ਸੱਭਿਆਚਾਰ ਨੂੰ ਕਲਮ ਰਾਹੀਂ ਚਿਤਰਦੇ ਅਤੇ ਬਿਆਨ ਕਰਦੇ ਰਹਿੰਦੇ ਹਨ। ਬੇਹੱਦ ਮੁਸ਼ੱਕਤ ਤੋਂ ਬਾਅਦ ਰੋਟੀ ਮੁਸ਼ਕਿਲ ਹੀ ਚੱਲਦੀ ਹੈ। ਘਰ ਦੀਆਂ ਔਰਤਾਂ ਦੇ ਅਰਮਾਨ ਮਿਹਨਤ ਹੀ ਖਾ ਲੈਂਦੀ ਹੈ। ਲੋੜ, ਜਜ਼ਬਾਤ ਅਤੇ ਹਾਰ-ਸ਼ਿੰਗਾਰ ਮੌਕੇ 'ਤੇ ਖੁੰਝ ਜਾਂਦੇ ਹਨ। ਪਤੀ-ਪਤਨੀ ਦੇ ਚਾਅ-ਮਲਾਰ ਪੂਰੇ ਹੀ ਨਹੀਂ ਹੁੰਦੇ। ਕਿਸਾਨ ਦੀ ਫ਼ਸਲ ਮੰਡੀਆਂ ਵਿੱਚ ਅਤੇ ਕਿਸਾਨਾਂ ਦੀਆਂ ਔਰਤਾਂ ਚੁੱਲ੍ਹੇ ਦੇ ਮੂਹਰੇ ਰੁਲ ਜਾਂਦੀਆਂ ਹਨ। ਇਸੇ ਲਈ ਕਿਹਾ ਗਿਆ ਹੈ;

ਮੰਡੀਆਂ 'ਚ ਜੱਟ ਰੁਲਦਾ  
ਚੁੱਲ੍ਹੇ ਮੂਹਰੇ ਰੁਲਦੀ ਰਕਾਨ।

ਪੰਜਾਬੀ ਕਿਸਾਨ ਦੀ ਔਰਤ ਦਾ ਹੁਸਨ ਹਮੇਸ਼ਾਂ ਗੁਰਬਤ ਅਤੇ ਲਹੂ ਭਿੱਜੀ ਦਾਸਤਾਨ ਲਿਖਦਾ ਰਹਿੰਦਾ ਹੈ। ਤਰੀਕੇ ਬਦਲੇ ਜ਼ਰੂਰ ਹਨ। ਔਰਤ ਦੇ ਜੀਵਨ ਦੀਆਂ ਕੌੜੀਆਂ ਸੱਚਾਈਆਂ ਤੇ ਸਵੈ ਪ੍ਰਗਟਾਵਾ ਤਾਂ ਰਿਹਾ, ਪਰ ਰੁਮਾਂਸ ਅਤੇ ਸੱਭਿਆਚਾਰਕ ਵੰਨਗੀਆਂ ਵੀ ਮਿਹਨਤ ਦੀ ਚਾਦਰ ਵਿੱਚ ਵਲੇਟੀਆਂ ਰਹੀਆਂ। ਪ੍ਰੀਤ ਦੇ ਅਰਥਾਂ ਨੂੰ ਕੱਚ ਅਤੇ ਪਰਿਵਾਰ ਦੇ ਅਰਥਾਂ ਨੂੰ ਸੱਚ ਸਮਝਣਾ ਔਰਤ ਦੀ ਮਜਬੂਰੀ ਰਹੀ। ਵਰਤਮਾਨ ਸਮਾਜ ਵਿੱਚ ਵੀ ਔਰਤ ਆਰਥਿਕ ਪੱਖੋਂ ਗ਼ੁਲਾਮ ਹੈ। ਅਤੀਤ ਅਤੇ ਵਰਤਮਾਨ ਨੂੰ ਔਰਤ ਦੀ ਦ੍ਰਿਸ਼ਟੀ ਤੋਂ ਮੇਲ ਕਰਾਉਂਦੀ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਅੱਜ ਵੀ ਬਿਲਕੁਲ ਸਹੀ ਹੈ:

ਆਰਥਿਕ ਗੁਲਾਮੀ ਔਰਤ ਨੂੰ ਦਾਸ ਬਣਾਉਂਦੀ ਏ  
ਤੇ ਉਹ ਦਾਸਤਾਂ  
ਫਿਰ ਮਾਨਸਿਕ ਗੁਲਾਮੀ ਬਣ ਜਾਂਦੀ ਏ  
ਮਾਨਸਿਕ ਗੁਲਾਮੀ ਜਦੋਂ ਨਾਸੂਰ ਬਣ ਜਾਂਦੀ ਏ  
ਤਾਂ ਲੋਕ ਨਾਸੂਰ ਦੀ ਬਦਨ ਉੱਤੇ ਪਵਿੱਤਰਤਾ ਦੀ  
ਰੰਗਲੀ ਪੁਸ਼ਾਕ ਪਾ ਦਿੰਦੇ ਨੇ  
ਤੇ ਇਹ ਪਵਿੱਤਰਤਾ ਜਿਹੜੀ  
ਖੁਦ ਮੁਖਤਿਆਰੀ ਵਿੱਚੋਂ ਨਹੀਂ  
ਮਜਬੂਰੀ ਵਿੱਚੋਂ ਜਨਮ ਲੈਂਦੀ ਹੈ  
ਸਮਾਜੀ ਖ਼ਜ਼ਾਨੇ ਦਾ ਕੀਮਤੀ ਸਿੱਕਾ ਬਣ ਜਾਂਦੀ ਏ  
ਤਾਂ ਸਮਾਜ ਹਰ ਔਰਤ ਨੂੰ ਇਸ ਸਿੱਕੇ ਨਾਲ ਤੋਲਦਾ ਏ।

ਪੇਂਡੂ ਔਰਤ ਨੇ ਹੱਡ ਭੰਨਵੀਂ ਮਿਹਨਤ ਅਤੇ ਗੁਰਬਤ ਵਿੱਚ ਵੀ ਸੰਸਕ੍ਰਿਤੀ ਅਤੇ ਸੱਭਿਆਚਾਰ ਦਾ ਪੱਲਾ ਨਹੀਂ ਛੱਡਿਆ। ਕਬੀਲਦਾਰੀ ਦੇ ਝੰਜਟ, ਸੱਸ ਅਤੇ ਪਰਿਵਾਰ ਦੇ ਬੰਦੀਆਂ ਵਿੱਚ ਪਿਸ ਕੇ ਚਾਅ ਮਲਾਰਾਂ ਨੂੰ ਦਾਅ 'ਤੇ ਲਾ ਰੱਖਦੀ ਹੈ। ਉਸ ਦਾ ਚਰਿੱਤਰ ਬਾਗੀਆਨ ਨਹੀਂ ਬਲਕਿ ਘਰ ਨੂੰ ਸਮਰਪਿਤ ਰਿਹੈ। ਰਹੱਸ, ਰੁਮਾਂਸ ਅਤੇ ਪਿਆਰ ਲਈ ਕਈ ਵਾਰ ਕੰਮ ਵਿੱਚ ਜਕੜੀ ਕਿਸਾਨ ਔਰਤ ਲਈ ਸਭ ਕੁਝ ਗੁੰਝਲਦਾਰ ਬਣਿਆ ਰਹਿੰਦਾ ਹੈ। ਸਵੇਰੇ ਉੱਠਣ ਤੋਂ ਆਥਣੇ ਸੌਣ ਤੱਕ ਸਾਰੇ ਪਰਿਵਾਰ ਦੀ ਜੂਠ ਮਾਂਜਦੀ ਰਹਿੰਦੀ ਹੈ। ਹਰ ਚੀਜ਼ ਹੱਸ ਕੇ ਜ਼ਰਨੀ ਅਤੇ ਕੰਮ ਦੀ ਲਗਨ ਵਿੱਚ ਮਗਨ ਰਹਿਣ ਦੀ ਪ੍ਰਵਿਰਤੀ ਉਸ ਵਿੱਚ ਸਮੇਂ ਅਤੇ ਹਾਲਾਤ ਨੇ ਪੈਦਾ ਕੀਤੀ ਹੈ। ਉਸ ਦੀ ਅੰਦਰਲੀ ਲੋਅ ਆਤਮ ਵਿਰੋਧੀ ਅਤੇ ਦੋ ਚਿੱਤੀ ਦਾ ਸ਼ਿਕਾਰ ਹੋ ਨਿੱਬੜਦੀ ਹੈ। ਪ੍ਰੀਤਮ ਸਿੰਘ ਸਫੀਰ ਦੀ ਕਵਿਤਾ ਨਵੇਂ ਸਮਾਜ ਅਤੇ ਆਦਰਸ਼ ਦੀ ਮੰਗ ਅੱਜ ਵੀ ਉੱਥੇ ਹੀ ਖੜ੍ਹੀ ਹੈ;

ਟੁੱਟ ਜਾਵਣ ਕੈਦਾਂ ਹੱਦਬੰਦੀਆਂ  
ਵੰਡ ਰਹੇ ਨਾ ਕਾਣੀ  
ਹਰ ਇੱਕ ਬੰਦਾ ਸ਼ਾਹ ਦੁਨੀਆ ਦਾ  
ਹਰ ਇੱਕ ਤੀਵੀਂ ਰਾਣੀ।

ਘਰੇਲੂ ਔਰਤ ਕ੍ਰਾਂਤੀਕਾਰੀ ਨਹੀਂ ਮਾਨਵਵਾਦੀ ਗਹਿਣਾ ਪਹਿਨਦੀ ਹੈ। ਪਰਿਵਾਰ, ਸਥਿਤੀਆਂ ਅਤੇ ਪ੍ਰਸਤਿਥੀਆਂ ਨੂੰ ਆਪਣੀ ਸੂਝ ਅਨੁਸਾਰ ਮਿਹਨਤ ਦੇ ਨਾਲ-ਨਾਲ ਤੋਰੀ ਰੱਖਦੀ ਹੈ। ਉਨ੍ਹਾਂ ਵਿੱਚ ਹੀ ਰੁੱਝੀ ਰਹਿੰਦੀ ਹੈ। ਉਸ ਨੂੰ ਵਿਰਸੇ ਨੇ ਹਿੱਸੇ ਦਾ ਕੰਮ ਸੌਂਪਿਆ ਹੋਇਆ ਹੈ। ਉਸ ਦਾ ਹੀ ਲੜ ਫੜੀ ਰੱਖਦੀ ਹੈ। ਕਿਸਾਨੀ ਔਰਤ ਘਰ ਦੀਆਂ ਕਮਾਈਆਂ ਵਿੱਚੋਂ ਹਾਰ-ਸ਼ਿੰਗਾਰ ਅਤੇ ਗਹਿਣਾ ਪਾਉਣਾ ਲੋਚਦੀ ਹੈ। ਇਸ ਦੇ ਦੋ ਕਾਰਨ ਹਨ। ਇੱਕ ਕਾਰਨ ਅਰਮਾਨ, ਦੂਜਾ ਕਾਰਨ ਤੰਗੀ ਸਮੇਂ ਗਹਿਣੇ ਦਾ ਕੰਮ ਆਉਣਾ। ਪਤੀ-ਪਤਨੀ ਦਾ ਰਿਸ਼ਤਾ ਪੇਂਡੂ ਅਤੇ ਕਿਸਾਨੀ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਦੋਵਾਂ ਦਾ ਰਸਤਾ ਮੁਸ਼ੱਕਤ ਵਾਲਾ ਹੈ। ਫਿਰ ਵੀ ਪਤੀ, ਪਤਨੀ ਦੇ ਅਰਮਾਨ ਪੂਰੇ ਕਰਨ ਦੀ ਕੋਸ਼ਿਸ਼ ਕਰਦਾ ਹੈ।

ਔਰਤ ਹਰ ਤਰ੍ਹਾਂ ਦਾ ਸਾਥ ਦਿੰਦੀ ਹੈ, ਫਿਰ ਵੀ ਸਹੂਲਤਾਂ ਪੱਖੋਂ ਹੀਣੀ ਰਹਿੰਦੀ ਹੈ। ਪਤੀ ਸਖ਼ਤ ਮਿਹਨਤ ਦਾ ਵਾਸਤਾ ਪਾ ਕੇ ਅਤੇ ਛਿਮਾਹੀ ਦੀ ਉਡੀਕ ਵਿੱਚ ਪਤਨੀ ਦੇ ਸ਼ੌਕ ਅਤੇ ਸ਼ਿੰਗਾਰ ਨੂੰ ਪੂਰਾ ਕਰਨ ਲਈ ਮਿਹਣੇ ਸੁਣਦਾ ਰਹਿੰਦਾ ਹੈ। ਸਾਂਝੇ ਪਰਿਵਾਰ ਵਿੱਚ ਲੁਕ ਛਿਪ ਕੇ ਵੀ ਪਤੀ-ਪਤਨੀ ਰਿਸ਼ਤੇ ਨੂੰ ਖੁਸ਼ਗਵਾਰ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਫ਼ਸਲਾਂ ਦੀ ਆਮਦ ਨੂੰ ਮੁੱਖ ਰੱਖ ਕੇ ਪਤੀ ਅਤੇ ਪਤਨੀ ਨੂੰ ਖ਼ੁਸ਼ ਕਰਨ ਦਾ ਸੁਨੇਹਾ ਦਿੰਦਾ ਹੈ;

ਕਾਂਟੇ ਵੀ ਕਰਾ ਦਊਂ, ਸੂਟ ਵੀ ਸਵਾ ਦਊਂ  
ਪੂਰੀ ਮੈਂ ਬਣਾ ਦਊਂ ਸ਼ੌਕੀਨ ਜੱਟੀਏ,  
ਭਾਵੇਂ ਵਿਕ ਜੇ ਮੇਰੀ ਜ਼ਮੀਨ ਜੱਟੀਏ।

ਜਦੋਂ ਮਿਹਨਤ ਨੂੰ ਬੂਰ ਨਾ ਪਵੇ ਅਤੇ ਕੁਦਰਤੀ ਕਰੋਪੀ ਹੋ ਜਾਵੇ ਤਾਂ ਪਤੀ-ਪਤਨੀ ਵਿੱਚ ਨੋਕ-ਝੋਕ ਸੁਭਾਵਿਕ ਹੁੰਦੀ ਹੈ। ਪਤੀ ਅੰਦਰੋਂ ਗੁਰਬਤ ਦਾ ਝੰਬਿਆ ਪਤਨੀ ਨੂੰ ਨਾ ਚਾਹੁੰਦੇ ਹੋਏ ਵੀ ਕਰਾਰੇ ਜਵਾਬ ਦੇ ਦਿੰਦਾ ਹੈ ਭਾਵੇਂ ਅੰਦਰੋਂ ਇਨ੍ਹਾਂ ਜਵਾਬਾਂ ਨਾਲ ਵੀ ਦੁਖੀ ਹੀ ਹੁੰਦਾ ਹੈ। ਆਮ ਤੌਰ 'ਤੇ ਪਤੀ-ਪਤਨੀ 'ਤੇ ਸਭ ਕੁਝ ਵਾਰ ਦਿੰਦਾ ਹੈ, ਪਰ ਮਿਹਨਤ ਨੂੰ ਬੂਰ ਨਾ ਪੈਣਾ ਵੱਡੀ ਰੁਕਾਵਟ ਹੁੰਦਾ ਹੈ। ਓਹਲੇ ਚੋਹਲੇ ਵੀ ਪਤੀ-ਪਤਨੀ ਦਾ ਪੱਖ ਪੂਰਦਾ ਹੈ, ਇਸੇ ਲਈ ਇੱਕ ਸੱਭਿਆਚਾਰਕ ਵੰਨਗੀ ਪਤੀ ਦੇ ਪਿਆਰ ਅਤੇ ਪਤਨੀ ਪ੍ਰਤੀ ਜ਼ਿੰਮੇਵਾਰੀ ਨੂੰ ਇਉਂ ਦਰਸਾਉਂਦੀ ਹੈ;

ਆਹ ਲੈ ਨੱਤੀਆਂ ਕਰਾ ਲੈ ਪਿੱਪਲ ਪੱਤੀਆਂ  
ਕਿਸੇ ਨਾਲ ਗੱਲ ਨਾ ਕਰੀਂ

# ਭਲੇ ਸਮੇਂ ਦੀ ਗੱਲ

**ਦਵਿੰਦਰ ਕੌਰ ਬਿੰਦ**




ਦੋ ਛੁੱਟੀਆਂ ਹੋਣ ਕਾਰਨ ਮੈਂ ਆਪਣੇ ਸ਼ਹਿਰ ਜਾਣਾ ਸੀ। ਦਫ਼ਤਰ ਛੁੱਟੀ ਹੋਣ ਤੋਂ ਬਾਅਦ ਮੈਂ ਸਿੱਧਾ ਬੱਸ ਅੱਡੇ ਪਹੁੰਚੀ। ਮੇਰੇ ਸ਼ਹਿਰ ਜਾਣ ਵਾਲੀ ਬੱਸ ਤੁਰ ਰਹੀ ਸੀ। ਮੈਂ ਭੱਜ ਕੇ ਚੱਲਦੀ ਬੱਸ ਵਿੱਚ ਜਾ ਚੜ੍ਹੀ। ਸਾਰੀ ਬੱਸ ਭਰੀ ਹੋਈ ਸੀ। ਪਹਿਲਾਂ ਮੈਂ ਸੋਚਿਆ ਕਿ ਬੱਸ ਵਿੱਚੋਂ ਉੱਤਰ ਜਾਵਾਂ ਪਰ ਸ਼ਹਿਰ ਪਹੁੰਚਣ ਲਈ ਘੱਟ ਘੱਟ ਤਿੰਨ-ਚਾਰ ਘੰਟੇ ਲੱਗਣੇ ਸਨ ਤੇ ਮੈਂ ਪਹਿਲਾਂ ਹੀ ਲੇਟ ਸੀ। ਇਸ ਲਈ ਮੈਂ ਸੋਚਿਆ ਕਿ ਦਫ਼ਤਰ ਵਿੱਚ ਸਾਰਾ ਦਿਨ ਬੈਠੀ ਹੀ ਰਹੀ ਹਾਂ, ਜੇਕਰ ਕੁਝ ਸਮਾਂ ਖੜ੍ਹਨਾ ਪੈ ਗਿਆ ਤਾਂ ਕੋਈ ਗੱਲ ਨਹੀਂ। ਬੱਸ ਜਦੋਂ ਏਅਰਪੋਰਟ ਰੋਡ ਲੰਘ ਗਈ ਤਾਂ ਕੰਡਕਟਰ ਟਿਕਟਾਂ ਕੱਟਦਾ-ਕੱਟਦਾ ਸਾਡੇ ਕੋਲ ਬੱਸ ਦੇ ਪਿਛਲੇ ਹਿੱਸੇ ਵਿੱਚ ਆ ਪਹੁੰਚਿਆ। ਉਹ ਸਾਰੀ ਬੱਸ ਦੀਆਂ ਸਵਾਰੀਆਂ ਦੀਆਂ ਟਿਕਟਾਂ ਕੱਟ ਵਾਪਸ ਜਾ ਰਿਹਾ ਸੀ ਅਤੇ ਉੱਚੀ ਉੱਚੀ ਕਹਿ ਰਿਹਾ ਸੀ, ਜੇ ਕਿਸੇ ਦੀ ਟਿਕਟ ਰਹਿ ਗਈ ਹੈ ਤਾਂ ਆਵਾਜ਼ ਦੇ ਕੇ ਲੈ ਲਿਓ।

ਉਹ ਇਹ ਕਹਿੰਦਾ ਹੋਇਆ ਮੁੜ ਡਰਾਈਵਰ ਕੋਲ ਕੰਡਕਟਰ ਸੀਟ 'ਤੇ ਜਾ ਬੈਠਾ।

ਥੋੜ੍ਹੀ ਦੂਰ ਤੱਕ ਬੱਸ ਵਿੱਚ ਸ਼ਾਂਤੀ ਬਣੀ ਰਹੀ। ਕੁਝ ਸਮੇਂ ਬਾਅਦ ਮੇਰੇ ਕੋਲ ਬੱਸ ਦੀ ਸੀਟ 'ਤੇ ਬੈਠੀਆਂ ਦੋ ਔਰਤਾਂ ਅਤੇ ਇੱਕ ਮੁੰਡੇ ਦੀ ਆਵਾਜ਼ ਉੱਚੀ-ਉੱਚੀ ਆਉਣ ਲੱਗੀ। ਮੁੰਡਾ ਮੇਰੇ ਕੋਲ ਦੀ ਲੰਘਦਾ ਹੋਇਆ ਅੱਗੇ ਲੰਘ ਗਿਆ। ਉਨ੍ਹਾਂ 'ਚੋਂ ਇੱਕ ਔਰਤ ਨੇ ਮੈਨੂੰ ਬੈਠਣ ਲਈ ਕਿਹਾ ਕਿ ਜਿੰਨਾ ਚਿਰ ਮੁੰਡਾ ਵਾਪਸ ਨਹੀਂ ਆਉਂਦਾ ਤੁਸੀਂ ਬੈਠ ਜਾਓ। "ਤੁਸੀਂ ਕਿੱਥੇ ਜਾ ਰਹੇ ਹੋ?" ਉਸ ਨੇ ਗੱਲਬਾਤ ਸ਼ੁਰੂ ਕਰਨ ਲਈ ਮੈਨੂੰ ਪੁੱਛਿਆ।

ਮੈਂ ਦੱਸਿਆ ਕਿ ਮੈਂ ਆਪਣੇ ਘਰ ਜਾ ਰਹੀ ਹਾਂ, ਨੌਕਰੀ ਕਾਰਨ ਚੰਡੀਗੜ੍ਹ ਰਹਿੰਦੀ ਹਾਂ।

ਤੁਸੀਂ ਲੇਟ ਨੀ ਹੋ ਗਏ? ਉਸ ਨੇ ਮੈਨੂੰ ਕਿਹਾ।

ਨਹੀਂ ਕੋਈ ਡਰ ਨਹੀਂ। ਪੜ੍ਹਨ ਅਤੇ ਨੌਕਰੀ ਕਰਨ ਵਾਲੀਆਂ ਔਰਤਾਂ ਰਾਤ 10 ਵਜੇ ਤੱਕ ਆਮ ਹੀ ਬੱਸ ਸਫ਼ਰ ਕਰਦੀਆਂ ਹਨ। ਮੈਂ ਉਸ ਨੂੰ ਕਿਹਾ।

ਉਸ ਦਾ ਪੇਕਾ ਪਿੰਡ ਰਾਜਪੁਰਾ-ਅੰਬਾਲਾ ਰੋਡ 'ਤੇ ਪੈਂਦਾ ਸੀ। ਛੁੱਟੀਆਂ ਕਾਰਨ ਉਹ ਵੀ ਆਪਣੇ ਪੇਕੇ ਘਰ ਚੱਲੀ ਸੀ। ਉਹ ਵੀ ਚੰਡੀਗੜ੍ਹ ਦੇ ਇੱਕ ਸਰਕਾਰੀ ਸਕੂਲ ਵਿੱਚ ਨੌਕਰੀ ਕਰਦੀ ਸੀ, ਪਰ ਉਸ ਦੀ ਨੌਕਰੀ ਪੱਕੀ ਨਹੀਂ ਸੀ। ਉਸ ਤੋਂ ਪਹਿਲਾਂ ਉਸ ਦਾ ਪਤੀ ਵੀ 11 ਸਾਲ ਉਸੇ ਸਕੂਲ ਵਿੱਚ ਕੱਚੀ ਨੌਕਰੀ ਕਰਦਾ ਰਿਹਾ ਸੀ। ਉਸ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ 'ਤੇ ਉਸ ਨੂੰ ਨੌਕਰੀ ਮਿਲ ਗਈ ਸੀ।

ਕੰਡਕਟਰ ਮੂਹਰੇ ਅਤੇ ਮੁੰਡਾ ਉਸ ਦੇ ਪਿੱਛੇ ਸਾਡੇ ਵੱਲ ਆ ਗਿਆ। ਕੰਡਕਟਰ ਆਉਂਦਾ ਹੀ ਕਹਿਣ ਲੱਗਿਆ, ਮਾਤਾ, ਤੁਸੀਂ ਟਿਕਟ ਕਿਉਂ ਨਹੀਂ ਲਈ! ਮੈਂ ਸਾਰੀ ਬੱਸ ਵਿੱਚ ਉੱਚੀ ਉੱਚੀ ਬੋਲ ਕੇ ਕਿਹਾ ਕਿ ਭਾਈ ਜੇ ਕਿਸੇ ਦੀ ਟਿਕਟ ਰਹਿ ਗਈ ਤਾਂ ਲੈ ਲਿਓ। ਤੁਸੀਂ ਉਦੋਂ ਕਿਉਂ ਨਹੀਂ ਬੋਲੇ। ਜੇਕਰ ਕੋਈ ਚੈੱਕਰ ਚੜ੍ਹ ਜਾਂਦਾ ਤਾਂ ਮੇਰੀ ਨੌਕਰੀ ਤਾਂ ਗਈ ਸੀ। ਮੈਂ ਤਾਂ ਪੂਰੇ ਦਸ ਸਾਲ ਬਾਅਦ ਕੋਰਟ ਕੇਸ ਜਿੱਤ ਕੇ ਨੌਕਰੀ ਲਈ ਹੈ।

"ਭਾਈ, ਮੈਂ ਤਾਂ ਕਿਹਾ ਸੀ, ਤੂੰ ਹੀ ਨਹੀਂ ਸੁਣਿਆ। ਤੂੰ ਕਹੀ ਜਾਂਦਾ ਸੀ ਬਈ ਬਨੂੜ ਨਹੀਂ ਰੁਕਣੀ ਬੱਸ, ਸਾਡਾ ਸਟੌਪੇਜ ਨਹੀਂ ਉੱਥੇ, ਅਸੀਂ ਉੱਥੇ ਰੋਕ ਨਹੀਂ ਸਕਦੇ। ਚੱਲ ਕੋਈ ਨਹੀਂ, ਰਾਜਪੁਰੇ ਦੀ ਟਿਕਟ ਦੇ ਦੇ, ਉਸ ਔਰਤ ਨੇ ਝਗੜਾ ਮੁਕਾਉਂਦਿਆਂ ਕਿਹਾ।

ਕੰਡਕਟਰ ਨੇ ਟਿਕਟ ਕੱਟ ਕੇ ਦਿੱਤੀ ਅਤੇ ਬਾਕੀ ਬਚੇ ਪੈਸੇ ਉਸ ਦੇ ਹੱਥ ਫੜਾਏ।

ਅੱਗੇ ਤੋਂ ਪੁੱਛ ਕੇ ਚੜ੍ਹਿਆ ਕਰੋ, ਇਹ ਕਹਿੰਦਾ ਕੰਡਕਟਰ ਡਰਾਈਵਰ ਵੱਲ ਚਲਾ ਗਿਆ।

ਉਹ ਮੁੰਡਾ ਵੀ ਪਿਛਲੀ ਸੀਟ 'ਤੇ ਮੁੰਡਿਆਂ ਨਾਲ ਬੈਠ ਗਿਆ।

ਉਹ ਔਰਤ ਕਹਿਣ ਲੱਗੀ, "ਮੇਰੀਆਂ ਦੋ ਕੁੜੀਆਂ ਹਨ। ਦੋਵੇਂ ਵਿਆਹੀਆਂ ਹੋਈਆਂ ਹਨ। ਵੱਡੀ ਸੁਖੀ ਵਸਦੀ ਹੈ। ਛੋਟੀ ਦੇ ਸਹੁਰੇ ਤੰਗ ਕਰਦੇ ਹਨ।"

ਕਿਉਂ ਤੰਗ ਕਰਦੇ ਨੇ? ਮੈਂ ਉਸ ਨੂੰ ਉਲਟਾ ਸੁਆਲ ਕੀਤਾ।

ਉਹ ਕਹਿਣ ਲੱਗੀ, "ਮੇਰਾ ਇੱਕ ਮੁੰਡਾ ਸੀ ਜੋ 23 ਸਾਲਾਂ ਦੀ ਭਰ ਜੁਆਨੀ ਵਿੱਚ ਬਿਮਾਰੀ ਕਾਰਨ ਰੱਬ ਨੂੰ ਪਿਆਰਾ ਹੋ ਗਿਆ। ਇਸੇ ਕਾਰਨ ਛੋਟੀ ਕੁੜੀ ਦੇ ਸਹੁਰੇ ਕਹਿੰਦੇ ਹਨ ਕਿ ਜੋ ਘਰ ਤੇਰੀ ਮਾਂ ਕੋਲ ਹੈ ਉਹ ਪ੍ਰਾਹੁਣੇ ਦੇ ਨਾਮ ਲਗਵਾ ਦੇਵੇ। ਇਸੇ ਕਰਕੇ ਕੁੜੀ ਨੂੰ ਮੇਰੇ ਕੋਲ ਆਉਣ ਨਹੀਂ ਦੇ ਰਹੇ। ਕੁੜੀ ਕੋਲ ਮੁੰਡਾ ਹੋਇਆ ਹੈ ਮੈਨੂੰ ਵੇਖਣ ਵੀ ਨਹੀਂ ਦਿੱਤਾ। ਮੈਂ ਬੱਚੇ ਦੀ ਰਿਸ਼ਤੇਦਾਰਾਂ ਕੋਲ ਵੱਟਸਐਪ 'ਤੇ ਫੋਟੋ ਦੇਖੀ ਹੈ। ਮੇਰਾ ਮਨ ਖ਼ੁਸ਼ ਤਾਂ ਹੈ ਪਰ ਉਹ ਮੈਨੂੰ ਕੁੜੀ ਨੂੰ ਮਿਲਣ ਨਹੀਂ ਦਿੰਦੇ। ਮੈਂ ਕੀ ਕਰਾਂ!" ਉਹ ਕਹਿਣ ਲੱਗੀ। "ਮੈਂ ਥਾਣੇ ਜਾ ਕੇ ਵੀ ਵੇਖ ਲਿਆ, ਮਸਲਾ ਹੱਲ ਨਹੀਂ ਹੋਇਆ," ਉਹ ਆਪਣੀ ਵਿੱਥਿਆ ਸੁਣਾਈ ਜਾ ਰਹੀ ਸੀ।

"ਚੰਗਾ ਭੈਣੇ, ਕੋਈ ਗਲਤੀ ਹੋ ਗਈ ਹੋਵੇ ਤਾਂ ਮਾਫ਼ ਕਰੀਂ," ਇਹ ਕਹਿੰਦੀ ਹੋਈ ਉਹ ਔਰਤ ਬੱਸ ਵਿੱਚੋਂ ਉੱਤਰ ਗਈ।

ਬੱਸ ਆਪਣੀ ਮੰਜ਼ਿਲ ਵੱਲ ਦੌੜੀ ਜਾ ਰਹੀ ਸੀ। ਕੰਡਕਟਰ ਟਿਕਟਾਂ ਕੱਟਦਾ ਕੱਟਦਾ ਫੇਰ ਪਿੱਛੇ ਜਾ ਪਹੁੰਚਿਆ। ਇਸ ਵਾਰ ਉਹ ਇੱਕ ਆਦਮੀ ਨਾਲ ਖਹਿਬੜ ਰਿਹਾ ਸੀ। ਔਰਤ ਕਹਿ ਰਹੀ ਸੀ ਕਿ ਅਸੀਂ ਤਾਂ ਬੱਸ ਅੱਡੇ 'ਤੇ ਖੜ੍ਹੇ ਸੀ। ਸਾਡੇ ਮਗਰ ਹੀ ਭੱਜ ਕੇ ਆ ਗਿਆ ਤਾਂ ਅਸੀਂ ਕੀ ਕਰਦੇ। ਇਸੇ ਲਈ ਨਾਲ ਹੀ ਲੈ ਆਏ।

ਮੈਂ ਸੋਚਿਆ ਕਿ ਸ਼ਾਇਦ ਛੋਟਾ ਬੱਚਾ ਹੋਵੇਗਾ ਜੋ ਭੱਜ ਕੇ ਮਗਰ ਆ ਗਿਆ। ਪਿੱਛੇ ਮੁੜ ਕੇ ਦੇਖਿਆ ਤਾਂ ਔਰਤ ਇੱਕ ਕੁੱਤੇ ਨੂੰ ਗੋਦੀ ਚੁੱਕੀ ਬੈਠੀ ਸੀ।

"ਇਸ ਦੀ ਟਿਕਟ ਲੱਗੇਗੀ," ਕੰਡਕਟਰ ਨੇ ਕਿਹਾ।

ਪਿੱਛੇ ਦੇਖਦਿਆਂ ਮੈਂ ਕਿਹਾ ਕਿ ਕੁੱਤੇ ਦੀ ਵੀ ਟਿਕਟ ਲੱਗਦੀ ਹੈ।

ਮੇਰੇ ਨਾਲ ਵਾਲੀ ਸੀਟ 'ਤੇ ਇੱਕ ਮੁੰਡਾ ਬੈਠਾ ਸੀ। ਉਹ ਕਹਿਣ ਲੱਗਿਆ ਕਿ ਚਾਰ ਲੱਤਾਂ ਵਾਲੇ ਜਾਨਵਰਾਂ ਦੀਆਂ ਦੋ ਟਿਕਟਾਂ ਲੱਗਦੀਆਂ ਹਨ।

ਮੈਂ ਹੈਰਾਨ ਹੋ ਕੇ ਕੁੱਤੇ ਤੇ ਉਸ ਦੀ ਮਾਲਕ ਔਰਤ ਵੱਲ ਵੇਖ ਰਹੀ ਸੀ।

ਕੰਡਕਟਰ ਔਰਤ ਨੂੰ ਕਹਿ ਰਿਹਾ ਸੀ ਕਿ ਇਸ ਨੂੰ ਚੁੰਨੀ ਹੇਠਾਂ ਲੁਕੋ ਕੇ ਰੱਖੋ। ਹੋਰ ਮੇਰੀ ਜਾਨ ਨੂੰ ਸਿਆਪਾ ਪਾਉਗੇ।

ਮੇਰੇ ਨਾਲ ਬੈਠੀ ਔਰਤ ਅਬੋਹਰ ਤੋਂ ਚੰਡੀਗੜ੍ਹ ਫਿੰਗਰ ਪ੍ਰਿੰਟ ਲਈ ਅਲਾਂਤੇ ਮਾਲ ਆਈ ਸੀ। ਉਸ ਨੂੰ ਕੁੱਤੇ ਤੋਂ ਬਹੁਤ ਡਰ ਲੱਗ ਰਿਹਾ ਸੀ। ਉਹ ਮੈਨੂੰ ਪੁੱਛੀ ਜਾ ਰਹੀ ਸੀ ਕਿ ਬੱਸ ਬਠਿੰਡਾ ਕਿੰਨੇ ਵਜੇ ਪਹੁੰਚੇਗੀ। ਮੈਂ ਉਸ ਨੂੰ ਕਿਹਾ, "ਡਰੋ ਨਾ। ਅਕਸਰ ਹੀ ਔਰਤਾਂ ਦਸ ਵਜੇ ਤੱਕ ਬਠਿੰਡਾ ਸਫ਼ਰ ਕਰਦੀਆਂ ਹਨ।"

ਅਗਲੇ ਬੱਸ ਸਟਾਪ 'ਤੇ ਕੁੱਤੇ ਵਾਲੀ ਔਰਤ ਉਤਰਨ 'ਤੇ ਬੱਸ ਦੇ ਕੰਡਕਟਰ ਨੇ ਸੁਖ ਦਾ ਸਾਹ ਲਿਆ।

ਮੈਨੂੰ ਅੱਜ ਤੋਂ ਕੋਈ 30-35 ਸਾਲ ਪਹਿਲਾਂ ਦੀ ਗੱਲ ਯਾਦ ਆ ਗਈ। ਮੈਂ ਛੁੱਟੀਆਂ ਹੋਣ ਕਰਕੇ ਆਪਣੇ ਨਾਨਕੇ ਗਈ ਹੋਈ ਸੀ। ਛੁੱਟੀਆਂ ਖ਼ਤਮ ਹੋਣ ਕਰਕੇ ਮੇਰੇ ਮਾਮੀ ਜੀ ਨੇ ਮੈਨੂੰ ਛੱਡਣ ਲਈ ਆਉਣਾ ਸੀ। ਮੇਰੇ ਨਾਨਕਿਆਂ ਤੋਂ ਖੰਨਾ ਸ਼ਹਿਰ ਚਾਰ ਕੁ ਕਿਲੋਮੀਟਰ 'ਤੇ ਸੀ। ਨਾਨਕਿਆਂ ਦਾ ਪਿੰਡ ਖਟੜਾ ਮੁੱਖ ਸੜਕ ਤੋਂ ਹਟ ਕੇ ਸੀ। ਛੋਟਾ ਖੰਨਾ ਸੜਕ ਦੇ ਨਾਲ ਲੱਗਦਾ ਸੀ। ਖਟੜਾ ਉਸ ਤੋਂ ਬਾਅਦ ਆਉਂਦਾਸੀ ਜਾਂ ਖਟੜੇ ਤੋਂ ਛੋਟੇ ਖੰਨੇ ਦੇ ਖੇਤਾਂ ਵਿਚਦੀ ਖੰਨੇ ਪਹੁੰਚਿਆ ਜਾਂਦਾ ਸੀ।

ਮੈਂ ਤੇ ਮਾਮੀ ਜੀ ਨਾਨਕਿਆਂ ਤੋਂ ਤੁਰ ਪਏ। ਮਾਮੀ ਜੀ ਨੇ ਸ਼ੱਕਰ ਦਾ ਝੋਲਾ ਭਰਿਆ ਤੇ ਆਪਣੇ ਸਿਰ 'ਤੇ ਰੱਖ ਲਿਆ। ਅਜੇ ਅਸੀਂ ਪਿੰਡ ਤੋਂ ਬਾਹਰ ਨਿਕਲ ਕੇ ਛੋਟੇ ਖੰਨੇ ਦੇ ਘਰਾਂ ਕੋਲ ਹੀ ਪਹੁੰਚੇ ਸੀ ਕਿ ਪਿੰਡ ਤੋਂ ਇੱਕ ਰਿਕਸ਼ਾ ਕਿਸੇ ਸਵਾਰੀ ਨੂੰ ਛੱਡ ਕੇ ਵਾਪਸ ਆ ਰਿਹਾ ਸੀ।

ਕੁੜੇ ਨਛੱਤਰੋ, ਭਾਈ ਬਹਿ ਜਾਓ ਰਿਕਸ਼ਾ 'ਤੇ। ਰਿਕਸ਼ੇ ਵਾਲੇ ਨੇ ਮਾਮੀ ਜੀ ਨੂੰ ਪਛਾਣ ਕੇ ਕਿਹਾ।

ਵੀਰ ਕੋਈ ਨਹੀਂ, ਅਸੀਂ ਤੁਰ ਕੇ ਚਲੇ ਜਾਣਾ ਹੈ। ਮਾਮੀ ਜੀ ਬੋਲੇ। ਲੈ ਇਹ ਕਿਵੇਂ ਹੋ ਸਕਦਾ ਹੈ ਕਿ ਭਾਈ ਦੇ ਹੁੰਦੇ ਭੈਣ ਤੁਰ ਕੇ ਜਾਵੇ।

ਰਿਕਸ਼ੇ ਵਾਲੇ ਭਾਈ ਦੀ ਮਾਂ ਵੀ ਮਾਮੀ ਦੇ ਪੇਕਿਆਂ ਦੀ ਸੀ। ਇਸ ਲਈ ਰਿਕਸ਼ੇ ਵਾਲਾ ਭਾਈ ਮਾਮੀ ਜੀ ਨੂੰ ਭੈਣ ਕਹਿ ਰਿਹਾ ਸੀ। ਉਦੋਂ ਰਿਸ਼ਤਿਆਂ ਦਾ ਬਹੁਤ ਸਤਿਕਾਰ ਕੀਤਾ ਜਾਂਦਾ ਸੀ।

ਉਸ ਨੇ ਪੁੱਛਿਆ, "ਇਹ ਕੁੜੀ ਕੌਣ ਹੈ?"

"ਮੇਰੀ ਨਣਦ ਦੀ ਕੁੜੀ ਹੈ। ਛੁੱਟੀਆਂ ਖ਼ਤਮ ਹੋਣ ਕਰਕੇ ਇਹਨੂੰ ਛੱਡਣ ਚੱਲੀ ਹਾਂ।"

ਉਹ ਗੱਲਾਂ ਕਰਦਾ ਕਰਦਾ ਸਾਨੂੰ ਖੰਨੇ ਬੱਸ ਸਟੈਂਡ 'ਤੇ ਹੀ ਛੱਡ ਗਿਆ।

ਰਿਕਸ਼ਾ 'ਚੋਂ ਉੱਤਰ ਕੇ ਅਸੀਂ ਚੰਡੀਗੜ੍ਹ ਵਾਲੀ ਬੱਸ ਚੜ੍ਹ ਗਈਆਂ। ਬੱਸ ਅੱਡੇ ਤੋਂ ਚੱਲ ਕੇ ਖੰਨੇ ਤੇ ਗੋਬਿੰਦਗੜ੍ਹ ਦੇ ਵਿਚਕਾਰ ਆ ਗਈ ਸੀ। ਕੰਡਕਟਰ ਸਾਡੇ ਕੋਲ ਟਿਕਟਾਂ ਕੱਟਦਾ-ਕੱਟਦਾ ਆ ਪਹੁੰਚਿਆ। ਮਾਮੀ ਜੀ ਝੋਲੇ ਵਿੱਚੋਂ ਪੈਸੇ ਕੱਢਣ ਲੱਗੇ ਤਾਂ ਪੈਸੇ ਨਾ ਥਿਆਏ। ਘਰੋਂ ਤੁਰਦੇ ਹੋਏ ਉਨ੍ਹਾਂ ਝੋਲੇ ਵਿੱਚ ਸ਼ੱਕਰ ਭਰ ਕੇ ਉੱਪਰ ਸੌ ਦਾ ਨੋਟ ਰੱਖ ਲਿਆ ਸੀ, ਜਿਹੜਾ ਹੁਣ ਲੱਭ ਨਹੀਂ ਸੀ ਰਿਹਾ। ਉਨ੍ਹਾਂ ਸਾਰੀ ਸ਼ੱਕਰ ਵਿੱਚ ਹੱਥ ਮਾਰ ਕੇ ਵੇਖ ਲਿਆ ਸੀ, ਪਰ ਨੋਟ ਨਾ ਲੱਭਿਆ। ਕੰਡਕਟਰ ਕੋਲ ਖੜ੍ਹਾ ਦੇਖੀ ਜਾ ਰਿਹਾ ਸੀ।

ਭਾਈ, ਝੋਲਾ ਮੇਰੇ ਸਿਰ 'ਤੇ ਰੱਖਿਆ ਹੋਇਆ ਸੀ, ਸ਼ਾਇਦ ਤੁਰਨ ਵੇਲੇ ਖਿਸਕ ਕੇ ਨੋਟ ਡਿੱਗ ਪਿਆ ਹੋਵੇ। ਜਾਣਾ ਅਸੀਂ ਚੰਡੀਗੜ੍ਹ ਹੈ। ਤੇਰੀ ਮਰਜ਼ੀ ਹੈ ਚਾਹੇ ਬੱਸ 'ਚੋਂ ਉਤਾਰ ਦੇ, ਚਾਹੇ ਚੰਡੀਗੜ੍ਹ ਤੱਕ ਲੈ ਚੱਲ, ਮਾਮੀ ਜੀ ਨੇ ਕੰਡਕਟਰ ਨੂੰ ਕਿਹਾ।

ਕੰਡਕਟਰ ਬੋਲਿਆ ਕੁਝ ਨਾ। ਸ਼ਾਇਦ ਉਸ ਨੂੰ ਸਾਡੇ ਉੱਤਰੇ ਹੋਏ ਮੂੰਹ ਵੇਖ ਕੇ ਇਹ ਗੱਲ ਸੱਚ ਜਾਪੀ ਅਤੇ ਉਹ ਅੱਗੇ ਟਿਕਟਾਂ ਕੱਟਣ ਲੱਗ ਪਿਆ। ਬੱਸ ਸਰਹਿੰਦ, ਮੋਰਿੰਡਾ, ਮੁਹਾਲੀ ਹੁੰਦੀ ਹੋਈ ਚੰਡੀਗੜ੍ਹ ਪਹੁੰਚ ਗਈ।

## ਮਿੰਨੀ ਕਹਾਣੀ

**ਮੋਹਨ ਸ਼ਰਮਾ**

# ਨਿਊਂਦਾ

ਉਹਦੇ ਐਮ.ਏ. ਪਾਸ ਪੁੱਤਰ ਦੀ ਚੰਡੀਗੜ੍ਹ ਵਿੱਚ ਇੰਟਰਵਿਊ ਦਾ ਸੱਦਾ ਹਾਲੇ ਆਉਣਾ ਸੀ। ਆਸਾਮੀ ਲਈ ਲਿਖਤੀ ਟੈਸਟ ਉਸ ਨੇ ਪਾਸ ਕਰ ਲਿਆ ਸੀ। 'ਜੇ ਆਪਣੇ ਇਲਾਕੇ ਦੇ ਮੰਤਰੀ ਦਾ ਥੋੜ੍ਹਾ ਜਿਹਾ ਟੂੱਲ ਲੱਗ ਜੇ ਤਾਂ ਮੁੰਡਾ ਆਹਰੇ ਲੱਗ ਜੂ' ਇਹ ਸੋਚ ਕੇ ਉਸ ਨੇ ਮੰਤਰੀ ਦੀ ਕੋਠੀ ਕਈ ਗੇੜੇ ਮਾਰੇ। ਵੋਟਾਂ ਵੇਲੇ ਪੂਰੀ ਮੱਦਦ ਕਰਨ ਕਰਕੇ ਉਹ ਉਸ 'ਤੇ ਆਪਣਾ ਹੱਕ ਵੀ ਸਮਝਦਾ ਸੀ, ਪਰ ਮੰਤਰੀ ਉੱਥੇ ਨਹੀਂ ਮਿਲਿਆ। ਉੱਥੇ ਖੜ੍ਹੇ ਪੁਲਿਸ ਵਾਲੇ ਨੇ ਦੱਸਿਆ ਕਿ ਇੱਥੇ ਤਾਂ ਮੰਤਰੀ ਸਾਹਿਬ ਸਬੱਬੀਂ ਗੇੜਾ ਮਾਰਦੇ ਨੇ। ਉਹ ਜਾਂ ਤਾਂ ਸੈਕਟਰੀਏਟ ਵਿੱਚ ਮਿਲਣਗੇ ਜਾਂ ਫਿਰ ਚੰਡੀਗੜ੍ਹ ਕੋਠੀ ਵਿੱਚ। ਇੱਥੇ ਗੇੜਾ ਮਾਰਨ ਦਾ ਕੋਈ ਫ਼ਾਇਦਾ ਨਹੀਂ। ਉਸ ਨੇ ਆਪਣੇ ਪੜ੍ਹੇ ਲਿਖੇ ਮੁੰਡੇ ਨੂੰ ਨਾਲ ਲੈ ਕੇ ਸਕੱਤਰੇਤ ਦਾ ਰੁਖ਼ ਕਰ ਲਿਆ। ਅਗਾਂਹ ਮੰਤਰੀ ਜੀ ਤੱਕ ਪਹੁੰਚਣਾ ਕਿਹੜਾ ਸੌਖਾ ਸੀ! ਰਿਸੈਪਸ਼ਨ 'ਤੇ ਪਾਸ ਬਣਵਾਉਣ ਲਈ ਉਸ ਦਾ ਲੜਕਾ ਖਿੜਕੀ ਕੋਲ ਖੜ੍ਹ ਗਿਆ। ਕਿਸ ਨੂੰ ਮਿਲਣਾ ਹੈ? ਪਾਸ ਬਣਾਉਣ ਵਾਲੇ ਨੇ ਪੁੱਛਿਆ। ਮੰਤਰੀ ਜੀ ਨੂੰ ਮਿਲਣੈ। ਉਨ੍ਹਾਂ ਦੇ ਇਲਾਕੇ ਵਿੱਚੋਂ ਆਏ ਹਾਂ। ਬਾਪੂ ਜੀ ਨੂੰ ਚੰਗੀ ਤਰ੍ਹਾਂ ਜਾਣਦੇ ਨੇ। ਮੁੰਡੇ ਨੇ ਤਰਲੇ ਨਾਲ ਕਿਹਾ। ਅਗਾਂਹ ਪਾਸ ਕੱਟਣ ਵਾਲੇ ਨੇ ਮੰਤਰੀ ਦੇ ਪੀ.ਏ. ਨੂੰ ਫੋਨ ਮਿਲਾ ਕੇ ਪਾਸ ਜਾਰੀ ਕਰਨ ਲਈ ਪੁੱਛਿਆ। ਪੀ.ਏ. ਨੇ ਪਾਸ ਕੱਟਣ ਵਾਲੇ ਨੂੰ ਕਿਹਾ ਕਿ ਮੇਰੀ ਇਨ੍ਹਾਂ ਨਾਲ ਗੱਲ ਕਰਾ। ਹਾਂ ਜੀ" ਕਹਿਣ 'ਤੇ ਪੀ.ਏ. ਨੇ ਬੇਰੁਖ਼ੀ ਜਿਹੀ ਨਾਲ ਕਿਹਾ, ਮੰਤਰੀ ਸਾਹਿਬ, ਅੱਜ ਸਾਰਾ ਦਿਨ ਮੀਟਿੰਗਾਂ ਵਿੱਚ ਰੁੱਝੇ ਨੇ। ਤੁਸੀਂ ਕਿਸੇ ਦਿਨ ਪਹਿਲਾਂ ਟਾਈਮ ਲੈ ਕੇ ਆਵੋ। ਕੋਸ਼ਿਸ਼ ਕਰਨ 'ਤੇ ਵੀ ਉਨ੍ਹਾਂ ਨੂੰ ਸਕੱਤਰੇਤ ਦੀਆਂ ਪੌੜੀਆਂ ਚੜ੍ਹਨੀਆਂ ਨਸੀਬ ਨਾ ਹੋਈਆਂ। ਬਜ਼ੁਰਗ ਨੇ ਪੁੱਤ ਨੂੰ ਕਿਹਾ, ਹੁਣ ਜਾਵਾਂਗੇ ਤਾਂ ਆਪਾਂ ਮਿਲ ਕੇ ਹੀ। ਆਥਣੇ ਕੋਠੀ ਜਾ ਕੇ ਦੇਖਦੇ ਹਾਂ। ਰਾਤੀਂ ਸੱਤ ਕੁ ਵਜੇ ਉਹ ਮੰਤਰੀ ਦੀ ਕੋਠੀ ਪੁੱਜ ਗਏ। ਅੱਗਿਉਂ ਸੰਤਰੀ ਨੇ ਬੇਰੁਖ਼ੀ ਨਾਲ ਕਿਹਾ, ਅੰਦਰ ਪਾਰਟੀ ਚੱਲ ਰਹੀ ਹੈ। ਮੰਤਰੀ ਜੀ ਕਿਸੇ ਨੂੰ ਮਿਲ ਨਹੀਂ ਸਕਦੇ। ਰਾਤ ਉਨ੍ਹਾਂ ਨੇ ਚੰਡੀਗੜ੍ਹ ਵਿੱਚ ਭਟਕਦਿਆਂ ਹੀ ਗੁਜ਼ਾਰੀ। ਸਵੇਰੇ ਸਾਝਰੇ ਹੀ ਉਨ੍ਹਾਂ ਨੇ ਫਿਰ ਕੋਠੀ ਦਸਤਕ ਦੇ ਦਿੱਤੀ। ਅੱਗਿਉਂ ਸੰਤਰੀ ਦਾ ਰੁੱਖਾ ਜਿਹਾ ਜਵਾਬ ਮਿਲਿਆ, ਮੰਤਰੀ ਜੀ ਤਾਂ ਦਿੱਲੀ ਚਲੇ ਗਏ ਨੇ। ਦੋ ਦਿਨ ਉੱਥੇ ਹੀ ਰਹਿਣਗੇ। ਉਹ ਉਦਾਸ, ਨਿੰਮੋਝੂਣੇ ਜਿਹੇ ਹੋ ਕੇ ਪਿੰਡ ਪਰਤ ਆਏ।



"ਕਿਉਂ ਬਣਿਆ ਕੋਈ ਬੰਨ੍ਹ ਸੁਬ੍ਹ?" ਪਤਨੀ ਨੇ ਪਾਣੀ ਦਾ ਗਿਲਾਸ ਫੜਾਉਂਦਿਆਂ ਕਿਹਾ। ਕਾਹਨੂੰ, ਕੁੱਤੇ ਭਕਾਈ ਹੋਈ ਐ। ਨਾ ਦਫ਼ਤਰ ਮਿਲਿਆ। ਨਾ ਕੋਠੀ। ਉਹਦਾ ਪੀ.ਏ. ਕਹਿੰਦਾ ਪਹਿਲਾਂ ਸਮਾਂ ਲੈ ਕੇ ਆਉ। ਫਿਰ ਮਿਲਿਆ ਜਾਊ। ਪਤੀ ਨੇ ਅੰਤਾਂ ਦਾ ਨਿਰਾਸ਼ ਹੋ ਕੇ ਕਿਹਾ।

"ਦੇਖ ਲੈ, ਚੋਣਾਂ ਵੇਲੇ ਕਿਵੇਂ ਲੇਲ੍ਹੜੀਆਂ ਕੱਢਦਾ ਸੀ। ਮੇਰੇ ਪੈਰੀਂ ਹੱਥ ਲਾ ਕੇ ਕਹਿੰਦਾ ਸੀ, 'ਬੇਬੇ, ਅਸ਼ੀਰਵਾਦ ਦੇ ਤੇਰੇ ਪੁੱਤ ਨੂੰ। ਥੋਡੇ ਸਾਰਿਆਂ ਦੇ ਸਹਿਯੋਗ ਨਾਲ ਹੀ ਜਿੱਤਿਆ ਜਾਣੈ। ਥੋਡਾ ਸੇਵਕ ਬਣ ਕੇ ਇਲਾਕੇ ਦੀ ਸੇਵਾ ਕਰੂੰ। ਤੁਸੀਂ ਜਦੋਂ ਵੀ ਬੁਲਾਉਗੇ,ਅੱਧ-ਬੋਲ ਹਾਜ਼ਰ ਹੋਵਾਂਗਾ। ਦੇਖ ਲੈ ਹੁਣ। ਕੋਈ ਨਹੀਂ ਪਾਣੀ ਤਾਂ ਪੁਲਾਂ ਹੇਠ ਦੀ ਲੰਘਣੈ। ਵੋਟਾਂ ਵਾਲਾ ਸਮਾਂ ਆਉਣ ਦੇ। ਇਹਨੂੰ ਸੁਆਰ ਕੇ ਧਨੇਸੜੀ ਦੇਵਾਂਗੇ।

ਕੁਝ ਮਹੀਨਿਆਂ ਬਾਅਦ ਹੀ ਉਸ ਨੇ ਪਿੰਡ ਦੇ ਸਕੂਲ ਵਿੱਚ ਲਿਆਂਦੀ 'ਵਿਕਾਸ ਦੀ ਹਨੇਰੀ' ਦਾ ਨੀਂਹ ਪੱਥਰ ਰੱਖਣ ਆਉਣਾ ਸੀ। ਉਹਦੇ ਵਾਂਗ ਇਲਾਕੇ ਦੇ ਲੋਕ ਵੀ ਉਹਦੀ ਕਾਰਗੁਜ਼ਾਰੀ ਤੋਂ ਨਾਰਾਜ਼ ਸਨ। ਇਧਰ ਸਕੂਲ ਅਧਿਆਪਕ ਮੰਤਰੀ ਦੇ ਸਵਾਗਤ ਲਈ ਤਿਆਰੀਆਂ ਵਿੱਚ ਰੁੱਝ ਗਏ ਅਤੇ ਇਲਾਕੇ ਦੇ ਲੋਕਾਂ ਨੇ ਅਲੱਗ ਇੱਕ ਥਾਂ ਉਹਨੂੰ ਰਾਹ ਵਿੱਚ ਘੇਰ ਕੇ ਉਹਦਾ 'ਸਵਾਗਤ' ਕਰਨ ਦਾ ਪ੍ਰੋਗਰਾਮ ਉਲੀਕ ਲਿਆ। ਅਧਿਆਪਕ ਇਕੱਠ ਕਰਨ ਲਈ ਘਰੋਂ ਘਰੀਂ ਸੁਨੇਹੇ ਦਿੰਦੇ ਰਹੇ। ਆਪਣੇ ਵਿਦਿਆਰਥੀਆਂ ਨੂੰ ਵੀ ਕਿਹਾ ਕਿ ਉਹ ਮਾਪਿਆਂ ਨੂੰ ਸਕੂਲ ਲੈ ਕੇ ਆਉਣ। ਸਮਾਗਮ ਦੀ ਸ਼ੋਭਾ ਵਧਾਉਣੀ ਜ਼ਰੂਰੀ ਹੈ।

ਮੰਤਰੀ ਦਾ ਕਾਫ਼ਲਾ ਗੱਡੀਆਂ ਸਮੇਤ ਸਕੂਲ ਵੱਲ ਜਾ ਰਿਹਾ ਸੀ। ਰਾਹ ਵਿੱਚ ਭਾਰੀ ਇਕੱਠ ਵੇਖ ਕੇ ਉਸ ਨੇ ਅੰਦਾਜ਼ਾ ਲਾਇਆ ਕਿ ਉਸ ਦੇ ਸਵਾਗਤ ਲਈ ਲੋਕ ਰਾਹ ਵਿੱਚ ਖੜੋਤੇ ਹਨ। ਉਸ ਨੇ ਗੱਡੀ ਰੋਕੀ। ਦੋਵੇਂ ਹੱਥ ਜੋੜ ਕੇ ਭੀੜ ਵੱਲ ਵਧਿਆ। ਭੀੜ ਦੇ ਨੇੜੇ ਆਉਣ 'ਤੇ ਇੱਕ ਵਿਅਕਤੀ ਨੇ ਵਿਅੰਗ ਕੀਤਾ, ਬੱਲੇ ਬੱਲੇ, ਜਾਂ ਤਾਂ ਇਹਦੇ ਹੱਥ ਉਦੋਂ ਜੁੜੇ ਹੋਏ ਸੀ, ਜਦੋਂ ਇਹਨੇ ਵੋਟਾਂ ਲੈਣੀਆਂ ਸੀ ਅਤੇ ਜਾਂ ਫਿਰ ਅੱਜ ਵੋਟਾਂ ਪਿੱਛੋਂ ਪਹਿਲੀ ਵਾਰ ਇਹਦੇ ਦਰਸ਼ਨ ਹੋਏ ਨੇ। ਫਿਰ ਲੋਕਾਂ ਨੇ ਉਹਦੇ 'ਤੇ ਸਵਾਲਾਂ ਦੀ ਝੜੀ ਲਾ ਦਿੱਤੀ। ਉਹਦੇ ਇਲਾਕੇ ਵਿੱਚ ਕੀਤੇ ਕੰਮਾਂ ਸਬੰਧੀ ਜਾਣਕਾਰੀ ਮੰਗੀ। ਚੋਣ ਵਾਅਦੇ ਯਾਦ ਕਰਵਾਏ, ਫਿਟ ਲਾਹਨਤਾਂ ਵੀ ਪਾਈਆਂ। ਉਹ ਬਜ਼ੁਰਗ ਭੀੜ ਨੂੰ ਚੀਰਦਾ ਹੋਇਆ ਅਗਾਂਹ ਵਧਿਆ। ਰੋਹ ਭਰੇ ਅੰਦਾਜ਼ ਵਿੱਚ ਉਸ ਨੇ ਪੁੱਛਿਆ, ਸ਼ਹਿਰ ਕੋਠੀ 'ਚ ਤੂੰ ਮਿਲਦਾ ਨਹੀਂ। ਚੰਡੀਗੜ੍ਹ ਦਫ਼ਤਰ ਮੂਹਰੇ ਜਵਾਬ ਮਿਲਦੈ ਕਿ ਪਹਿਲਾਂ ਟਾਈਮ ਲੈ ਕੇ ਆਉ, ਫਿਰ ਮਿਲੂਗਾ ਮੰਤਰੀ। ਤੈਨੂੰ ਮਿਲਣ ਵਾਸਤੇ ਤਾਂ ਪਹਿਲਾਂ ਤੈਥੋਂ ਟਾਈਮ ਲੈਣਾ ਪੈਣੈ। ਤੂੰ ਫਿਰ ਮਿਲੇਂਗਾ। ਅੱਜ ਤੂੰ ਸਾਡੇ ਪਿੰਡ ਆਇਐਂ, ਕੀਹਤੋਂ ਪੁੱਛ ਕੇ ਆਇਐਂ? ਬਿਨਾਂ ਪੁੱਛੇ ਤੋਂ ਆਉਣ ਵਾਲੇ ਨੂੰ ਅਗਾਂਹ ਅਸੀਂ ਵੀ ਨਹੀਂ ਜਾਣ ਦਿੰਦੇ। ਤੇਰੀਆਂ ਗੱਡੀਆਂ ਸਾਡੀਆਂ ਲਾਸ਼ਾਂ ਉੱਪਰ ਦੀ ਲੰਘਣਗੀਆਂ। ਨਾਲ ਹੀ ਲੋਕਾਂ ਨੇ ਉਹਦਾ ਨਾਂ ਲੈ ਕੇ ਮੁਰਦਾਬਾਦ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਪੁਲਿਸ ਦੀਆਂ ਰੋਕਾਂ ਦੇ ਬਾਵਜੂਦ ਲੋਕ ਉਹਦੀਆਂ ਗੱਡੀਆਂ ਅੱਗੇ ਕੰਧ ਬਣ ਕੇ ਖੜ੍ਹ ਗਏ। ਮਜਬੂਰੀਵੱਸ ਉਸ ਨੂੰ ਸਕੂਲ ਵਿੱਚ ਲਿਆਂਦੀ ਵਿਕਾਸ ਕ੍ਰਾਂਤੀ ਦਾ ਨੀਂਹ ਪੱਥਰ ਰੱਖੇ ਬਿਨਾਂ ਹੀ ਮੁੜਨਾ ਪਿਆ।

ਧੂੜ ਉਡਾਉਂਦੀ ਜੀਪ ਵੱਲ ਲੋਕ ਨਫ਼ਰਤ ਭਰੀਆਂ ਨਜ਼ਰਾਂ ਨਾਲ ਵਿਹੰਦਿਆਂ ਕਹਿ ਰਹੇ ਸਨ, ਇਹ ਤਾਂ ਹਾਲਾਂ ਨਿਊਂਦਾ ਪਾਇਆ ਹੈ। ਭਾਜੀ ਤਾਂ ਵੋਟਾਂ ਵੇਲੇ ਪਾਵਾਂਗੇ।"

# ਮੇਰੀ ਕਲਮ

## ਢਹਿੰਦੀ ਤੋਂ ਚੜ੍ਹਦੀ ਕਲਾ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308



ਤਿਣਕੇ ਵੀ ਸਨ ਬੇਵੱਸ, ਮੈਂ ਡੁੱਬ ਰਿਹਾ ਸੀ ਸ਼ਰੇਆਮ,
ਸ਼ੂਕ ਰਿਹਾ ਸੀ ਦਰਿਆ, ਮਚਾ ਰਿਹਾ ਸੀ ਕੁਹਰਾਮ।
ਕੁੱਛ ਲੋਕ ਸਨ ਤਮਾਸ਼ਬੀਨ, ਜੋ ਲੱਗਦੇ ਸਨ ਆਪਣੇ,
ਇਨਕਾਰੀ ਸਨ ਬਾਂਹ ਫੜਨੋ, ਮੇਰਾ ਜਾਣਨ ਤੋਂ ਨਾਮ।
ਪੈਂਦੇ ਸਨ ਬੜੇ ਭੁਲੇਖੇ, ਜੋ ਰਹੇ ਪਰਦੇ ਪਿੱਛੇ,
ਦਿੰਦੇ ਰਹੇ ਦਿਲਾਸੇ, ਪਰ ਕਰਦੇ ਰਹੇ ਬਦਨਾਮ।
ਰਸਤੇ ਵੀ ਸਨ ਸਾਂਝੇ, ਮੰਜ਼ਿਲਾਂ ਵੀ ਮੁਸ਼ਤਰਕਾ,
ਪਰ ਰਾਹਾਂ 'ਚ ਮਿਲੇ ਸਾਰੇ, ਮੀਲ ਪੱਥਰ ਸੁੰਨਸਾਨ।
ਪਰਾਇਆਂ ਤੋਂ ਉਮੀਦਾਂ, ਤਾਂ ਕੀ ਸੀ ਲਾਉਣੀਆਂ,
ਆਪਣਿਆਂ ਤੋਂ ਹੀ ਮਿਲੇ, ਜ਼ਖ਼ਮਾਂ ਦੇ ਨਿਸ਼ਾਨ।
ਸੂਰਜ ਦੀ ਤਪਸ਼ ਅਤੇ, ਚੰਦਰਮਾ ਦੀ ਚਾਂਦਨੀ,
ਭਰਦੀਆਂ ਗਵਾਹੀਆਂ ਮੇਰੀਆਂ, ਨੇ ਹਰ ਪਲ ਤਮਾਮ।
ਸੰਘਰਸ਼ਮਈ ਹੈ ਜ਼ਿੰਦਗੀ, ਰਸਤਾ ਹੈ ਪੁਰਸਲਾਤ,
ਡੁੱਬ ਕੇ ਵੀ ਪਾਰ ਲੱਗਣਾ, ਕਾਰਜ ਹੈ ਬੜਾ ਮਹਾਨ।
ਖੜ੍ਹਨਾ ਸੱਚਾਈ ਉੱਤੇ, ਅਸੂਲਾਂ ਦੀ ਕਦਰ ਕਰਨਾ,
ਰਿਹਾ ਮੇਰਾ ਸਦਾ ਟੀਚਾ, ਭਾਵੇਂ ਕੋਈ ਕਰੇ ਹੈਰਾਨ।
ਇੱਕ ਚੜ੍ਹਦੀ ਕਲਾ ਦੀ ਗੁੜ੍ਹਤੀ, ਜੋ ਬਾਬੇ ਨੇ ਹੈ ਦਿੱਤੀ,
ਹਰ ਕਦਮ ਕਰਦੀ ਰਹੇਗੀ, ਕਾਮਯਾਬੀਆਂ ਪ੍ਰਦਾਨ।

## ਖ਼ਾਹਸ਼ਾਂ ਦੀ ਧੂੜ ਦੇ ਤੂਫ਼ਾਨ ਵਿੱਚ

ਆਗ਼ਾ ਨਿਸਾਰ



ਖ਼ਾਹਸ਼ਾਂ ਦੀ ਧੂੜ ਦੇ ਤੂਫ਼ਾਨ ਵਿੱਚ।
ਲੱਭ ਰਿਹਾ ਹਾਂ ਮੈਂ ਵਫ਼ਾ ਇਨਸਾਨ ਵਿੱਚ।
ਦੋ ਕਦਮ ਦਾ ਫ਼ਾਸਲਾ ਵੀ ਹੈ ਤਵੀਲ,
ਹੌਸਲਾ ਹੋਵੇ ਨਾ ਜੇ ਇਨਸਾਨ ਵਿੱਚ।
ਆਰਜ਼ੂ ਦਾ ਹਰ ਸਫ਼ੀਨਾ ਡੁਬ ਗਿਆ,
ਨਾਉਮੀਦੀ ਦੇ ਚੜ੍ਹੇ ਤੂਫ਼ਾਨ ਵਿੱਚ।
ਮੈਂ ਸਦਾ ਕਰਨਾ ਵਾਂ ਉਹਦੀ ਜੁਸਤਜੂ,
ਤੇਰੇ ਭਾਣੇ ਜੋ ਨਹੀਂ ਅਮਕਾਨ ਵਿੱਚ।
ਖ਼ੌਫ਼ ਖਾਂਦਾ ਆਪ ਉਹ ਇਨਸਾਨ ਤੋਂ,
ਅਕਲ ਹੁੰਦੀ ਜੇ ਕਦੇ ਹੈਵਾਨ ਵਿੱਚ।
ਫਿਰ ਰਿਆਇਆ ਕਿਉਂ ਮੁਖ਼ਾਲਿਫ਼ ਹੋ ਗਈ,
ਜੇ ਬੁਰਾਈ ਕੁਝ ਨਹੀਂ ਸੁਲਤਾਨ ਵਿੱਚ।
ਜਦ ਕਸ਼ਿਸ਼ 'ਆਗ਼ਾ' ਵਿਖਾਈ ਕੁਫ਼ਰ ਨੇ,
ਤਾਜ਼ਗੀ ਆਈ ਮੇਰੇ ਈਮਾਨ ਵਿੱਚ।

## ਬਿਰਹੋ ਦੀ ਮਾਰ

ਸ਼ਿਵਨਾਥ ਦਰਦੀ ਫ਼ਰੀਦਕੋਟ



ਛੇੜ ਇਸ਼ਕ ਦੀ ਤਾਰ ਵੇ ਸੱਜਣਾ,
ਆਜਾ ਕਰ ਲੈ ਪਿਆਰ ਵੇ ਸੱਜਣਾ।
ਕਾਤੋ ਰੁਸਿਆ ਰੁਸਿਆ ਰਹਿਣਾ,
ਕਿਹੜੀ ਗੱਲੋਂ ਟੁਟ ਟੁਟ ਪੈਣਾ,
ਕਰ ਨੈਣਾਂ ਦੇ ਮਿੱਠੇ ਵਾਰ ਵੇ ਸੱਜਣਾ।
ਆਜਾ ਕਰ ਲੈ.....................
ਕੱਢਦੇ ਦਿਲ ਦੇ ਭਰਮ ਭੁਲੇਖੇ,
ਲੱਗ ਜਾਣਗੇ ਦੁਖ ਦੇ ਸੇਕੇ,
ਕੱਲਾ ਬਹਿ ਬਹਿ ਨਾ ਛਾੜ ਵੇ ਸੱਜਣਾ।
ਆਜਾ ਕਰ ਲੈ.....................
ਸ਼ਿਵ ਦਿਲ ਵੀ ਤੇਰਾ ਰੂਹ ਵੀ ਤੇਰੀ,
ਢਾਹ ਕੇ ਬੈਠਾ ਕਿਉ ਤੂੰ ਢੇਰੀ,
ਵੱਜ ਜਾਊ ਬਿਰਹੋ ਦੀ ਮਾਰ ਵੇ ਸੱਜਣਾ।
ਆਜਾ ਕਰ ਲੈ........................

## ਵੇ ਪਰਦੇਸੀਆ

ਅੰਮ੍ਰਿਤਾ ਪ੍ਰੀਤਮ



ਪੂਰਬ ਨੇ ਕੁਝ ਲੱਭਿਆ
ਕਿਹੜੇ ਅੰਬਰ ਫੋਲ!
ਜਿਉਂ ਹੱਥ ਕਟੋਰਾ ਦੁੱਧ ਦਾ
ਵਿੱਚ ਕੇਸਰ ਦਿੱਤਾ ਘੋਲ।
ਚਾਨਣ ਲਿੱਪੀ ਰਾਤ ਨੇ
ਸੱਤ ਸਗੰਧਾਂ ਡੋਹਲ
ਅੰਬਰ ਫ਼ਸਲਾਂ ਪੱਕੀਆਂ
ਤਾਰਿਆਂ ਲਾ ਲਏ ਬੋਹਲ
ਆਸਾਂ ਕੱਤਣ ਬੈਠੀਆਂ
ਤੰਦ ਸੁਬਕ ਤੇ ਸੋਹਲ
ਭਰ ਭਰ ਲੱਛੇ ਪੈਣ ਵੇ
ਰੇਸ਼ਮੀ ਅੱਟੀ ਝੋਲ
ਅਰਪੀ ਕਿਸ ਨੇ ਜਿੰਦੜੀ
ਚਾਰੇ ਕੰਨੀਆਂ ਖੋਹਲ
ਬੱਦਲਾਂ ਭਰ ਲਈ ਅੱਖ ਵੇ
ਪੌਣਾਂ ਭਰ ਲਈ ਝੋਲ
ਪੰਛੀ ਤੋਲੇ ਪਰਾਂ ਨੂੰ
ਟਾਹਣਾ ਗਾਈਆਂ ਡੋਲ
ਲੈ ਦੇ ਖੰਭ ਵਿਕੰਦੜੇ
ਜਾਂ ਰਹਿ ਪਉ ਸਾਡੇ ਕੋਲ
ਵੇ ਪਰਦੇਸੀਆ !
*******

## ਸੱਤ ਸਮੁੰਦਰੋਂ ਪਾਰ ਗਿਆ

ਕੁਲਜੀਤ ਕੌਰ



ਸੱਤ ਸਮੁੰਦਰੋਂ ਪਾਰ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ
ਸਾਨੂੰ ਛੱਡ ਕੇ ਅੱਧ ਵਿਚਕਾਰ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ
ਪਰਦੇਸੀ ਸੀ, ਪਰਦੇਸੀਆਂ ਨੇ ਇੱਕ ਦਿਨ ਤੁਰ ਜਾਣਾ ਹੁੰਦਾ ਏ
ਕੀ ਮਾਣ ਮਿੱਟੀ ਦੇ ਬਾਵਿਆਂ ਤੇ ਇਹਨਾ ਖੁਰ ਜਾਣਾ ਹੁੰਦਾ ਏ
ਮੈਨੂੰ ਬਿਰਹਾ ਸੂਲੀ ਚਾੜ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ
ਸਮੁੰਦਰੋਂ ਡੂੰਘਾ ਪਿਆਰ ਮੇਰਾ, ਕਿਸੇ ਹੋਰ ਕੋਲੋਂ ਕਰ ਹੋਣਾ ਨਾ
ਪੈ ਗਿਆ ਵਿਛੋੜਾ ਉਮਰਾਂ ਦਾ ਕੱਲੀ ਜਿੰਦ ਤੋਂ ਜਰ ਹੋਣਾ ਨਾ
ਹਾਰ ਗਿਆ, ਮੇਰਾ ਪਿਆਰ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ
ਦੁਨੀਆਂ ਦੇ ਤਾਹਨੇ ਮਿਹਣਿਆਂ ਨੂੰ ਹਸ ਹਸ ਕੇ ਜਰਨਾ ਔਖਾ ਏ
ਇਸ ਪਿਆਰ ਵਿਹੂਣੀ ਜਿੰਦਗੀ ਤੋਂ ਬਿਨ ਸੱਜਣਾ ਮਰਨਾ ਸੋਖਾ ਏ
ਜਿਓਂਦੀ ਹੀ ਕੁਲਜੀਤ ਨੂੰ ਮਾਰ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ

## ਸ਼ੁਭ ਸ਼ਗਨ

ਸਿੰਮੀਪ੍ਰੀਤ ਕੌਰ

ਚੁੱਲ੍ਹੇ ਮੂਹਰੇ ਬੈਠਿਆਂ
ਅੱਗ ਦੇ ਅੰਗਿਆਰਿਆਂ ਨਾਲ ਹਠਖੇਲੀਆਂ
ਕਰਦਿਆਂ ਦੇਖ
ਦਾਦੀ ਝਿੜਕਦੀ ਬੋਲੀ
ਅੱਗ ਨਾਲ ਨੀਂ ਖੇਡੀਦਾ
ਕਿਉਂ ?
ਮੇਰੀ ਮਾਸੂਮੀਅਤ ਜਵਾਬ ਮੰਗਦੀ ਸੀ
ਕੋਲ ਬੈਠੀਆਂ ਮਾਂ, ਚਾਚੀ ਤੇ ਭੂਆ ਦੇ
ਮੂੰਹਾਂ 'ਤੇ ਚੁੱਪੀ ਸੀ
ਪਰ ਕਰਵਟ ਨੇ ਮੈਨੂੰ
ਆਪਣੇ ਕਲੇਵੇਂ ਵਿੱਚ ਲੈ ਲਿਆ
ਮੈਂ ਅੱਗ ਸੰਗ ਖੇਡੀ
ਅੱਗ ਖਾਧੀ
ਅੱਗ ਪਹਿਨੀ
ਅੱਗ ਸੰਗ ਸੁੱਤੀ
ਤੇ ਅੱਗ 'ਤੇ ਤੁਰੀ
ਦਾਦੀ ਆਖਦੀ ਸੀ
ਅੱਗ ਨਾਲ ਖੇਡਣਾ ਮਾੜਾ ਹੁੰਦਾ ਹੈ
ਪਤਾ ਨੀਂ ਮੇਰੇ ਲਈ ਅੱਗ ਨਾਲ ਖੇਡਣਾ
ਸ਼ੁਭ ਸ਼ਗਨ ਕਿਵੇਂ ਹੋ ਗਿਆ ?
ਦਾਦੀ ਆਖਦੀ ਸੀ
ਤੱਤੀਆਂ ਹਵਾਵਾਂ ਨਾਲ ਸਮਝੌਤਾ ਕਰ ਲਈਂ
ਮੈਂ ਹਵਾਵਾਂ ਨੂੰ ਤੂਫਾਨ ਬਣ ਟੱਕਰੀ
ਮੈਂ ਹਨ੍ਹੇਰਿਆਂ ਤੋਂ ਡਰੀ ਨਹੀਂ
ਜਾਂਚ ਸਿੱਖੀ ਜੁਗਨੂੰ ਬਣਨ ਦੀ
ਤੇ ਮੇਰੀ
ਅੱਗ, ਹਵਾਵਾਂ ਤੇ ਹਨ੍ਹੇਰਿਆਂ ਨਾਲ
ਦੋਸਤੀ ਹੋ ਗਈ
ਗੂੜੀ ਹੋਰ ਗੂੜੀ

## ਸੱਜਰੇ ਫੁੱਲ ਦੀਆਂ ਮਹਿਕਾਂ ਵਰਗੇ

ਸੁਖਵਿੰਦਰ ਅੰਮ੍ਰਿਤ



ਸੱਜਰੇ ਫੁੱਲ ਦੀਆਂ ਮਹਿਕਾਂ ਵਰਗੇ
ਤੇਰੇ ਬੋਲ ਮੁਹੱਬਤਾਂ ਵਰਗੇ
ਕੁਝ ਦਿਲ ਹੀਰੇ , ਕੁਝ ਦਿਲ ਮੋਤੀ
ਕੁਝ ਦਿਲ ਖ਼ਾਰੇ ਹੰਝੂਆਂ ਵਰਗੇ
ਵਿਛੜ ਗਈਆਂ ਜਿਹਨਾਂ ਤੋਂ ਰੂਹਾਂ
ਉਹ ਤਨ ਹੋ ਗਏ ਕਬਰਾਂ ਵਰਗੇ
ਸਾਡਾ ਦਿਲ ਕੱਖਾਂ ਦੀ ਕੁੱਲੀ
ਉਹਦੇ ਬੋਲ ਨੇ ਚਿਣਗਾਂ ਵਰਗੇ
ਜਦ ਜੀ ਚਾਹੇ ਪਰਖ ਲਈਂ ਤੂੰ
ਸਾਡੇ ਜੇਰੇ ਬਿਰਖਾਂ ਵਰਗੇ
ਧੁੱਪਾਂ ਸਹਿ ਕੇ ਛਾਵਾਂ ਵੰਡਦੇ
ਰੁੱਖ ਵੀ ਸੱਜਣਾਂ ਮਿੱਤਰਾਂ ਵਰਗੇ
ਕੁਝ ਅਹਿਸਾਸ ਨੇ ਸ਼ੇਅਰ ਗ਼ਜ਼ਲ ਦੇ
ਕੁਝ ਅਣ-ਲਿਖੀਆਂ ਸਤਰਾਂ ਵਰਗੇ

## ਸਮੁੰਦਰਾ ਪਿਆਰਿਆ

ਸਰਬਜੀਤ ਕੌਰ ਪੀ ਸੀ

ਤੈਨੂੰ ਤੱਕ ਮੈਨੂੰ ਇੰਝ ਲੱਗਦਾ ।
ਜਿੱਦਾਂ ਤੈਨੂੰ ਧਰਤੀ 'ਤੇ, ਔਰਤ ਨੇ ਜਣਿਆ ।
ਗੁੱਸਾ ਨਾ ਕਰੀਂ ਤੂੰ, ਸਮੁੰਦਰਾ ਪਿਆਰਿਆ ।
ਮੈਨੂੰ ਲੱਗਦਾ ਤੂੰ, ਉਹਦੇ ਅੱਥਰੂਆਂ ਤੋਂ ਬਣਿਆ ।

ਜਦੋਂ ਔਰਤ ਦੇ ਜਾਏ, ਕੁੱਖ ਵਿੱਚ ਧੀ ਨੂੰ ਵੱਢਦੇ ਹੋਣੇ ।
ਕੂਲ਼ੇ ਅੰਗ, ਚਤੁਰਾਈ ਸਮਝ ਕੁਤਰ, ਮਾਂ ਢਿੱਡੋਂ ਕੱਢਦੇ ਹੋਣੇ ।
ਜਦੋਂ ਦੁੱਖਾਂ ਨਾਲ ਭਰਿਆ, ਗ਼ੁਬਾਰ ਵਗਿਆ ਹੋਣਾ ।
ਮੈਨੂੰ ਲੱਗਦਾ ਸਮੁੰਦਰਾ, ਜਾਂ ਤੂੰ ਉਦੋਂ ਬਣਿਆ ਹੋਣਾ ।

ਜਦੋਂ ਪੜ੍ਹਨ ਜਾਂਦੀ ਧੀ ਨੂੰ , ਦਰਿੰਦਿਆਂ ਨੇ ਖੋਹਿਆ ਹੋਣਾ ।
ਜਿਸ ਮੋਈ ਵੇਖ, ਮਾਂ ਪਿਉ ਤੇ ਭਰਾ ਰੋਇਆ ਹੋਣਾ ।
ਤੇਰਾ ਸੀਨਾ ਦੁਸ਼ਮਨ ਦਾ ਪਾਣੀ ਨਸ਼ਟ ਕਰਨ ਲਈ,
ਜਦੋਂ ਉਹਨਾਂ ਲੂਣੇ ਅੱਥਰੂਆਂ ਨਾਲ ਮਿਲਿਆ ਹੋਣਾ ।
ਮੈਨੂੰ ਲੱਗਦਾ ਸਮੁੰਦਰਾ, ਜਾਂ ਤੂੰ ਉਦੋਂ ਬਣਿਆ ਹੋਣਾ ।

ਜਦੋਂ ਕਿੱਕਰਾਂ, ਟਾਹਲੀਆਂ ਵੱਢ, ਸੇਜਾਂ ਬਣੀਆਂ ਹੋਣੀਆਂ ।
ਜਦੋਂ ਆਰੀਆਂ ਚੱਲਣ ਵੇਲੇ, ਪੱਤਿਆਂ 'ਤੇ ਟਾਹਣਿਆਂ 'ਤੇ,
ਮੁਸੀਬਤਾਂ ਬਣੀਆਂ ਹੋਣੀਆਂ ।
ਜਦੋਂ ਰੁੱਖਾਂ ਦੇ ਪੱਤਿਆਂ 'ਚੋਂ, ਦੁੱਧ ਬਣ ਨੀਰ ਰੁੜ੍ਹਿਆ ਹੋਣਾ ।
ਮੈਨੂੰ ਲੱਗਦਾ ਸਮੁੰਦਰਾ, ਜਾਂ ਤੂੰ ਉਦੋਂ ਬਣਿਆ ਹੋਣਾ ।

ਜਦੋਂ ਕਾਰਖਾਨਿਆਂ, ਭੱਠਿਆਂ ਨੇ ਧੂੰਆਂ ਕੱਢਿਆ ਹੋਣਾ ।
ਜਦੋਂ ਫੈਕਟਰੀਆਂ ਨੇ ਗੰਦਾ ਮੰਦਾ ਪਾਣੀ,
ਨਦੀਆਂ ਤੇ ਨਹਿਰਾਂ ਵੱਲ ਛੱਡਿਆ ਹੋਣਾ ।
ਧਰਤੀ ਦੇ ਪਿਆਰ ਵਿੱਚ, ਜਦੋਂ ਤੂੰ ਅੱਗੇ,
ਆਪਣਾ ਸੀਨਾ ਕਰਿਆ ਹੋਣਾ ।
ਮੈਨੂੰ ਲੱਗਦਾ ਸਮੁੰਦਰਾ, ਜਾਂ ਤੂੰ ਉਦੋਂ ਬਣਿਆ ਹੋਣਾ ।


## ਹੋਕਾ

ਕਰਮਜੀਤ ਕੌਰ ਕਿਸ਼ਾਂਵਲ

ਸਾਡਾ ਮਕਸਦ ਇੱਕ ਹੈ
ਸਾਡੀ ਲੋੜ ਇੱਕ ਹੈ
ਆਓ !
ਇੱਕ ਹੋ ਕੇ ਲੜੀਏ
ਨਾ ਬਣੀਏ ਕਠਪੁਤਲੀ
ਓਹਨਾਂ ਹੱਥਾਂ ਦੀ
ਜੋ ਸਾਨੂੰ ਨੋਚ ਰਹੇ ਨੇ
ਤੇ
ਸਾਥੋਂ ਖੋਹ ਰਹੇ ਨੇ
ਸਾਡਾ 'ਮਨੁੱਖ' ਹੋਣ ਦਾ
ਅਧਿਕਾਰ !
ਅਸੀਂ ਵਿਕ ਜਾਂਦੇ ਹਾਂ
'ਦਾਰੂ' ਲਈ
ਤੇ
ਖ਼ਰੀਦ ਲੈਂਦੇ ਹਾਂ
'ਪੰਜ ਸਾਲ' ਲਈ ਓਹ 'ਬਿਮਾਰੀ'
ਜੋ ਘੁਣ ਵਾਂਗ ਖਾਂਦੀ ਏ ਸਾਨੂੰ !
ਹੇ ਮਨੁੱਖ!
ਤੂੰ ਤਾਂ ਸਰਬ-ਸ਼੍ਰਿਸ਼ਟ ਕਿਰਤ ਏਂ !
ਤੇਰਾ ਮੁੱਲ ਏਨਾ ਘੱਟ ਨਹੀਂ !
ਆਪਣਾ ਮੂਲ ਪਛਾਣ
ਤੇ
ਮਾਰ ਹੰਭਲਾ
'ਜੋਕਤੰਤਰ' ਨੂੰ ਲਾਹ ਕੇ ਗਲੋਂ
'ਲੋਕਤੰਤਰ' ਦੀ ਨੀਂਹ ਰੱਖ !
ਜਾਗ ਕਿ ਬੱਸ
ਜਾਗਣ ਦੀ ਲੋੜ ਹੈ !
ਤੇਰੇ ਸੁਪਨਿਆਂ ਨੂੰ
'ਤੇਰੀ ਖੁਲ੍ਹੀ ਅੱਖ' ਦੀ ਲੋੜ ਹੈ
*******

## ਅਜੋਕੀ ਪੀੜ੍ਹੀ


ਕੁਲਵਿੰਦਰ ਵਿਰਕ



ਸੰਘਰਸ਼ਾਂ ਤੋਂ ਸੱਖਣੀ
ਟੀਚਿਆਂ ਤੋਂ ਭਟਕੀ
ਅਜੋਕੀ ਪੀੜ੍ਹੀ
ਨਕਲੀ ਪਰਛਾਵਿਆਂ ਪਿੱਛੇ
ਦੌੜਦੀ ਜਾ ਰਹੀ ਹੈ
ਪਰਛਾਵੇਂ
ਜੋ ਮਹਿਜ਼ ਛਲਾਵਾ ਹਨ
ਨਾਲ ਤੁਰਨ ਦਾ
ਕੇਵਲ ਦਿਖਾਵਾ ਹਨ
ਤੇ ਜਦ ਵਕਤ ਦੀ ਵੁੱਕਤ ਨੂੰ
ਇਹ ਪੀੜ੍ਹੀ ਪਛਾਣੇਗੀ
ਬਹੁਤ ਦੂਰ ਲੰਘ ਚੁੱਕੇ ਹੋਣਗੇ ਉਦੋਂ
ਇਨ੍ਹਾਂ ਦਰਿਆਵਾਂ ਦੇ ਪਾਣੀ
ਸੰਘਰਸ਼ਾਂ ਤੋਂ ਸੱਖਣੀ
ਕਦਰਾਂ-ਕੀਮਤਾਂ ਤੋਂ ਮਨਫ਼ੀ
ਤੇ ਨਕਲੀ ਪਰਛਾਵਿਆਂ ਪਿੱਛੇ
ਦੌੜਦੀ
ਅਜੋਕੀ ਪੀੜ੍ਹੀ ਨੂੰ
ਟੀਚੇ ਵਿਖਾ ਕੇ
ਸੰਭਾਲਣ ਦਾ ਸਮਾਂ ਹੈ।

## ਸਦੀਆਂ ਤੱਕ ਖਿਡਾਰੀਆਂ ਦਾ ਰਾਹ ਰੁਸ਼ਨਾਉਂਦੀ ਰਹੇਗੀ

# ‘ਉੱਡਣਾ ਸਿੱਖ’ ਦੀ ਜ਼ਿੰਦਗੀ



ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਜਨਰਲ ਅਯੂਬ ਖ਼ਾਨ ਵੱਲੋਂ ਬੜੇ ਫ਼ਖ਼ਰ ਨਾਲ ਦਿੱਤੇ ਗਏ ਲਕਬ ‘ਉੱਡਣਾ ਸਿੱਖ’ ਵਜੋਂ ਜਾਣਿਆਂ ਜਾਣ ਵਾਲਾ ਮਹਾਨ ਐਥਲੀਟ ਮਿਲਖਾ ਸਿੰਘ ਦਾ ਸਮੁੱਚਾ ਜੀਵਨ ਮਿਹਨਤ, ਸੰਘਰਸ਼ ਤੇ ਸਿਰੜ ਦੀ ਉਹ ਮਿਸਾਲ ਸੀ ਜੋ ਸਦੀਆਂ ਤੱਕ ਮਨੁੱਖਤਾ ਦਾ ਰਾਹ ਰੁਸ਼ਨਾਉਂਦੀ ਰਹੇਗੀ। ਮੁਲਕ-ਵੰਡ ਤੋਂ ਪਹਿਲਾਂ ਵਾਲੇ ਭਾਰਤ ਦੇ ਜ਼ਿਲ੍ਹਾ ਮੁਜ਼ੱਫ਼ਰਗੜ੍ਹ ਜੋ ਕਿ ਹੁਣ ਪਾਕਿਸਤਾਨ ਵਿਖੇ ਸਥਿਤ ਹੈ, ਤੋਂ ਦਸ ਮੀਲ ਦੂਰ ਪਿੰਡ ਗੋਵਿੰਦਪੁਰਾ ਵਿਖੇ ਜਨਮੇ ਮਿਲਖਾ ਸਿੰਘ ਨੇ ਮੁਲਕ ਵੰਡ ਸਮੇਂ ਆਪਣੀ ਨਿੱਕੀ ਜਿਹੀ ਉਮਰੇ ਹੀ ਮਨੁੱਖੀ ਲਹੂ ਦੀ ਹੋਲੀ ਦਾ ਤੇ ਧਰਮ ਦੇ ਨਾਂ ’ਤੇ ਨਫ਼ਰਤ ਤੇ ਜ਼ੁਲਮ ਦੀ ਇੰਤਹਾ ਦਾ ਮੰਜ਼ਰ ਰੂ-ਬ-ਰੂ ਵੇਖਿਆ ਸੀ। ਮੁਲਕ ਦੇ ਬਟਵਾਰੇ ਵੇਲੇ ਸੰਪ੍ਰਦਾਇਕਤਾ ਦੇ ਜ਼ਹਿਰ ਨਾਲ ਅੰਨ੍ਹੇ ਹੋਏ ਜਨੂੰਨੀਆਂ ਨੇ ਉਸਦੇ ਮਾਪਿਆਂ ਸਣੇ ਦੋ ਭੈਣਾਂ ਅਤੇ ਇੱਕ ਭਰਾ ਨੂੰ ਕਤਲ ਕਰ ਦਿੱਤਾ ਸੀ। ਆਪਣੀ ਰੂਹ ਉਤੇ ਆਪਣਿਆਂ ਦੀ ਮੌਤ ਦੇ ਜ਼ਖ਼ਮ ਲੈ ਕੇ ਉਹ ਦਿੱਲੀ ਆਣ ਪਹੁੰਚਿਆ ਸੀ ਜਿਥੇ ਉਸਨੂੰ ਕੁਝ ਸਮਾਂ ਰਿਫ਼ਊਜ਼ੀ ਕੈਂਪ, ਪੁਨਰਵਾਸ ਕੈਂਪ ਤੇ ਆਪਣੀ ਭੈਣ ਈਸ਼ਵਰ ਕੌਰ ਦੇ ਘਰ ਰਹਿਣਾ ਪਿਆ ਸੀ। ਗ਼ਰੀਬੀ ਦੇ ਥਪੇੜੇ ਖਾਣ ਵਾਲੇ ਇਸ ਸ਼ਖ਼ਸ ਨੂੰ ਬਿਨਾਂ ਟਿਕਟ ਰੇਲ ’ਚ ਸਫ਼ਰ ਕਰਨ ਦੇ ਜੁਰਮ ’ਚ ਜੇਲ੍ਹ ’ਚ ਬੰਦ ਕਰ ਦਿੱਤਾ ਗਿਆ ਤੇ ਉਸ ਨੂੰ ਛੁਡਾਉਣ ਲਈ ਭੈਣ ਈਸ਼ਵਰ ਕੌਰ ਨੂੰ ਆਪਣੇ ਗਹਿਣੇ ਤੱਕ ਵੇਚਣੇ ਪਏ ਸਨ।

ਗ਼ਰੀਬੀ ਤੇ ਬੇਕਾਰੀ ਨੇ ਮਿਲਖਾ ਸਿੰਘ ਨੂੰ ਇਸ ਹੱਦ ਤੱਕ ਮਾਯੂਸ ਕਰ ਦਿੱਤਾ ਸੀ ਕਿ ਸੰਨ 1951 ’ਚ ਉਸਨੇ ਗਲਤ ਰਾਹ ਅਖ਼ਤਿਆਰ ਕਰਨ ਦਾ ਫ਼ੈਸਲਾ ਕਰ ਲਿਆ ਸੀ ਪਰ ਕਿਸੇ ਰਿਸ਼ਤੇਦਾਰ ਦੇ ਸਮਝਾਉਣ ’ਤੇ ਉਸਨੇ ਫ਼ੌਜ ’ਚ ਭਰਤੀ ਲਈ ਕੋਸ਼ਿਸ਼ ਸ਼ੁਰੂ ਕਰ ਦਿੱਤੀ ਤੇ ਆਪਣੀ ਮਿਹਨਤ ਤੇ ਸਿਰੜ ਦੀ ਬਦੌਲਤ ਚੌਥੀ ਕੋਸ਼ਿਸ਼ ’ਚ ਫ਼ੌਜ ’ਚ ਭਰਤੀ ਹੋਣ ਦਾ ਮਿਸ਼ਨ ਪੂਰਾ ਕਰ ਹੀ ਲਿਆ। ਮਿਲਖਾ ਸਿੰਘ ਦੀ ਪੋਸਟਿੰਗ ‘ਇਲੈਕਟ੍ਰੀਕਲ ਐਂਡ ਮਕੈਨੀਕਲ ਸੈਂਟਰ ਸਿਕੰਦਰਾਬਾਦ’ ਵਿਖੇ ਹੋ ਗਈ ਤੇ ਇਥੇ ਉਸਦਾ ਵਾਹ ਐਥਲੈਟਿਕਸ ਨਾਲ ਪੈ ਗਿਆ ਜਿਸਦੇ ਬਾਰੇ ਉਹ ਕੁਝ ਵੀ ਨਹੀਂ ਜਾਣਦਾ ਸੀ। ਦੁੱਧ ਤੇ ਅੰਡਿਆਂ ਦੀ ਖ਼ੁਰਾਕ ਮਿਲਣ ਦੇ ਲਾਲਚ ’ਚ ਉਸ ਨੇ ਦੌੜਾਂ ’ਚ ਹਿੱਸਾ ਲੈਣ ਦੀ ਸ਼ੁਰੂਆਤ ਕਰ ਦਿੱਤੀ ਪਰ ਛੇਤੀ ਹੀ ਦੌੜਨਾ ਉਸ ਲਈ ਜਨੂੰਨ ਬਣ ਗਿਆ।

ਇੱਕ ਦਿਨ ਉਸਨੇ ‘ਕਰਾਸ ਕੰਟਰੀ ਰੇਸ’ ’ਚ ਭਾਗ ਲੈਂਦਿਆਂ ਛੇਵਾਂ ਸਥਾਨ ਹਾਸਿਲ ਕਰ ਲਿਆ ਤੇ ਉਸਦੀ ਚੋਣ ਵਿਸ਼ੇਸ਼ ਸਿਖਲਾਈ ਹਿੱਤ ਕਰ ਲਈ ਗਈ। ਮਿਲਖਾ ਸਿੰਘ ਨੇ ਕਿਹਾ ਸੀ-‘ਮੈਂ ਦੂਰ-ਦੁਰਾਡੇ ਦੇ ਪਿੰਡ ਤੋਂ ਆਇਆ ਪੇਂਡੂ ਮੁੰਡਾ ਸਾਂ ਤੇ ਮੈਨੂੰ ਅਥਲੈਟਿਕਸ ਜਾਂ ਓਲੰਪਿਕ ਬਾਰੇ ਕੁਝ ਵੀ ਨਹੀਂ ਪਤਾ ਸੀ।’

ਸੰਨ 1956 ’ਚ ਉਲੰਪਿਕ ਖੇਡਾਂ ਦੇ 200 ਤੇ 400 ਮੀਟਰ ਦੇ ਦੌੜ ਮੁਕਾਬਲਿਆਂ ’ਚ ਭਾਗ ਲੈਂਦਿਆਂ ਮਿਲਖਾ ਸਿੰਘ ਦੀ ਮੁਲਾਕਾਤ ਪ੍ਰਸਿੱਧ ਦੌੜਾਕ ਚਾਰਲਸ ਜੈਨਕਿਨਸ ਨਾਲ ਹੋਈ ਜਿਸ ਨੇ ਉਸਨੂੰ ਵਧੀਆ ਸਿਖਲਾਈ ਲੈਣ ਲਈ ਪ੍ਰੇਰਿਆ ਤੇ ਵਧੀਆ ਐਥਲੀਟ ਬਣਨ ਦੇ ਕੁਝ ਗੁਰ ਵੀ ਦੱਸੇ। ਉਸਦੇ ਸੁਝਾਵਾਂ ਨੂੰ ਪੱਲੇ ਬੰਨ੍ਹ ਕੇ ਮਿਲਖਾ ਸਿੰਘ ਨੇ ਰੱਜਵੀਂ ਮਿਹਨਤ ਕੀਤੀ ਤੇ ਸੰਨ 1958 ’ਚ ਉਸਨੇ ਕੌਮੀ ਰਿਕਾਰਡ ਕਾਇਮ ਕਰ ਦਿੱਤਾ। ਇਸ ਤੋਂ ਬਾਅਦ ਉਸਦਾ ਜਿੱਤਾਂ ਦਾ ਸੁਨਹਿਰੀ ਸਫ਼ਰ ਲਗਾਤਾਰ ਚੱਲਦਾ ਰਿਹਾ। ਸੰਨ 1958 ਦੀਆਂ ਏਸ਼ੀਆਈ ਖੇਡਾਂ ’ਚ 200 ਤੇ 400 ਮੀਟਰ ਦੌੜ ਮੁਕਾਬਲਿਆਂ ’ਚ ਉਸਨੇ ਸੋਨ ਤਗ਼ਮੇ ਹਾਸਿਲ ਕੀਤੇ ਤੇ ਉਪਰੰਤ ਉਸੇ ਸਾਲ ਦੀਆਂ ਕਾਮਨਵੈਲਥ ਖੇਡਾਂ ’ਚ ਵੀ ਸੋਨੇ ਦਾ ਤਗ਼ਮਾ ਹਾਸਿਲ ਕੀਤਾ। ਸਾਲ 1962 ਦੀਆਂ ਏਸ਼ੀਆਈ ਖੇਡਾਂ ’ਚ ਚਾਰ ਸੌ ਮੀਟਰ ਤੇ ਚਾਰ ਸੌ ਮੀਟਰ ਰਿਲੇਅ ਰੇਸ ’ਚ ਉਸ ਨੇ ਸੋਨ ਤਗ਼ਮੇ ਜਿੱਤ ਕੇ ਦੇਸ਼ ਦਾ ਨਾਂ ਰੌਸ਼ਨ ਕੀਤਾ ਸੀ। ਸੰਨ 1964 ਦੀਆਂ ਕੌਮੀ ਖੇਡਾਂ ’ਚ ਵੀ ਉਹ ਚਾਂਦੀ ਦਾ ਤਗ਼ਮਾ ਹਾਸਿਲ ਕਰਨ ’ਚ ਸਫ਼ਲ ਰਿਹਾ ਸੀ।

ਲਗਪਗ 40 ਸਾਲ ਤੱਕ ਉਹ ਆਜ਼ਾਦ ਭਾਰਤ ’ਚੋਂ ਕਾਮਨਵੈਲਥ ਖੇਡਾਂ ’ਚ ਸੋਨ ਤਗ਼ਮਾ ਹਾਸਿਲ ਕਰਨ ਵਾਲਾ ਇਕਲੌਤਾ ਸ਼ਖ਼ਸ ਰਿਹਾ ਸੀ। 2014 ’ਚ ਵਿਕਾਸ ਗੌੜਾ ਨੇ ਸੋਨ ਤਗਮਾ ਹਾਸਿਲ ਕਰਕੇ ਉਸ ਦੀ ਬਰਾਬਰੀ ਕੀਤੀ। ਸੰਨ 1960 ਦੀਆਂ ਉਲੰਪਿਕ ਖੇਡਾਂ ’ਚ ਮਿਲਖਾ ਸਿੰਘ ਬਹੁਤ ਹੀ ਫ਼ਸਵੇਂ ਮੁਕਾਬਲੇ ’ਚ ਚੌਥੇ ਨੰਬਰ ਦਾ ਜੇਤੂ ਰਿਹਾ ਸੀ ਜਦੋਂਕਿ ਪਹਿਲਾ ਸਥਾਨ ਹਾਸਿਲ ਕਰਨ ਵਾਲਾ ਓਟਿਸ ਡੇਵਿਸ ਜਰਮਨੀ ਦੇ ਕਾਰਲ ਕੌਫ਼ਮੈਨ ਤੋਂ ਇਕ ਸਕਿੰਟ ਦੇ ਸੌਵੇਂ ਹਿੱਸੇ ’ਚ ਜੇਤੂ ਹੋ ਨਿਬੜਿਆ ਸੀ। ਮਿਲਖਾ ਸਿੰਘ ਦੀ ਸ਼ਾਦੀ ਸੰਨ 1962 ’ਚ ਵਾਲੀਬਾਲ ਚੈਂਪੀਅਨ ਨਿਰਮਲ ਕੌਰ ਨਾਲ ਹੋਈ ਤੇ ਉਨ੍ਹਾਂ ਦੇ ਘਰ ਤਿੰਨ ਧੀਆਂ ਤੇ ਇੱਕ ਪੁੱਤਰ ਨੇ ਜਨਮ ਲਿਆ ਸੀ। ਮਿਲਖਾ ਦਾ ਪੁੱਤਰ ਜੀਵ ਮਿਲਖਾ ਸਿੰਘ ਗੌਲਫ਼ ਦਾ ਸੰਸਾਰ ਪ੍ਰਸਿੱਧ ਖਿਡਾਰੀ ਹੈ। ਉਸਦੀ ਧਰਮ ਪਤਨੀ ਨਿਰਮਲ ਕੌਰ ਕਰੋਨਾ ਦਾ ਸ਼ਿਕਾਰ ਹੋ ਗਈ ਤੇ 13 ਜੂਨ 2021 ਨੂੰ ਇਸ ਜਹਾਨ ਤੋਂ ਚੱਲ ਵੱਸੀ। ਠੀਕ ਪੰਜ ਦਿਨ ਬਾਅਦ 18 ਜੂਨ, 2021 ਦੀ ਰਾਤ ਨੂੰ ਮਿਲਖਾ ਸਿੰਘ ਵੀ ਜਹਾਨ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਿਆ।

ਮਿਹਨਤ ਨਾਲ ਮਾਰੀਆਂ ਕਈ ਵੱਡੀਆਂ ਮੱਲਾਂ :

ਸੰਨ 1958 ’ਚ ਭਾਰਤੀ ਫ਼ੌਜ ਵੱਲੋਂ ਉਸਨੂੰ ਜੇਸੀਓ. ਬਣਾ ਦਿੱਤਾ ਗਿਆ ਤੇ ਨੌਕਰੀ ਉਪਰੰਤ ਉਸ ਨੂੰ ਪੰਜਾਬ ਸਰਕਾਰ ਨੇ ਖੇਡ ਨਿਰਦੇਸ਼ਕ ਦਾ ਅਹੁਦਾ ਦੇ ਕੇ ਨਿਵਾਜਿਆ ਜਿਥੋਂ ਉਹ 1998 ’ਚ ਸੇਵਾਮੁਕਤ ਹੋਏ। 2013 ’ਚ ਉਸ ਨੇ ਆਪਣੀ ਧੀ ਨਾਲ ਰਲ ਕੇ ਸਵੈ-ਜੀਵਨੀ ‘ਦਿ ਰੇਸ ਆਫ਼ ਮਾਈ ਲਾਈਫ਼’ ਲਿਖੀ ਜਿਸ ਨੂੰ ਆਧਾਰ ਬਣਾ ਕੇ ਬਾਲੀਵੁੱਡ ਦੇ ਫ਼ਿਲਮਕਾਰ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਨੇ ਫ਼ਰਹਾਨ ਅਖ਼ਤਰ ਨੂੰ ਲੈ ਕੇ ਫ਼ਿਲਮ ‘ਭਾਗ ਮਿਲਖਾ ਭਾਗ’ ਬਣਾਈ ਜੋ ਸਫ਼ਲਤਾ ਦੇ ਰਿਕਾਰਡ ਕਾਇਮ ਕਰਦੀ ਸੌ ਕਰੋੜ ਰੁਪਏ ਤੋਂ ਵੀ ਵੱਧ ਦੀ ਕਮਾਈ ਕਰਨ ’ਚ ਕਾਮਯਾਬ ਰਹੀ ਸੀ। ਇਸ ਫ਼ਿਲਮ ਨੂੰ ‘ਸਭ ਤੋਂ ਲੋਕਪ੍ਰਿਅ ਫ਼ਿਲਮ’ ਹੋਣ ਦਾ ਕੌਮੀ ਐਵਾਰਡ ਹਾਸਲ ਹੋਣ ਦੇ ਨਾਲ-ਨਾਲ ਆਈਆਈਐਫ਼ਏ. ਸੰਸਥਾ ਵੱਲੋਂ 2014 ’ਚ ਪੰਜ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ। ਮਸ਼ਹੂਰ ‘ਮੈਡਮ ਤੁਸ਼ਾਦ ਮਿਊਜ਼ੀਅਮ’ ’ਚ ਇਕ ਮੋਮ ਦਾ ਪੁਤਲਾ ਵੀ ਸਥਾਪਿਤ ਕੀਤਾ ਗਿਆ। 1958 ’ਚ ਸਰਕਾਰ ਨੇ ਪਦਮ ਸ੍ਰੀ ਸਨਮਾਨ ਨਾਲ ਸਨਮਾਨਿਤ ਕੀਤਾ ਪਰ ਕੁਝ ਨਿੱਜੀ ਕਾਰਨਾਂ ਕਰਕੇ 2001 ’ਚ ਦਿੱਤੇ ‘ਅਰਜੁਨ ਐਵਾਰਡ’ ਨੂੰ ਲੈਣ ਤੋਂ ਉਸ ਨੇ ਮਨ੍ਹਾ ਕਰ ਦਿੱਤਾ ਸੀ।

## ਵਿਸ਼ਵ ਕੱਪ ਫ਼ਾਈਨਲ ਲਈ ਕੁਆਲੀਫ਼ਾਈ ਹੋਏ ਭਾਰਤ ਦੇ ਅੱਠ ਨਿਸ਼ਾਨੇਬਾਜ਼



ਮਨੂ ਭਾਕਰ | ਸਿਫ਼ਤ ਕੌਰ ਸਮਰਾ | ਵਿਜੇਵੀਰ ਸਿੱਧੂ | ਸਿਮਰਨਪ੍ਰੀਤ ਕੌਰ ਬਰਾੜ

ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਦੇ ਅੱਠ ਨਿਸ਼ਾਨੇਬਾਜ਼ਾਂ ਨੇ 4 ਤੋਂ 9 ਦਸੰਬਰ ਤੱਕ ਦੋਹਾ ਵਿੱਚ ਹੋਣ ਵਾਲੇ ਆਈ ਐੱਸ ਐੱਸ ਐੱਫ ਵਿਸ਼ਵ ਕੱਪ ਫਾਈਨਲ ਵਿੱਚ ਜਗ੍ਹਾ ਪੱਕੀ ਕਰ ਲਈ ਹੈ। ਇਸ ਵਿੱਚ ਦੋ ਵਾਰ ਦੀ ਉਲੰਪਿਕ ਤਗ਼ਮਾ ਜੇਤੂ ਮਨੂ ਭਾਕਰ ਵੀ ਸ਼ਾਮਲ ਹੈ। ਮਨੂ ਦੋ ਈਵੈਂਟਾਂ ਵਿੱਚ ਵਿਸ਼ਵ ਕੱਪ ਫਾਈਨਲ ਲਈ ਕੁਆਲੀਫਾਈ ਕਰਨ ਵਾਲੀ ਇਕਲੌਤੀ ਭਾਰਤੀ ਨਿਸ਼ਾਨੇਬਾਜ਼ ਹੈ। ਉਸ ਨੇ ਮਹਿਲਾ 10 ਮੀਟਰ ਏਅਰ ਪਿਸਟਲ ਅਤੇ ਮਹਿਲਾ 25 ਮੀਟਰ ਪਿਸਟਲ ’ਚ ਕੁਆਲੀਫਾਈ ਕੀਤਾ ਹੈ। ਆਈ ਐੱਸ ਐੱਸ ਐੱਫ ਦੇ ਇਸ ਟੂਰਨਾਮੈਂਟ ਰਾਹੀਂ 12 ਵਿਅਕਤੀਗਤ ਓਲੰਪਿਕ ਈਵੈਂਟਾਂ ’ਚੋਂ ਹਰੇਕ ’ਚ ਸੀਜ਼ਨ ਦਾ ਸਭ ਤੋਂ ਵਧੀਆ ਨਿਸ਼ਾਨੇਬਾਜ਼ ਤੈਅ ਹੁੰਦਾ ਹੈ। ਭਾਰਤੀ ਨਿਸ਼ਾਨੇਬਾਜ਼ ਇਨ੍ਹਾਂ 12 ਈਵੈਂਟਾਂ ’ਚੋਂ ਪੰਜ ਵਿੱਚ ਹਿੱਸਾ ਲੈਣਗੇ।

ਬਿਊਨਸ ਆਇਰਸ, ਲੀਮਾ ਅਤੇ ਮਿਊਨਿਖ ਵਿੱਚ ਲਗਾਤਾਰ ਤਿੰਨ ਸੋਨ ਤਗ਼ਮੇ ਜਿੱਤ ਕੇ ਮਹਿਲਾ 10 ਮੀਟਰ ਏਅਰ ਪਿਸਟਲ ਈਵੈਂਟ ਵਿੱਚ ਦਬਦਬਾ ਬਣਾਉਣ ਵਾਲੀ ਨਿਸ਼ਾਨੇਬਾਜ਼ ਸੁਰੁਚੀ ਸਿੰਘ ਨੇ ਦੋਹਾ ਲਈ ਕੁਆਲੀਫਾਈ ਕਰਨ ਦੇ ਨਾਲ-ਨਾਲ ਮਹਿਲਾ ਪਿਸਟਲ ਈਵੈਂਟ ਵਿੱਚ ਵਿਸ਼ਵ ਨੰਬਰ ਇੱਕ ਰੈਂਕਿੰਗ ਵੀ ਹਾਸਲ ਕੀਤੀ ਹੈ। ਉਲੰਪੀਅਨ ਈਸ਼ਾ ਸਿੰਘ ਨੇ ਚੌਥੇ ਅਤੇ ਆਖਰੀ ਆਈ ਐੱਸ ਐੱਸ ਐੱਫ ਵਿਸ਼ਵ ਕੱਪ ਵਿੱਚ ਸੋਨ ਤਗ਼ਮਾ ਜਿੱਤ ਕੇ ਮਹਿਲਾ 10 ਮੀਟਰ ਏਅਰ ਪਿਸਟਲ ਈਵੈਂਟ ਲਈ ਕੁਆਲੀਫਾਈ ਕੀਤਾ। ਕੁਆਲੀਫਾਈ ਕਰਨ ਵਾਲੇ ਹੋਰ ਨਿਸ਼ਾਨੇਬਾਜ਼ਾਂ ਵਿੱਚ ਸਾਬਕਾ ਵਿਸ਼ਵ ਚੈਂਪੀਅਨ ਰੁਦਰਾਂਕਸ਼ ਬਾਲਾਸਾਹਿਬ ਪਾਟਿਲ, ਉਲੰਪੀਅਨ ਅਰਜੁਨ ਬਬੂਟਾ, ਮੌਜੂਦਾ ਏਸ਼ੀਅਨ ਚੈਂਪੀਅਨ ਸਿਫਤ ਕੌਰ ਸਮਰਾ, ਉਲੰਪੀਅਨ ਵਿਜੈਵੀਰ ਸਿੱਧੂ ਅਤੇ ਸਿਮਰਨਪ੍ਰੀਤ ਕੌਰ ਬਰਾੜ ਸ਼ਾਮਲ ਹਨ।

ਰੁਦਰਾਂਕਸ਼ ਨੇ ਬਿਊਨਸ ਆਇਰਸ ਵਿੱਚ ਸੋਨ ਤਗ਼ਮਾ ਜਿੱਤ ਕੇ ਪੁਰਸ਼ਾਂ ਦੇ 10 ਮੀਟਰ ਏਅਰ ਰਾਈਫਲ ਮੁਕਾਬਲੇ ਵਿੱਚ ਆਪਣਾ ਸਥਾਨ ਪੱਕਾ ਕੀਤਾ, ਜਦਕਿ ਬਬੂਟਾ ਨੇ ਲੀਮਾ ਵਿੱਚ ਚਾਂਦੀ ਦਾ ਤਗ਼ਮਾ ਜਿੱਤ ਕੇ ਉਸੇ ਮੁਕਾਬਲੇ ਵਿੱਚ ਆਪਣਾ ਸਥਾਨ ਬਣਾਇਆ। ਸਮਰਾ ਨੇ ਬਿਊਨਸ ਆਇਰਸ ਵਿੱਚ ਸੋਨ ਤਗ਼ਮਾ ਜਿੱਤ ਕੇ ਮਹਿਲਾ 50 ਮੀਟਰ ਰਾਈਫਲ ਥ੍ਰੀ ਪੋਜ਼ੀਸ਼ਨ ਮੁਕਾਬਲੇ ਲਈ ਕੁਆਲੀਫਾਈ ਕੀਤਾ।

## ਅਪੋਲੋ ਟਾਇਰਜ਼ ਬਣੀ ਭਾਰਤੀ ਕ੍ਰਿਕਟ ਟੀਮ ਦੀ ਨਵੀਂ ਸਪਾਂਸਰ

### ਭਾਰਤੀ ਕ੍ਰਿਕਟ ਟੀਮ ਦੀ ਜਰਸੀ ’ਤੇ ਛਪੇਗਾ ਅਪੋਲੋ ਟਾਇਰਜ਼ ਦਾ ਨਾਂਅ: 2028 ਤੱਕ ਸਪਾਂਸਰਸ਼ਿਪ

### ਓਂਕਾਰ ਕੰਵਰ ਸਿੰਘ ਦੀ ਅਗਵਾਈ ਵਿੱਚ ਅਪੋਲੋ ਦੀ ਮਜ਼ਬੂਤ ਪਹਿਚਾਣ




ਭਾਰਤੀ ਕ੍ਰਿਕਟ ਟੀਮ ਦੀ ਜਰਸੀ ’ਤੇ ਹੁਣ ਅਪੋਲੋ ਟਾਇਰਜ਼ ਦਾ ਨਾਂਅ ਛਪੇਗਾ। ਇੱਕ ਰਿਪੋਰਟ ਅਨੁਸਾਰ, ਅਪੋਲੋ ਟਾਇਰਜ਼ ਨੇ 2028 ਤੱਕ ਭਾਰਤੀ ਕ੍ਰਿਕਟ ਟੀਮ ਦੀ ਅਧਿਕਾਰਕ ਸਪਾਂਸਰਸ਼ਿਪ ਹਾਸਲ ਕਰ ਲਈ ਹੈ। ਇਸ ਸਮਝੌਤੇ ਅਨੁਸਾਰ, ਕੰਪਨੀ ਹਰ ਮੈਚ ਲਈ ਲਗਭਗ 4.5 ਕਰੋੜ ਰੁਪਏ ਦਾ ਭੁਗਤਾਨ ਕਰੇਗੀ। ਇਹ ਕਾਂਟ੍ਰੈਕਟ 2028 ਤੱਕ ਜਾਰੀ ਰਹੇਗਾ, ਜਿਸ ਦੌਰਾਨ ਭਾਰਤੀ ਟੀਮ 130 ਮੈਚ ਖੇਡੇਗੀ। ਬੀ.ਸੀ.ਸੀ.ਆਈ. ਨੇ ਆਪਣੇ ਅਧਿਕਾਰਕ ਸੋਸ਼ਲ ਮੀਡੀਆ ਹੈਂਡਲ ਰਾਹੀਂ ਇਸ ਖ਼ਬਰ ਦੀ ਪੁਸ਼ਟੀ ਕੀਤੀ ਹੈ। ਬੀ.ਸੀ.ਸੀ.ਆਈ. ਦੇ ਇੱਕ ਅਧਿਕਾਰੀ ਨੇ ਵੀ ਕਿਹਾ ਕਿ ਅਪੋਲੋ ਟਾਇਰਜ਼ ਨਾਲ ਸਮਝੌਤਾ ਪੱਕਾ ਹੋ ਗਿਆ ਹੈ ਅਤੇ ਜਲਦੀ ਹੀ ਇਸ ਦੀ ਅਧਿਕਾਰਕ ਘੋਸ਼ਣਾ ਕੀਤੀ ਜਾਵੇਗੀ। ਇਸ ਸੌਦੇ ਨਾਲ ਅਪੋਲੋ ਟਾਇਰਜ਼ ਦੀ ਗਲੋਬਲ ਪਹੁੰਚ ਹੋਰ ਮਜ਼ਬੂਤ ਹੋਵੇਗੀ।

**ਪਿਛਲੇ ਸਪਾਂਸਰਸ਼ਿਪ ਅਤੇ ਨਵੇਂ ਨਿਯਮ**

ਇਸ ਤੋਂ ਪਹਿਲਾਂ ਭਾਰਤੀ ਕ੍ਰਿਕਟ ਟੀਮ ਦੀ ਸਪਾਂਸਰਸ਼ਿਪ ਡ੍ਰੀਮ-11 ਕੋਲ ਸੀ, ਜੋ ਹਰ ਮੈਚ ਲਈ 4 ਕਰੋੜ ਰੁਪਏ ਦਿੰਦੀ ਸੀ। ਪਰ 2025 ਵਿੱਚ ਆਨਲਾਈਨ ਗੇਮਿੰਗ ਐਕਟ ਲਾਗੂ ਹੋਣ ਤੋਂ ਬਾਅਦ ਬੀ.ਸੀ.ਸੀ.ਆਈ. ਨੇ ਡ੍ਰੀਮ-11 ਨਾਲ ਕੀਤਾ ਸਮਝੌਤਾ ਖਤਮ ਕਰ ਦਿੱਤਾ। ਨਤੀਜੇ ਵਜੋਂ, ਭਾਰਤੀ ਟੀਮ ਨੇ ਏਸ਼ੀਆ ਕੱਪ 2025 ਬਿਨਾਂ ਕਿਸੇ ਸਪਾਂਸਰ ਦੇ ਖੇਡਿਆ। ਬੀ.ਸੀ.ਸੀ.ਆਈ. ਨੇ 2 ਸਤੰਬਰ, 2025 ਨੂੰ ਨਵੀਂ ਸਪਾਂਸਰਸ਼ਿਪ ਲਈ ਟੈਂਡਰ ਜਾਰੀ ਕੀਤੇ ਸਨ। ਨਵੇਂ ਨਿਯਮਾਂ ਅਨੁਸਾਰ, ਸ਼ਰਾਬ, ਤਮਾਕੂ, ਸੱਟੇਬਾਜ਼ੀ, ਰੀਅਲ ਮਨੀ ਗੇਮਿੰਗ (ਫ਼ੈਂਟੇਸੀ ਸਪੋਰਟਸ ਤੋਂ ਇਲਾਵਾ), ਕ੍ਰਿਪਟੋਕਰੰਸੀ, ਅਤੇ ਅਸ਼ਲੀਲ ਸਮੱਗਰੀ ਨਾਲ ਜੁੜੀਆਂ ਕੰਪਨੀਆਂ ਨੂੰ ਬੋਲੀ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਸੀ। ਇਸ ਤੋਂ ਪਹਿਲਾਂ, 2023 ਵਿੱਚ ਡ੍ਰੀਮ-11 ਨੇ 358 ਕਰੋੜ ਰੁਪਏ ਦਾ ਤਿੰਨ ਸਾਲਾ ਕਾਂਟ੍ਰੈਕਟ ਕੀਤਾ ਸੀ, ਪਰ ਰੀਅਲ ਮਨੀ ਗੇਮਿੰਗ ’ਤੇ ਪਾਬੰਦੀ ਲੱਗਣ ਕਾਰਨ ਇਹ ਸਮਝੌਤਾ ਵੀ ਖਤਮ ਹੋ ਗਿਆ। ਮਾਰਚ 2023 ਤੱਕ ‘ਬੀਵਾਈਜੇਯੂਐਸ’ ਭਾਰਤੀ ਟੀਮ ਦਾ ਮੁੱਖ ਸਪਾਂਸਰ ਸੀ।

**ਅਪੋਲੋ ਟਾਇਰਜ਼ ਦੀ ਸਫ਼ਲਤਾ ਦੀ ਕਹਾਣੀ**

1972 ਵਿੱਚ ਸਥਾਪਿਤ ਅਪੋਲੋ ਟਾਇਰਜ਼ ਅੱਜ ਦੁਨੀਆ ਦੀਆਂ ਚੋਟੀ ਦੀਆਂ 20 ਟਾਇਰ ਕੰਪਨੀਆਂ ਵਿੱਚ ਸ਼ੁਮਾਰ ਹੈ। ਕੰਪਨੀ ਦਾ ਪਹਿਲਾ ਪਲਾਂਟ 1975 ਵਿੱਚ ਕੇਰਲ ਦੇ ਤ੍ਰਿਸ਼ੂਰ ਵਿੱਚ ਸਥਾਪਿਤ ਹੋਇਆ ਸੀ। 53 ਸਾਲਾਂ ਦੇ ਸਫ਼ਰ ਵਿੱਚ ਅਪੋਲੋ ਨੇ ਆਪਣਾ ਕਾਰੋਬਾਰ 100 ਤੋਂ ਵੱਧ ਦੇਸ਼ਾਂ ਵਿੱਚ ਫ਼ੈਲਾ ਲਿਆ ਹੈ। ਕੰਪਨੀ ਦੇ ਸੱਤ ਨਿਰਮਾਣ ਪਲਾਂਟ ਹਨ, ਜਿਨ੍ਹਾਂ ਵਿੱਚੋਂ ਪੰਜ ਭਾਰਤ ਵਿੱਚ, ਇੱਕ ਨੀਦਰਲੈਂਡ ਵਿੱਚ ਅਤੇ ਇੱਕ ਹੰਗਰੀ ਵਿੱਚ ਹੈ। ਅਪੋਲੋ ਦਾ ਟਰਨਓਵਰ 20 ਹਜ਼ਾਰ ਕਰੋੜ ਰੁਪਏ ਤੋਂ ਵੱਧ ਹੈ, ਜੋ ਇਸ ਦੀ ਮਜ਼ਬੂਤ ਵਿੱਤੀ ਸਥਿਤੀ ਨੂੰ ਦਰਸਾਉਂਦਾ ਹੈ। ਸ਼ੁਰੂਆਤ ਵਿੱਚ ਅਪੋਲੋ ਸਿਰਫ਼ ਟਰੱਕਾਂ ਦੇ ਟਾਇਰ ਬਣਾਉਂਦੀ ਸੀ, ਪਰ ਅੱਜ ਇਹ ਵੱਖ-ਵੱਖ ਕਿਸਮ ਦੇ ਵਾਹਨਾਂ ਲਈ ਟਾਇਰਾਂ ਦੀ ਨਿਰਮਾਤਾ ਹੈ।

**ਕੰਪਨੀ ਦੀ ਅਗਵਾਈ ਅਤੇ ਗਲੋਬਲ ਪ੍ਰਭਾਵ**

ਅਪੋਲੋ ਟਾਇਰਜ਼ ਦੀ ਸਫ਼ਲਤਾ ਦਾ ਸਿਹਰਾ ਚੇਅਰਮੈਨ ਓਂਕਾਰ ਕੰਵਰ ਅਤੇ ਕੋ-ਫ਼ਾਊਂਡਰ ਰੌਣਕ ਸਿੰਘ ਦੀ ਅਗਵਾਈ ਨੂੰ ਜਾਂਦਾ ਹੈ। ਉਨ੍ਹਾਂ ਦੀ ਦੂਰਅੰਦੇਸ਼ੀ ਅਤੇ ਨਵੀਨਤਾਕਾਰੀ ਸੋਚ ਨੇ ਕੰਪਨੀ ਨੂੰ ਗਲੋਬਲ ਪੱਧਰ ’ਤੇ ਮਜ਼ਬੂਤ ਸਥਾਨ ਦਿਵਾਇਆ। ਭਾਰਤੀ ਕ੍ਰਿਕਟ ਟੀਮ ਦੀ ਸਪਾਂਸਰਸ਼ਿਪ ਦੇ ਨਾਲ ਅਪੋਲੋ ਟਾਇਰਜ਼ ਦੀ ਬ੍ਰਾਂਡ ਪਹਿਚਾਣ ਹੋਰ ਵਧੇਗੀ। ਇਹ ਸੌਦਾ ਨਾ ਸਿਰਫ਼ ਕੰਪਨੀ ਦੀ ਵਪਾਰਕ ਸਫ਼ਲਤਾ ਨੂੰ ਦਰਸਾਉਂਦਾ ਹੈ, ਸਗੋਂ ਭਾਰਤੀ ਕ੍ਰਿਕਟ ਦੀ ਵਧਦੀ ਪ੍ਰਸਿੱਧੀ ਵਿੱਚ ਵੀ ਯੋਗਦਾਨ ਪਾਵੇਗਾ।



# ਅਭਿਨੇਤਰੀ ਨਹੀਂ ਡਾਕਟਰ ਬਣਨਾ ਚਾਹੁੰਦੀ ਸੀ ਪੂਨਮ ਢਿੱਲੋਂ

ਸਿਰਫ਼ 16 ਸਾਲ ਦੀ ਉਮਰ ਵਿੱਚ ਮਿਸ ਯੰਗ ਇੰਡੀਆ ਦਾ ਖਿਤਾਬ ਜਿੱਤਣਾ ਅਤੇ ਫ਼ਿਰ ਯਸ਼ ਚੋਪੜਾ ਦੀ ਮਲਟੀ-ਸਟਾਰਰ ਫ਼ਿਲਮ 'ਤ੍ਰਿਸ਼ੂਲ' ਨਾਲ ਡੈਬਿਊ ਕਰਨਾ ਕੋਈ ਛੋਟੀ ਗੱਲ ਨਹੀਂ ਹੈ? ਉਹ ਵੀ ਉਸ ਕੁੜੀ ਲਈ ਜਿਸ ਦਾ ਪਰਿਵਾਰ ਫ਼ਿਲਮਾਂ ਵੀ ਨਹੀਂ ਦੇਖਦਾ। ਇਹ ਕੁੜੀ ਸੀ 80 ਦੇ ਦਹਾਕੇ ਦੀ ਮਸ਼ਹੂਰ ਅਦਾਕਾਰਾ ਪੂਨਮ ਢਿੱਲੋਂ। ਪੂਨਮ ਪਿਛਲੇ 46 ਸਾਲਾਂ ਤੋਂ ਇੰਡਸਟਰੀ ਵਿੱਚ ਸਰਗਰਮ ਹੈ। ਹਾਲਾਂਕਿ ਆਪਣੇ ਕਰੀਅਰ 'ਚ 90 ਫ਼ਿਲਮਾਂ ਕਰਨ ਤੋਂ ਬਾਅਦ ਵੀ ਉਨ੍ਹਾਂ ਨੂੰ ਹੁਣ ਤੱਕ ਕੋਈ ਐਵਾਰਡ ਨਹੀਂ ਮਿਲਿਆ ਹੈ।

ਪੂਨਮ ਦਾ ਜਨਮ 1962 'ਚ ਕਾਨਪੁਰ, ਯੂਪੀ 'ਚ ਹੋਇਆ ਸੀ। ਉਸਦੇ ਪਿਤਾ ਅਮਰੀਕ ਸਿੰਘ ਭਾਰਤੀ ਹਵਾਈ ਸੈਨਾ ਵਿੱਚ ਇੱਕ ਇੰਜੀਨੀਅਰ ਸਨ ਅਤੇ ਮਾਤਾ ਗੁਰਚਰਨ ਕੌਰ ਇੱਕ ਸਕੂਲ ਪ੍ਰਿੰਸੀਪਲ ਸਨ। ਕੁਝ ਸਾਲਾਂ ਬਾਅਦ ਜਦੋਂ ਉਸ ਦੇ ਪਿਤਾ ਦੀ ਬਦਲੀ ਹੋ ਗਈ ਤਾਂ ਪੂਨਮ ਆਪਣੇ ਪਰਿਵਾਰ ਨਾਲ ਚੰਡੀਗੜ੍ਹ ਪਹੁੰਚ ਗਈ। ਇੱਥੇ ਉਸਨੇ ਕਾਰਮਲ ਕਾਨਵੈਂਟ ਸਕੂਲ ਤੋਂ ਆਪਣੀ ਪੜ੍ਹਾਈ ਸ਼ੁਰੂ ਕੀਤੀ। ਪਰਿਵਾਰ ਵਿੱਚ ਫ਼ਿਲਮਾਂ ਦੇਖਣ ਦੀ ਮਨਾਹੀ ਸੀ, ਪੂਨਮ ਕਦੇ ਵੀ ਐਕਟਿੰਗ ਦੇ ਖੇਤਰ ਵਿੱਚ ਆਪਣਾ ਕੈਰੀਅਰ ਨਹੀਂ ਬਣਾਉਣਾ ਚਾਹੁੰਦੀ ਸੀ। ਉਸ ਦਾ ਪੂਰਾ ਧਿਆਨ ਪੜ੍ਹਾਈ 'ਤੇ ਸੀ ਅਤੇ ਉਹ ਡਾਕਟਰ ਬਣਨਾ ਚਾਹੁੰਦੀ ਸੀ। ਇੱਕ ਇੰਟਰਵਿਊ 'ਚ ਇਸ ਦਾ ਕਾਰਨ ਦੱਸਦੇ ਹੋਏ ਪੂਨਮ ਨੇ ਕਿਹਾ ਸੀ- 'ਮੇਰੇ ਪਰਿਵਾਰ 'ਚ ਫ਼ਿਲਮਾਂ ਦੇਖਣ ਦੀ ਮਨਾਹੀ ਸੀ। 16 ਸਾਲ ਦੀ ਉਮਰ ਤੱਕ ਮੈਂ ਸਿਰਫ਼ 3 ਫ਼ਿਲਮਾਂ ਦੇਖੀਆਂ ਸਨ। ਮੈਂ ਨਾ ਤਾਂ ਫ਼ਿਲਮਾਂ ਬਾਰੇ ਜ਼ਿਆਦਾ ਜਾਣਦੀ ਸੀ ਅਤੇ ਨਾ ਹੀ ਮੈਨੂੰ ਇਸ ਖੇਤਰ ਵਿੱਚ ਦਿਲਚਸਪੀ ਸੀ।'

ਰਾਜੇਸ਼ ਖੰਨਾ ਦੇ ਸਟਾਰਡਮ ਨੂੰ ਮਹਿਸੂਸ ਕਰਨ ਲਈ ਪੂਨਮ ਵੀ ਆਪਣੇ ਦੋਸਤਾਂ ਨਾਲ ਸ਼ੂਟਿੰਗ ਦੇਖਣ ਗਈ ਸੀ। ਪੂਨਮ ਇੰਨੀ ਖ਼ੂਬਸੂਰਤ ਸੀ ਕਿ ਸੈੱਟ 'ਤੇ ਸਕੂਲੀ ਵਰਦੀ ਵਿੱਚ ਖੜ੍ਹੀਆਂ ਕੁੜੀਆਂ ਦੀ ਭੀੜ ਦੇ ਵਿਚਕਾਰ ਵੀ ਕਾਕਾ ਨੇ ਉਸ ਨੂੰ ਦੇਖਿਆ। ਕਾਕੇ ਨੇ ਪੂਨਮ ਨੂੰ ਆਪਣੇ ਕੋਲ ਬੁਲਾਇਆ ਅਤੇ ਕਿਹਾ ਕਿ ਤੁਹਾਡੀਆਂ ਅੱਖਾਂ ਬਹੁਤ ਸੁੰਦਰ ਹਨ। ਬਾਅਦ 'ਚ ਪੂਨਮ ਨੇ ਰਾਜੇਸ਼ ਖੰਨਾ ਨਾਲ 'ਰੈੱਡ ਰੋਜ਼', 'ਦਰਦ' ਅਤੇ 'ਆਵਾਮ' ਸਮੇਤ 6 ਫ਼ਿਲਮਾਂ ਕੀਤੀਆਂ। 16 ਸਾਲ ਦੀ ਉਮਰ 'ਚ ਮਿਸ ਯੰਗ ਇੰਡੀਆ ਬਣੀ। ਇਸ ਤੋਂ ਬਾਅਦ 1978 'ਚ ਪੂਨਮ ਨੇ 16 ਸਾਲ ਦੀ ਉਮਰ 'ਚ ਮਿਸ ਇੰਡੀਆ ਮੁਕਾਬਲੇ 'ਚ ਹਿੱਸਾ ਲਿਆ। ਇੱਕ ਇੰਟਰਵਿਊ ਵਿੱਚ, ਉਸਨੇ ਦੱਸਿਆ ਸੀ ਕਿ ਉਹ ਅਜਿਹੇ ਸ਼ੋਅ ਦੀ ਪੜਚੋਲ ਕਰਨਾ ਚਾਹੁੰਦੀ ਸੀ ਅਤੇ ਅਜਿਹਾ ਕਰਨ ਦਾ ਇੱਕੋ ਇੱਕ ਤਰੀਕਾ ਸੀ ਉਹਨਾਂ ਵਿੱਚ ਹਿੱਸਾ ਲੈਣਾ। ਪੂਨਮ ਨੇ ਆਪਣੇ ਮਾਤਾ-ਪਿਤਾ ਨੂੰ ਦੱਸੇ ਬਿਨਾਂ ਇਸ ਮੁਕਾਬਲੇ ਵਿੱਚ ਹਿੱਸਾ ਲਿਆ ਅਤੇ ਮਿਸ ਯੰਗ ਇੰਡੀਆ ਦਾ ਖਿਤਾਬ ਜਿੱਤਿਆ। ਇਸ ਇਵੈਂਟ 'ਚ ਮਸ਼ਹੂਰ ਨਿਰਦੇਸ਼ਕ ਯਸ਼ ਚੋਪੜਾ ਨੇ ਪੂਨਮ ਨੂੰ ਦੇਖਿਆ ਅਤੇ ਉਨ੍ਹਾਂ ਨੇ ਉਸ ਨੂੰ 'ਤ੍ਰਿਸ਼ੂਲ' ਵਰਗੀ ਮਲਟੀ-ਸਟਾਰਰ ਫ਼ਿਲਮ ਦੀ ਪੇਸ਼ਕਸ਼ ਕੀਤੀ। ਪਹਿਲਾਂ ਪੂਨਮ ਨੇ ਇਸ ਫ਼ਿਲਮ 'ਚ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਹ ਅਭਿਨੇਤਰੀ ਨਹੀਂ ਬਣਨਾ ਚਾਹੁੰਦੀ ਸੀ ਪਰ ਯਸ਼ ਚੋਪੜਾ ਦੇ ਜ਼ੋਰ ਪਾਉਣ 'ਤੇ ਉਸ ਨੇ ਸਾਈਨ ਕਰ ਲਿਆ। ਆਪਣੀ ਪਹਿਲੀ ਫ਼ਿਲਮ ਵਿੱਚ ਇੱਕ ਸਵਿਮ ਸੂਟ ਪਹਿਨਿਆ, ਅਮਿਤਾਭ-ਸ਼ਸ਼ੀ ਕਪੂਰ ਨਾਲ ਕੰਮ ਕੀਤਾ, ਪੂਨਮ ਨੇ 1978 ਵਿੱਚ ਰਿਲੀਜ਼ ਹੋਈ 'ਤ੍ਰਿਸ਼ੂਲ' ਨਾਲ ਇੱਕ ਅਭਿਨੇਤਰੀ ਦੇ ਰੂਪ ਵਿੱਚ ਡੈਬਿਊ ਕੀਤਾ। ਫ਼ਿਲਮ ਵਿੱਚ ਅਮਿਤਾਭ ਬੱਚਨ, ਸ਼ਸ਼ੀ ਕਪੂਰ, ਸੰਜੀਵ ਕੁਮਾਰ, ਰਾਖੀ, ਹੇਮਾ ਮਾਲਿਨੀ ਅਤੇ ਵਹੀਦਾ ਰਹਿਮਾਨ ਵਰਗੇ ਕਲਾਕਾਰ ਸਨ। ਪੂਨਮ ਨੇ ਫ਼ਿਲਮ ਵਿੱਚ ਸ਼ਸ਼ੀ ਕਪੂਰ ਦੀ ਭੈਣ ਦੀ ਭੂਮਿਕਾ ਨਿਭਾਈ ਸੀ ਅਤੇ ਉਸ ਦੇ ਸਹਿ-ਕਲਾਕਾਰ ਸਚਿਨ ਪਿਲਗਾਂਵਕਰ ਸਨ। ਪੂਨਮ ਨੇ ਆਪਣੀ ਪਹਿਲੀ ਫ਼ਿਲਮ ਵਿੱਚ ਸਵਿਮ ਸੂਟ ਪਾਇਆ ਸੀ। ਫ਼ਿਲਮਾਂ 'ਚ ਆਉਣ ਤੋਂ ਬਾਅਦ ਉਨ੍ਹਾਂ ਦੀ ਮਾਂ ਨੇ 5 ਸਾਲ ਤੱਕ ਉਨ੍ਹਾਂ ਨਾਲ ਗੱਲ ਨਹੀਂ ਕੀਤੀ, ਇੱਕ ਇੰਟਰਵਿਊ 'ਚ ਪੂਨਮ ਨੇ ਕਿਹਾ ਸੀ, 'ਜਦੋਂ ਮੈਂ ਇੰਡਸਟਰੀ 'ਚ ਆਈ ਤਾਂ ਇਹ ਮੇਰੀ ਮਾਂ ਲਈ ਬਹੁਤ ਹੈਰਾਨ ਕਰਨ ਵਾਲਾ ਸੀ। ਇਸਨੂੰ ਸਵੀਕਾਰ ਕਰਨ ਵਿੱਚ ਉਸਨੂੰ 5 ਸਾਲ ਲੱਗ ਗਏ। ਉਸਨੇ ਮੇਰੇ ਨਾਲ ਗੱਲ ਵੀ ਨਹੀਂ ਕੀਤੀ। ਮੈਨੂੰ ਸ਼ੂਟ 'ਤੇ ਲੈ ਜਾਣ ਲਈ ਉਸ ਨੂੰ ਮਨਾਉਣ 'ਚ ਕਾਫ਼ੀ ਸਮਾਂ ਲੱਗਾ। ਸਾਲਾਂ ਬਾਅਦ ਜਦੋਂ ਉਸ ਨੇ ਦੇਖਿਆ ਕਿ ਮੈਨੂੰ ਇਸ ਕੈਰੀਅਰ ਤੋਂ ਧਿਆਨ ਅਤੇ ਸਨਮਾਨ ਦੋਵੇਂ ਮਿਲ ਰਹੇ ਹਨ ਤਾਂ ਉਸ ਨੂੰ ਅਹਿਸਾਸ ਹੋਇਆ ਕਿ ਇਹ ਕੈਰੀਅਰ ਵੀ ਮਾੜਾ ਨਹੀਂ ਸੀ।







## ਸਮੁੰਦਰ 'ਚ ਡੁੱਬਣ ਕਾਰਨ ਹੋਈ ਗਾਇਕ ਜ਼ੁਬੀਨ ਗਰਗ ਦੀ ਮੌਤ



ਪ੍ਰਸਿੱਧ ਅਸਾਮੀ ਗਾਇਕ ਅਤੇ ਸੰਗੀਤਕਾਰ ਜ਼ੁਬੀਨ ਗਰਗ ਦੀ ਸਿੰਗਾਪੁਰ ਵਿੱਚ ਇੱਕ ਦੁਖਦਾਈ ਹਾਦਸੇ ਤੋਂ ਬਾਅਦ ਮੌਤ ਹੋ ਗਈ ਹੈ, ਜਿੱਥੇ ਉਹ ਚੌਥੇ ਉੱਤਰ ਪੂਰਬੀ ਭਾਰਤ ਉਤਸਵ ਵਿੱਚ ਸ਼ਾਮਲ ਹੋਇਆ ਸੀ।

ਜ਼ੁਬੀਨ ਗਰਗ 17 ਹੋਰ ਜਣਿਆਂ ਨਾਲ ਯਾਟ ਯਾਤਰਾ 'ਤੇ ਗਿਆ ਸੀ ਅਤੇ 'ਬਿਨਾਂ ਲਾਈਫ ਜੈਕੇਟ ਦੇ ਸਮੁੰਦਰ 'ਚ ਤੈਰਨ ਦੌਰਾਨ' ਉਸ ਦੀ ਮੌਤ ਹੋ ਗਈ। ਪਹਿਲਾਂ ਇਹ ਜਾਣਕਾਰੀ ਮਿਲੀ ਸੀ ਗਾਇਕ ਦੀ ਸਿੰਗਾਪੁਰ ਵਿੱਚ ਸਕੂਬਾ ਡਾਈਵਿੰਗ ਸੈਸ਼ਨ ਦੌਰਾਨ ਵਾਪਰੇ ਹਾਦਸੇ 'ਚ ਮੌਤ ਹੋ ਗਈ ਸੀ। ਜ਼ੁਬੀਨ ਨੂੰ ਇੱਕ ਸਥਾਨਕ ਹਸਪਤਾਲ ਲਿਜਾਇਆ ਗਿਆ ਪਰ ਉਸ ਨੂੰ ਕਥਿਤ ਤੌਰ 'ਤੇ ਬਚਾਇਆ ਨਹੀਂ ਜਾ ਸਕਿਆ।

ਜ਼ੁਬੀਨ ਗਰਗ ਨੇ ਪਿਛਲੇ ਦਿਨੀਂ ਆਪਣੇ ਅਧਿਕਾਰਤ ਇੰਸਟਾਗ੍ਰਾਮ ਹੈਂਡਲ ਰਾਹੀਂ ਇੱਕ ਵੀਡੀਓ ਸਾਂਝਾ ਕੀਤਾ ਸੀ, ਜਿਸ ਵਿੱਚ ਉਸ ਨੇ ਸਿੰਗਾਪੁਰ ਵਿੱਚ ਉੱਤਰ ਪੂਰਬੀ ਭਾਰਤ ਉਤਸਵ ਵਿੱਚ ਆਪਣੀ ਸ਼ਮੂਲੀਅਤ ਦਾ ਐਲਾਨ ਕੀਤਾ ਸੀ। ਪ੍ਰਸ਼ੰਸਕ ਉਸ ਨੂੰ ਕੌਮਾਂਤਰੀ ਮੰਚ 'ਤੇ ਅਸਾਮੀ ਅਤੇ ਭਾਰਤੀ ਸੱਭਿਆਚਾਰ ਦੀ ਨੁਮਾਇੰਦਗੀ ਕਰਦਿਆਂ ਦੇਖਣ ਲਈ ਉਤਸ਼ਾਹਿਤ ਸਨ।

ਇੱਕ ਬਹੁਪੱਖੀ ਕਲਾਕਾਰ ਜ਼ੁਬੀਨ ਗਰਗ ਫਿਲਮ ਗੈਂਗਸਟਰ (2006) ਤੋਂ ਆਪਣੇ ਬੌਲੀਵੁੱਡ ਹਿੱਟ 'ਯਾ ਅਲੀ' ਨਾਲ ਰਾਸ਼ਟਰੀ ਪੱਧਰ 'ਤੇ ਮਕਬੂਲ ਹੋਇਆ ਸੀ, ਜਦੋਂ ਕਿ ਅਸਾਮ ਅਤੇ ਉੱਤਰ-ਪੂਰਬ ਵਿੱਚ ਉਹ ਸੰਗੀਤ, ਸਿਨੇਮਾ ਅਤੇ ਸਰਗਰਮੀ ਵਿੱਚ ਆਪਣੇ ਦਹਾਕਿਆਂ ਦੇ ਯੋਗਦਾਨ ਲਈ ਸੱਭਿਆਚਾਰਕ ਪ੍ਰਤੀਕ ਸੀ।

ਉੱਤਰ ਪੂਰਬੀ ਭਾਰਤ ਫੈਸਟੀਵਲ ਦੇ ਮੁੱਖ ਪ੍ਰਬੰਧਕ ਸ਼ਿਆਮਕਾਨੂ ਮਹੰਤ ਨੇ ਦਾਅਵਾ ਕੀਤਾ ਕਿ ਅਸਾਮ ਦੇ ਪ੍ਰਸਿੱਧ ਗਾਇਕ ਜ਼ੁਬੀਨ ਗਰਗ ਸਥਾਨਕ ਅਸਾਮੀ ਭਾਈਚਾਰੇ ਦੇ ਕੁਝ ਮੈਂਬਰਾਂ ਨਾਲ ਯਾਟ ਯਾਤਰਾ 'ਤੇ ਗਏ ਸਨ ਜਦੋਂ ਸਿੰਗਾਪੁਰ ਵਿੱਚ ਇੱਕ ਹਾਦਸਾ ਵਾਪਰਿਆ, ਜਿਸ ਵਿੱਚ ਉਸ ਦੀ ਜਾਨ ਚਲੀ ਗਈ।

ਉਨ੍ਹਾਂ ਦੱਸਿਆ, "ਮੀਟਿੰਗ ਦੌਰਾਨ ਸਾਨੂੰ ਜ਼ੁਬੀਨ ਦੇ ਮੈਨੇਜਰ ਦਾ ਫ਼ੋਨ ਆਇਆ ਜਿਸ ਵਿੱਚ ਸਾਨੂੰ ਦੱਸਿਆ ਗਿਆ ਕਿ ਜ਼ੁਬੀਨ ਨੂੰ ਇੱਕ ਹਾਦਸੇ ਮਗਰੋਂ ਸਿੰਗਾਪੁਰ ਜਨਰਲ ਹਸਪਤਾਲ ਲਿਜਾਇਆ ਗਿਆ ਹੈ। ਸਾਨੂੰ ਬਾਅਦ ਵਿੱਚ ਪਤਾ ਲੱਗਾ ਕਿ ਸਥਾਨਕ ਅਸਾਮੀ ਭਾਈਚਾਰੇ ਦੇ ਕੁਝ ਮੈਂਬਰ ਉਸ ਨੂੰ ਇੱਕ ਯਾਟ ਯਾਤਰਾ 'ਤੇ ਲੈ ਗਏ ਸਨ, ਜਿਸ ਬਾਰੇ ਸਾਨੂੰ ਪਹਿਲਾਂ ਕੋਈ ਜਾਣਕਾਰੀ ਨਹੀਂ ਸੀ।"

# ਕਾਫ਼ੀ ਦੁਖਦਾਇਕ ਹੈ ਚਮਕਦਾਰ ਫ਼ਿਲਮੀ ਸੰਸਾਰ ਦਾ ਹਨੇਰਾ ਪੱਖ

## ਹਮੇਸ਼ਾ ਲਈ ਨਹੀਂ ਰਹਿੰਦੇ ਪ੍ਰਸਿੱਧੀ, ਚਮਕ, ਰੌਸ਼ਨੀ, ਸੁਰੱਖਿਆ ਗਾਰਡ, ਅੱਗੇ-ਪਿੱਛੇ ਚੱਲਦਾ ਮੀਡੀਆ

ਭਾਵੇਂ ਖੁਦਕੁਸ਼ੀ ਕਿਸੇ ਵੀ ਸਮਾਜ ਵਿੱਚ ਆਮ ਗੱਲ ਹੈ। ਡਿਪਰੈਸ਼ਨ ਕਿਸੇ ਨੂੰ ਵੀ ਹੋ ਸਕਦਾ ਹੈ। ਇਸ ਦਾ ਪੈਸੇ, ਧੋਖਾਧੜੀ ਅਤੇ ਅਸਫਲਤਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਜੇਕਰ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਪੂਰੀ ਦੁਨੀਆ 'ਚ ਭਾਰਤ 'ਚ 40 ਫੀਸਦੀ ਔਰਤਾਂ ਖੁਦਕੁਸ਼ੀਆਂ ਕਰਦੀਆਂ ਹਨ ਪਰ ਇਹ ਗੱਲ ਕਦੇ ਸੁਰਖੀਆਂ 'ਚ ਨਹੀਂ ਬਣੀ। ਐਂਟਰਟੇਨਮੈਂਟ ਇੰਡਸਟਰੀ ਦੇ ਮੁਕਾਬਲੇ ਘੱਟ ਲੋਕ ਖੁਦਕੁਸ਼ੀ ਕਰਦੇ ਹਨ, ਪਰ ਜ਼ਾਹਿਰ ਹੈ ਕਿ ਉਨ੍ਹਾਂ ਦੀ ਖੁਦਕੁਸ਼ੀ ਨਾਲ ਜੁੜੀਆਂ ਖਬਰਾਂ ਟੀਆਰਪੀ ਦਿੰਦੀਆਂ ਹਨ, ਫਿਰ ਬਿਨਾਂ ਸਿਰ-ਪੈਰ ਦੇ ਖ਼ਬਰਾਂ ਸੁਰਖੀਆਂ ਬਣ ਜਾਂਦੀਆਂ ਹਨ।

ਪਰ ਫਿਲਮੀ ਦੁਨੀਆ ਨਾਲ ਜੁੜੇ ਲੋਕਾਂ ਦੀ ਖੁਦਕੁਸ਼ੀ ਸਮਾਜ ਨੂੰ ਥੋੜ੍ਹਾ ਹੈਰਾਨ ਕਰਦੀ ਹੈ। ਇਨ੍ਹਾਂ ਖੁਦਕੁਸ਼ੀਆਂ ਦੇ ਪਿੱਛੇ ਦੀਆਂ ਕਹਾਣੀਆਂ ਸਿਲਵਰ ਸਕਰੀਨ ਦੀ ਚਮਕ ਦੇ ਉਲਟ ਕਾਲੇ ਅਤੇ ਦਲਦਲ ਵਾਲੀਆਂ ਹਨ। ਇਨ੍ਹਾਂ ਨੂੰ ਖੋਲ੍ਹਣ 'ਤੇ ਫਿਲਮ ਸਮਾਜ ਦੀ ਸੜਨ ਨਜ਼ਰ ਆਉਂਦੀ ਹੈ। ਇਹਨਾਂ ਵਿੱਚੋਂ ਜ਼ਿਆਦਾਤਰ ਲੋਕ ਦਬਾਅ, ਅਸਫਲਤਾ, ਵਿੱਤੀ ਉਤਰਾਅ-ਚੜ੍ਹਾਅ, ਰਿਸ਼ਤੇ ਦੀਆਂ ਸਮੱਸਿਆਵਾਂ ਦੇ ਔਖੇ ਸਮੇਂ ਨੂੰ ਖ਼ੂਬਸੂਰਤੀ ਨਾਲ ਪਾਰ ਕਰਦੇ ਹਨ। ਰੇਖਾ ਤੋਂ ਇਲਾਵਾ ਦੀਪਿਕਾ ਪਾਦੁਕੋਣ ਅਤੇ ਰਣਦੀਪ ਹੁੱਡਾ ਨੇ ਜਨਤਕ ਤੌਰ 'ਤੇ ਆਪਣੇ ਡਿਪਰੈਸ਼ਨ ਨੂੰ ਸਵੀਕਾਰ ਕੀਤਾ ਹੈ।



ਕਾਰਤਿਕ ਆਰੀਅਨ, ਆਯੁਸ਼ਮਾਨ ਖੁਰਾਨਾ, ਵਿੱਕੀ ਕੌਸ਼ਲ, ਨਵਾਜ਼ੁਦੀਨ ਸਿੱਦੀਕੀ, ਪੰਕਜ ਤ੍ਰਿਪਾਠੀ, ਰਾਧਿਕਾ ਆਪਟੇ, ਤਾਪਸੀ ਪੰਨੂ, ਭੂਮੀ ਪੇਡਨੇਕਰ ਆਦਿ ਦੀ ਕਾਮਯਾਬੀ ਪਿੱਛੇ ਸੰਘਰਸ਼ ਅਤੇ ਜ਼ਿੱਦ ਦਾ ਅਜਿਹਾ ਗੂੜ੍ਹਾ ਘੁੱਪ ਹਨੇਰਾ ਹੈ ਕਿ ਕੋਈ ਹੱਥ ਵੀ ਨਹੀਂ ਦੇਖ ਸਕਦਾ। ਪਰ ਸਾਰੀਆਂ ਮੁਸ਼ਕਲਾਂ ਨੂੰ ਆਪਣੀ ਪਿੱਠ 'ਤੇ ਚੁੱਕ ਕੇ ਇਹ ਲੋਕ ਸੰਘਰਸ਼ ਲਈ ਦੌੜਦੇ ਰਹੇ।

ਬਾਲੀਵੁੱਡ ਦੀ ਦੁਨੀਆ ਵਿੱਚ ਕੁਝ ਲੋਕ ਇਹ ਭੁੱਲ ਜਾਂਦੇ ਹਨ ਕਿ ਪ੍ਰਸਿੱਧੀ, ਚਮਕ, ਰੌਸ਼ਨੀ, ਸੁਰੱਖਿਆ ਗਾਰਡ, ਅੱਗੇ-ਪਿੱਛੇ ਚੱਲਦਾ ਮੀਡੀਆ ਹਮੇਸ਼ਾ ਲਈ ਨਹੀਂ ਰਹਿੰਦਾ। ਇੱਥੇ ਸਫਲਤਾ ਅਤੇ ਪ੍ਰਸਿੱਧੀ ਦੀ ਉਮਰ ਬਹੁਤ ਛੋਟੀ ਹੈ। ਅਮਿਤਾਭ ਬੱਚਨ, ਸਲਮਾਨ ਖਾਨ ਅਤੇ ਸ਼ਾਹਰੁਖ ਖਾਨ ਤੋਂ ਬਾਅਦ ਕੋਈ ਅਜਿਹਾ ਅਭਿਨੇਤਾ ਨਹੀਂ ਹੈ ਜਿਸ ਨੇ ਫਿਲਮ ਇੰਡਸਟਰੀ 'ਤੇ ਲਗਾਤਾਰ ਰਾਜ ਕੀਤਾ ਹੋਵੇ। ਇੱਥੇ ਤਾਰੇ ਇੱਕ ਰਾਤ ਵਿੱਚ ਧਰਤੀ ਉੱਤੇ ਆ ਜਾਂਦੇ ਹਨ। ਜਦੋਂ ਪ੍ਰਸਿੱਧੀ ਇੱਥੇ ਥੋੜ੍ਹੇ ਸਮੇਂ ਲਈ ਹੁੰਦੀ ਹੈ ਤਾਂ ਕੁਝ ਲੋਕ ਇਸ ਨੂੰ ਦ੍ਰਿੜਤਾ ਨਾਲ ਸਵੀਕਾਰ ਕਰਦੇ ਹਨ ਅਤੇ ਕੁਝ ਇਸ ਦੇ ਯੋਗ ਨਹੀਂ ਹੁੰਦੇ।

ਇੱਥੋਂ ਦੇ ਲੋਕਾਂ ਦੇ ਖਰਚੇ ਇੰਨੇ ਜ਼ਿਆਦਾ ਹਨ ਕਿ ਕੋਈ ਨਾ ਚਾਹੁੰਦੇ ਹੋਏ ਵੀ ਇਨ੍ਹਾਂ ਤੋਂ ਬਚ ਨਹੀਂ ਸਕਦਾ। ਜੇਕਰ ਗਲੈਮਰ ਦੀ ਦੁਨੀਆਂ ਹੈ ਤਾਂ



ਜ਼ਰੂਰੀ ਖਰਚੇ ਬਹੁਤ ਮਹਿੰਗੇ ਹਨ। ਮਹਿੰਗੀਆਂ ਗੱਡੀਆਂ, ਪਾਰਟੀਆਂ ਵਿੱਚ ਜਾਣ ਦੇ ਲਾਇਕ ਸਟੇਟਸ ਬਰਕਰਾਰ ਰੱਖਣਾ, ਪੀ.ਆਰ. ਟੀਮ, ਹਰ ਤਰ੍ਹਾਂ ਦਾ ਨਸ਼ਾ, ਇਹ ਖਰਚੇ ਵੱਖਰੇ ਹਨ, ਪਰ ਪੈਰਾਂ ਦੇ ਨਹੁੰਆਂ ਤੋਂ ਲੈ ਕੇ ਸਿਰ ਦੇ ਵਾਲਾਂ ਤੱਕ ਸਾਂਭਣ ਲਈ



ਲੱਖਾਂ ਰੁਪਏ ਲੱਗਦੇ ਹਨ।

ਇਸ ਸਮੇਂ ਦੌਰਾਨ ਅਜਿਹੇ ਕੰਮਾਂ 'ਤੇ ਪੈਸਾ ਖਰਚ ਕਰਨਾ ਸ਼ਾਮਲ ਹੈ ਜੋ ਇੱਥੇ ਲਿਖਣਾ ਵੀ ਉਚਿਤ ਨਹੀਂ ਹੈ। ਜਦੋਂ ਤੱਕ ਆਮਦਨ ਹੁੰਦੀ ਹੈ, ਖਰਚੇ ਹੁੰਦੇ ਰਹਿੰਦੇ ਹਨ, ਪਰ ਜਿਸ ਦਿਨ ਆਮਦਨ ਘੱਟ ਜਾਂਦੀ ਹੈ ਜਾਂ ਰੁਕ ਜਾਂਦੀ ਹੈ, ਉਦਾਸੀ ਘੇਰ ਲੈਂਦੀ ਹੈ। ਜ਼ਿਆਦਾ ਕਮਾਈ ਕਰਨ ਨਾਲੋਂ ਜ਼ਿਆਦਾ ਤਣਾਅ ਉਸ ਆਮਦਨ ਅਤੇ ਰੁਤਬੇ ਨੂੰ ਕਾਇਮ ਰੱਖਣ ਦਾ ਹੈ। ਭਾਵ, ਸਥਿਰਤਾ ਇੱਕ ਵੱਡਾ ਦਬਾਅ ਹੈ। ਵੱਡੇ ਪ੍ਰੋਡਕਸ਼ਨ ਹਾਊਸ ਕੈਂਪਾਂ ਵਿੱਚ ਵੰਡੇ ਹੋਏ ਹਨ। ਨਾ ਰਿਸ਼ਤਾ ਵਿਗੜਿਆ ਤੇ ਨਾ ਹੀ ਕੰਮ ਰੁਕਿਆ। ਤੁਹਾਡੀ ਸਥਿਤੀ ਵਿੱਚ ਕੋਈ ਕਮੀ ਨਹੀਂ ਆਉਂਦੀ ਕਿ ਹਰ ਕੋਈ ਤੁਹਾਨੂੰ ਇੱਕਠੇ ਛੱਡ ਦਿੰਦਾ ਹੈ। ਲੋਕ ਇਕੱਲਤਾ ਵਿੱਚ ਘਿਰ ਜਾਂਦੇ ਹਨ। ਸ਼ੋਹਰਤ ਦੀ ਬੁਲੰਦੀ 'ਤੇ ਹੋਵੇ ਤਾਂ ਸਾਰਿਆਂ ਦਾ ਸਾਥ ਹੈ, ਨਹੀਂ ਤਾਂ ਕੋਈ ਮਰ ਵੀ ਜਾਵੇ ਤਾਂ ਤਿੰਨ ਦਿਨਾਂ ਬਾਅਦ ਪਤਾ ਲੱਗ ਜਾਂਦਾ ਹੈ। ਇਸ ਤਰ੍ਹਾਂ ਚਮਕਦਾਰ ਫ਼ਿਲਮੀ ਦੁਨੀਆਂ ਦਾ ਦੂਜਾ ਪੱਖ ਕਾਫੀ ਹਨੇਰਾ ਹੈ।

## ਟਰੰਪ ਨੇ ਚਲਾਇਆ ਐਚ-1ਬੀ...

ਅਮਰੀਕੀ ਵਿਦੇਸ਼ ਵਿਭਾਗ ਦੇ ਪ੍ਰਮੁੱਖ ਉਪ ਬੁਲਾਰੇ ਥਾਮਸ ਪਿਗੋਟ ਨੇ ਕਿਹਾ ਹੈ ਕਿ ਅਮਰੀਕੀ ਪਾਬੰਦੀਆਂ ਵਿੱਚ ਛੋਟ ਦੇਣ ਵਾਲੇ 2018 ਦੇ ਹੁਕਮਾਂ ਨੂੰ ਰੱਦ ਕੀਤਾ ਜਾ ਰਿਹਾ ਹੈ। ਪਿਗੋਟ ਨੇ ਕਿਹਾ, "ਅਮਰੀਕੀ ਵਿਦੇਸ਼ ਮੰਤਰੀ ਨੇ ਅਫ਼ਗਾਨਿਸਤਾਨ ਪੁਨਰ ਨਿਰਮਾਣ ਸਹਾਇਤਾ ਅਤੇ ਆਰਥਿਕ ਵਿਕਾਸ ਲਈ ਇਰਾਨ ਆਜ਼ਾਦੀ ਅਤੇ ਪਰਮਾਣੂ ਗੈਰ-ਪ੍ਰਸਾਰ ਐਕਟ (9631) ਤਹਿਤ 2018 ਵਿੱਚ ਜਾਰੀ ਪਾਬੰਦੀਆਂ ਵਿਚ ਛੋਟ ਨੂੰ ਰੱਦ ਕਰ ਦਿੱਤਾ ਹੈ। ਇਹ ਹੁਕਮ 29 ਸਤੰਬਰ, 2025 ਤੋਂ ਲਾਗੂ ਹੋਵੇਗਾ।"

ਅਮਰੀਕੀ ਪ੍ਰਸ਼ਾਸਨ ਦੇ ਇਸ ਫੈਸਲੇ ਦਾ ਭਾਰਤ 'ਤੇ ਵੀ ਅਸਰ ਪਵੇਗਾ ਕਿਉਂਕਿ ਭਾਰਤ ਵੱਲੋਂ ਓਮਾਨ ਦੀ ਖਾੜੀ ਵਿੱਚ ਸਥਿਤ ਚਾਬਹਾਰ ਬੰਦਰਗਾਹ 'ਤੇ ਇੱਕ ਟਰਮੀਨਲ ਦਾ ਵਿਕਾਸ ਕੀਤਾ ਜਾ ਰਿਹਾ ਹੈ। ਭਾਰਤ ਨੇ 13 ਮਈ, 2024 ਨੂੰ ਬੰਦਰਗਾਹ ਨੂੰ ਚਲਾਉਣ ਲਈ 10 ਸਾਲਾਂ ਦੇ ਇਕਰਾਰਨਾਮੇ 'ਤੇ ਹਸਤਾਖਰ ਕੀਤੇ ਸਨ।

ਸਾਡੇ ਵਿਚਾਰ ਅਨੁਸਾਰ ਟੈਰਿਫ਼, ਵੀਜ਼ਾ ਅਤੇ ਇਰਾਨ ਦੀ ਚਾਬਹਾਰ ਬੰਦਰਗਾਹ ਵਰਗੇ ਸਾਰੇ ਮਸਲਿਆਂ ਦੇ ਹੱਲ ਲਈ ਭਾਰਤ ਅਤੇ ਅਮਰੀਕਾ ਨੂੰ ਗੱਲਬਾਤ ਦੀ ਮੇਜ਼ 'ਤੇ ਆਉਣਾ ਚਾਹੀਦਾ ਹੈ, ਕਿਉਂਕਿ ਫ਼ੈਂਟਾਨਿਲ ਵਰਗੀ ਅੰਤਰਰਾਸ਼ਟਰੀ ਸਮੱਸਿਆ ਨੂੰ ਇਕੱਲੇ ਨਹੀਂ ਹੱਲ ਕੀਤਾ ਜਾ ਸਕਦਾ। ਦੋਵੇਂ ਮੁਲਕਾਂ ਵਿਚਾਲੇ ਆਪਸੀ ਭਰੋਸੇ ਦੀ ਬਹਾਲੀ ਜ਼ਰੂਰੀ ਹੈ, ਨਹੀਂ ਤਾਂ ਟੈਰਿਫ਼ ਅਤੇ ਵੀਜ਼ੇ ਵਰਗੇ ਮੁੱਦੇ ਹੋਰ ਗੰਭੀਰ ਹੋ ਜਾਣਗੇ। ਭਾਰਤ ਅਤੇ ਅਮਰੀਕਾ ਆਪਸੀ ਮਤਭੇਦ ਭੁਲਾ ਕੇ ਜਿੰਨੀ ਜਲਦੀ ਦੁਵੱਲੀ ਗੱਲਬਾਤ ਸ਼ੁਰੂ ਕਰਨਗੇ, ਓਨੀ ਛੇਤੀ ਉਲਝਦੀ ਜਾ ਰਹੀ ਇਸ 'ਤਾਣੀ' ਦੇ ਸੁਲਝਣ ਦੇ ਆਸਾਰ ਬਣਨਗੇ। ਇਸੇ ਵਿੱਚ ਦੋਵੇਂ ਮੁਲਕਾਂ ਦੀ ਭਲਾਈ ਹੈ।

***

## ਅਮਰੀਕਾ 'ਚ ਪੜ੍ਹਾਈ ਕਰਨ ਬਾਰੇ ਜਾਣਕਾਰੀ...

ਅਧਿਕਾਰਤ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ, ਕੁਮਾਰ ਨੇ ਕਿਹਾ ਕਿ ਮਈ 2024 ਦੇ ਮੁਕਾਬਲੇ ਇਸ ਸਾਲ ਮਈ ਵਿੱਚ ਅਮਰੀਕਾ ਨੂੰ ਪੁੱਛਗਿੱਛਾਂ ਵਿੱਚ 46.4 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। ਕੈਨੇਡਾ ਨੂੰ ਪੁੱਛਗਿੱਛਾਂ ਵਿੱਚ ਵੀ ਪਿਛਲੇ ਦੋ ਸਾਲਾਂ ਵਿੱਚ ਲਗਭਗ 70 ਤੋਂ 75 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ।

ਪਿਛਲੇ ਦੋ ਸਾਲਾਂ ਵਿੱਚ ਕੈਨੇਡਾ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਆਈਆਂ ਹਨ। ਇਹ (ਸਾਬਕਾ ਕੈਨੇਡੀਅਨ ਪ੍ਰਧਾਨ ਮੰਤਰੀ) ਜਸਟਿਨ ਟਰੂਡੋ ਅਤੇ ਭਾਰਤ ਸਰਕਾਰ ਵਿਚਕਾਰ ਵਿਵਾਦ ਨਾਲ ਸ਼ੁਰੂ ਹੋਇਆ ਸੀ ਪਰ ਸਮੇਂ ਦੇ ਨਾਲ, ਜੋ ਹੋਇਆ ਹੈ ਉਹ ਇਹ ਹੈ ਕਿ ਕੈਨੇਡਾ ਵੀ ਅਮਰੀਕੀ ਟੈਰਿਫਾਂ ਤੋਂ ਪ੍ਰਭਾਵਿਤ ਹੋਇਆ ਹੈ ਅਤੇ ਕੈਨੇਡਾ ਦੇ 80 ਪ੍ਰਤੀਸ਼ਤ ਨਿਰਯਾਤ ਅਮਰੀਕਾ ਨੂੰ ਜਾਂਦੇ ਹਨ, ਇਸ ਲਈ ਉਹ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ।

ਉਸਨੇ ਕਿਹਾ, 'ਲੋਕ ਸੋਚਦੇ ਹਨ ਕਿ ਇਹ ਕੈਨੇਡਾ ਜਾਣ ਦਾ ਸਹੀ ਸਮਾਂ ਨਹੀਂ ਹੈ ਕਿਉਂਕਿ ਉਨ੍ਹਾਂ ਨੇ ਪੜ੍ਹਾਈ ਤੋਂ ਬਾਅਦ ਦੇ ਕੰਮ ਨੂੰ ਸਿਰਫ ਛੇ ਸ਼੍ਰੇਣੀਆਂ ਤੱਕ ਸੀਮਤ ਕਰ ਦਿੱਤਾ ਹੈ ਅਤੇ ਇਹ ਉਹ ਥਾਂ ਹੈ ਜਿੱਥੇ ਬਹੁਤ ਸਾਰੇ ਵਿਦਿਆਰਥੀ ਸੋਚਦੇ ਹਨ ਕਿ ਜੇ ਉਹ ਕਿਤੇ ਹੋਰ ਪੜ੍ਹਾਈ ਕਰਦੇ ਹਨ, ਤਾਂ ਉਨ੍ਹਾਂ ਦੀ ਪੜ੍ਹਾਈ ਤੋਂ ਬਾਅਦ ਕੋਈ ਕੰਮ ਨਹੀਂ ਹੋਵੇਗਾ ਅਤੇ ਉਨ੍ਹਾਂ ਨੂੰ ਵਾਪਸ ਆਉਣਾ ਪਵੇਗਾ।'

ਕੁਮਾਰ ਨੇ ਕਿਹਾ ਕਿ ਕੈਨੇਡੀਅਨ ਸਰਕਾਰ ਨੇ ਕਿਹਾ ਹੈ ਕਿ ਇਹ ਉਪਾਅ 2027 ਤੱਕ ਲਾਗੂ ਰਹਿਣਗੇ, ਜਿਸ ਤੋਂ ਬਾਅਦ ਉਹ ਇਸ ਨੀਤੀ 'ਤੇ ਮੁੜ ਵਿਚਾਰ ਕਰਨਗੇ। ਉਹਨਾਂ ਅੱਗੇ ਕਿਹਾ ਕਿ ਕੈਨੇਡਾ ਦਾ ਵੀ ਅਗਲੇ ਦੋ ਸਾਲਾਂ ਵਿੱਚ ਨਰਮ ਰਵੱਈਆ ਹੋਣ ਦੀ ਸੰਭਾਵਨਾ ਹੈ।

ਉਹਨਾਂ ਕਿਹਾ ਕਿ ਜੇ ਤੁਸੀਂ ਯੂ.ਕੇ. ਅਤੇ ਆਸਟ੍ਰੇਲੀਆ ਵਰਗੇ ਹੋਰ ਪ੍ਰਮੁੱਖ ਸਥਾਨਾਂ 'ਤੇ ਨਜ਼ਰ ਮਾਰੋ, ਤਾਂ ਸਮੁੱਚੀ ਮੰਗ ਬਰਕਰਾਰ ਹੈ, ਉੱਥੇ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵੀ ਪੂਰੀ ਤਰ੍ਹਾਂ ਬਰਕਰਾਰ ਹੈ।

ਦਰਅਸਲ, ਆਸਟ੍ਰੇਲੀਆ ਨੇ ਰਸਮੀ ਤੌਰ 'ਤੇ ਐਲਾਨ ਕੀਤਾ ਹੈ ਕਿ ਇਸ ਸਾਲ ਉਹ ਪਿਛਲੇ ਸਾਲ ਦੇ ਮੁਕਾਬਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਨੌਂ ਪ੍ਰਤੀਸ਼ਤ ਵਾਧਾ ਕਰਨ ਜਾ ਰਹੇ ਹਨ, ਇਸ ਲਈ ਉਹ ਪ੍ਰਬੰਧਿਤ ਵਿਕਾਸ ਬਾਰੇ ਗੱਲ ਕਰ ਰਹੇ ਹਨ। ਉਹ ਹੋਰ ਵਿਦਿਆਰਥੀਆਂ ਨੂੰ ਆਉਣ ਦੀ ਇਜਾਜ਼ਤ ਦੇਣਗੇ, ਪਰ ਪ੍ਰਬੰਧਿਤ ਤਰੀਕੇ ਨਾਲ।

***

## ਫਰਿਜ਼ਨੋ ਵਿਖੇ ਮਨਾਇਆ ਗਿਆ...

ਸਾਧੂ ਸਿੰਘ ਸੰਘਾ, ਹੈਰੀ ਮਾਨ ਅਤੇ ਨਿਰਮਲ ਸਿੰਘ ਧਨੌਲਾ ਆਦਿ ਨੇ ਸਟੇਜ਼ ਤੋਂ ਹਾਜ਼ਰੀ ਭਰੀ। ਇਸ ਮੌਕੇ ਸੈਂਟਰਲ ਸਕੂਲ ਬੋਰਡ ਟਰੱਸਟੀ ਦੀ ਟੀਮ ਨੂੰ ਵੀ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਨੇ ਉਹਨਾਂ ਦੀਆਂ ਸੇਵਾਵਾਂ ਲਈ ਸਨਮਾਨਿਤ ਕੀਤਾ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ ਟੀਮ ਨੇ ਖਾਲੜਾ ਜੀ ਦੇ ਨਾਮ 'ਤੇ ਐਲੀਮੈਂਟਰੀ ਸਕੂਲ ਦਾ ਨਾਮ ਰੱਖਣ ਲਈ ਵੱਡਾ ਯੋਗਦਾਨ ਪਾਇਆ ਸੀ।

ਇਸ ਮੌਕੇ ਐਡਵੋਕੇਟ ਨਰਿੰਦਰ ਸਿੰਘ ਚਾਹਲ ਅਤੇ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੀ ਬੇਟੀ ਪ੍ਰਿਤਪਾਲ ਕੌਰ ਉਦਾਸੀ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਉਹਨਾਂ ਵੀ ਆਪਣੇ ਵਿਚਾਰ ਰੱਖੇ ਤੇ ਇਸ ਮੌਕੇ ਬਾਬਿਆ ਦੀ ਪਾਰਕ ਵਾਲੀ ਕਮੇਟੀ ਵੱਲੋਂ ਉਹਨਾਂ ਨੂੰ ਸ਼ਾਲ ਦੇਕੇ ਨਿਵਾਜਿਆ ਗਿਆ। ਇਸ ਮੌਕੇ ਪ੍ਰਿਤਪਾਲ ਕੌਰ ਉਦਾਸੀ ਨੇ ਆਪਣੇ ਪਿਤਾ ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਗਾਕੇ ਸੁਣਾਈਆਂ। ਐਡਵੋਕੇਟ ਨਰਿੰਦਰ ਸਿੰਘ ਚਾਹਲ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਨਾਲ ਬਿਤਾਏ ਸਮੇਂ ਦੀਆਂ ਗੱਲਾਂ ਸੁਣਾਈਆਂ ਅਤੇ 84 ਮੌਕੇ ਹੋਏ ਮਨੁੱਖੀ ਅਧਿਕਾਰਾਂ ਦੇ ਘਾਣ 'ਤੇ ਜੋਸ਼ੀਲੇ ਢੰਗ ਨਾਲ ਚਾਨਣਾ ਪਾਇਆ। ਇਸ ਮੌਕੇ ਪੱਤਰਕਾਰ ਨੀਟਾ ਮਾਛੀਕੇ, ਰੇਡੀਓ ਹੋਸਟ ਪ੍ਰਵੀਨ ਕੁਮਾਰ ਸ਼ਰਮਾ, ਖਾਲੜਾ ਪਾਰਕ ਵਾਲੇ ਚੋਣਵੇਂ ਬਾਬਿਆਂ ਨੂੰ ਵੀ ਉਹਨਾਂ ਦੀਆਂ ਸੇਵਾਵਾਂ ਬਦਲੇ ਸਿਰੋਪਾਓ ਦਿੱਤੇ ਗਏ।

ਅੰਤ ਵਿੱਚ ਖਾਲੜਾ ਪਾਰਕ ਵਾਲਿਆ ਬਾਬਿਆਂ ਦੀ ਕਮੇਟੀ ਦੇ ਮੋਢੀ ਮੈਂਬਰ ਸ. ਹਰਦੇਵ ਸਿੰਘ ਸਿੱਧੂ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਚਾਹ ਪਕੌੜਿਆ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਨਿਊ ਇੰਡੀਆ ਸਵੀਟ ਐਂਡ ਸਪਾਈਸ ਵਾਲੇ ਜਸਵਿੰਦਰ ਸਿੰਘ ਨੇ ਜਲੇਬੀਆਂ ਦਾ ਲੰਗਰ ਵਰਤਾਇਆ ਗਿਆ। ਇਸ ਮੌਕੇ ਵਾਲਗਰੀਨ ਫਾਰਮੇਸੀ ਵੱਲੋਂ ਫਰੀ ਫਲੂ ਸ਼ਾਟ ਲਾਏ ਗਏ। ਜੈਕਾਰਾ ਮੂਵਮੈਂਟ ਵੱਲੋ ਐਸ ਬੀ 509 ਬਿੱਲ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ।

****

## ਰਾਹੁਲ ਗਾਂਧੀ ਨੂੰ ਸਿਰੋਪਾ ਦੇਣ ਦਾ ਵਿਵਾਦ...

ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਰਾਹੁਲ ਗਾਂਧੀ ਵਿਰੁੱਧ ਸਖਤੀ ਨੂੰ ਸਿੱਖ ਸਮਾਜ ਦੇ ਇੱਕ ਵਰਗ ਨੇ ਸਿਆਸੀ ਚਾਲ ਮੰਨਿਆ ਹੈ। ਹਾਲ ਹੀ ਵਿੱਚ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸੰਤ ਟੇਕ ਸਿੰਘ ਧਨੌਲਾ ਨੇ ਅਕਾਲੀ ਨੇਤਾ ਹਰਸਿਮਰਤ ਕੌਰ ਬਾਦਲ ਨੂੰ ਗੁਰਦੁਆਰੇ ਵਿੱਚ ਸਿਰੋਪਾ ਭੇਟ ਕੀਤਾ। ਇਹ ਘਟਨਾ ਵੀ ਸ਼੍ਰੋਮਣੀ ਕਮੇਟੀ ਦੇ ਨਿਯਮਾਂ ਦੀ ਉਲੰਘਣਾ ਸੀ, ਕਿਉਂਕਿ ਹਰਸਿਮਰਤ ਇੱਕ ਰਾਜਨੀਤਕ ਸਖਸ਼ੀਅਤ ਹਨ।

ਸਿੱਖ ਸਿਆਸਤ ਦੇ ਮਾਹਿਰਾਂ ਅਨੁਸਾਰ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੀ ਚੁੱਪੀ ਅਤੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਧਨੌਲਾ ਵਿਰੁੱਧ ਕੋਈ ਕਾਰਵਾਈ ਨਾ ਹੋਣ ਨੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਇਸ ਦੇ ਉਲਟ, ਰਾਹੁਲ ਗਾਂਧੀ ਦੇ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੀ ਤੁਰੰਤ ਜਾਂਚ ਅਤੇ ਸਖ਼ਤੀ ਨੇ ਇਹ ਸਪਸ਼ਟ ਕਰ ਦਿੱਤਾ ਕਿ ਇਹ ਕਾਰਵਾਈ ਸਿਰਫ ਮਰਯਾਦਾ ਦੀ ਰਾਖੀ ਲਈ ਨਹੀਂ, ਸਗੋਂ ਭਾਜਪਾ ਨੂੰ ਖੁਸ਼ ਕਰਨ ਤੇ ਸਿਆਸੀ ਏਜੰਡੇ ਨੂੰ ਅੱਗੇ ਵਧਾਉਣ ਲਈ ਹੈ।

**ਰਾਹੁਲ ਗਾਂਧੀ ਅਤੇ 1984 ਦਾ ਸੰਦਰਭ**

ਰਾਹੁਲ ਗਾਂਧੀ ਨੂੰ ਸਿਰੋਪਾ ਦੇਣ ਦੇ ਵਿਵਾਦ ਨੂੰ 1984 ਦੇ ਸਿੱਖ ਕਤਲੇਆਮ ਅਤੇ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਨਾਲ ਜੋੜਿਆ ਜਾ ਰਿਹਾ ਹੈ। ਬਾਦਲ ਪਰਿਵਾਰ ਅਤੇ ਸ਼੍ਰੋਮਣੀ ਕਮੇਟੀ ਦੇ ਕੁਝ ਨੇਤਾਵਾਂ ਦਾ ਕਹਿਣਾ ਹੈ ਕਿ ਰਾਹੁਲ ਗਾਂਧੀ, ਜੋ ਇੰਦਰਾ ਗਾਂਧੀ ਦੇ ਪੋਤਰੇ ਹਨ, ਨੂੰ ਸਿਰੋਪਾ ਦੇਣਾ ਸਿੱਖ ਭਾਵਨਾਵਾਂ ਦਾ ਅਪਮਾਨ ਹੈ। ਪਰ ਇਸ ਦਲੀਲ ਨੂੰ ਸਿੱਖ ਸਮਾਜ ਦਾ ਵੱਡਾ ਵਰਗ ਗਲਤ ਮੰਨਦਾ ਹੈ।

ਕਿਰਨਜੋਤ ਕੌਰ ਵਰਗੇ ਸਿੱਖ ਵਿਦਵਾਨਾਂ ਨੇ ਕਿਹਾ ਹੈ ਕਿ 1984 ਦੇ ਸਮੇਂ ਰਾਹੁਲ ਗਾਂਧੀ ਸਿਰਫ 14 ਸਾਲ ਦੇ ਸਨ ਅਤੇ ਉਸ ਸਮੇਂ ਉਨ੍ਹਾਂ ਦਾ ਕੋਈ ਸਿਆਸੀ ਜਾਂ ਪ੍ਰਸ਼ਾਸਨਿਕ ਰੋਲ ਨਹੀਂ ਸੀ। ਇਸ ਲਈ ਉਨ੍ਹਾਂ ਨੂੰ ਉਸ ਘਟਨਾ ਦਾ ਜਿੰਮੇਵਾਰ ਠਹਿਰਾਉਣਾ ਨਾ-ਇਨਸਾਫੀ ਹੈ। ਰਾਹੁਲ ਗਾਂਧੀ ਨੇ ਕਈ ਮੌਕਿਆਂ 'ਤੇ ਸਿੱਖ ਕਤਲੇਆਮ ਲਈ ਅਫਸੋਸ ਜ਼ਾਹਰ ਕੀਤਾ ਹੈ ਅਤੇ ਸਿੱਖ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ ਵੀ ਕੀਤੀ ਹੈ।

ਪੰਥਕ ਮਾਹਿਰਾਂ ਅਨੁਸਾਰ ਸਿੱਖ ਇਤਿਹਾਸ ਵਿੱਚ ਮੁਆਫ਼ੀ ਅਤੇ ਸੰਵਾਦ ਦੀਆਂ ਕਈ ਮਿਸਾਲਾਂ ਹਨ। ਗੁਰੂ ਹਰਗੋਬਿੰਦ ਸਾਹਿਬ ਨੇ ਮੁਗਲ ਸਮਰਾਟ ਜਹਾਂਗੀਰ ਨਾਲ ਸਬੰਧ ਬਣਾਏ, ਜਿਸ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਹੁਕਮ ਦਿੱਤਾ ਸੀ। ਇਸੇ ਤਰ੍ਹਾਂ, ਨਵਾਬ ਕਪੂਰ ਸਿੰਘ ਨੇ ਸਿੱਖ ਨਸਲਕੁਸ਼ੀ ਦੀ ਜ਼ਿੰਮੇਵਾਰ ਮੁਗਲ ਸਰਕਾਰ ਤੋਂ ਨਵਾਬੀ ਸਵੀਕਾਰ ਕੀਤੀ, ਤਾਂ ਜੋ ਸਿੱਖ ਕੌਮ ਨੂੰ ਮਜ਼ਬੂਤ ਕੀਤਾ ਜਾ ਸਕੇ। ਇਨ੍ਹਾਂ ਮਿਸਾਲਾਂ ਤੋਂ ਸਪਸ਼ਟ ਹੈ ਕਿ ਸਿੱਖ ਪਰੰਪਰਾ ਵਿੱਚ ਸਮਝਦਾਰੀ ਅਤੇ ਸੰਵਾਦ ਨੂੰ ਅਹਿਮ ਸਥਾਨ ਦਿੱਤਾ ਗਿਆ ਹੈ।

**ਕੀ ਹੈ ਪੰਥਕ ਸਿਆਸਤ ਦੀ ਸਹੀ ਦਿਸ਼ਾ ?**

ਬਾਦਲ ਦਲ ਦੀ ਸਿਆਸਤ ਨੂੰ ਸਿੱਖ ਪੰਥ ਦੀ ਸਹੀ ਨੁਮਾਇੰਦਗੀ ਨਹੀਂ ਮੰਨਿਆ ਜਾ ਸਕਦਾ। ਅਕਾਲੀ ਦਲ ਨੂੰ ਚਾਹੀਦਾ ਹੈ ਕਿ ਉਹ ਸਿੱਖ ਕੌਮ ਦੀਆਂ ਘੱਟੋ-ਘੱਟ ਮੰਗਾਂ ਦਾ ਇੱਕ ਚਾਰਟਰ ਤਿਆਰ ਕਰੇ ਅਤੇ ਉਸ ਨੂੰ ਦੇਸ਼ ਦੀਆਂ ਵੱਡੀਆਂ ਸਿਆਸੀ ਪਾਰਟੀਆਂ—ਐਨ.ਡੀ.ਏ. ਅਤੇ ਇੰਡੀਆ ਗਠਜੋੜ—ਸਾਹਮਣੇ ਰੱਖੇ। ਜੋ ਪਾਰਟੀ ਸਿੱਖ ਮੰਗਾਂ ਨੂੰ ਸਵੀਕਾਰ ਕਰੇ, ਉਸ ਦਾ ਸਮਰਥਨ ਕੀਤਾ ਜਾਣਾ ਚਾਹੀਦਾ। ਪਰ ਬਾਦਲ ਦਲ ਦੀ ਭਾਜਪਾ ਨਾਲ ਨੇੜਤਾ ਅਤੇ ਕਾਂਗਰਸ ਵਿਰੁੱਧ ਮਾਹੌਲ ਬਣਾਉਣ ਦੀਆਂ ਕੋਸ਼ਿਸ਼ਾਂ ਸਿੱਖ ਪੰਥ ਦੀ ਮਜ਼ਬੂਤੀ ਨੂੰ ਕਮਜ਼ੋਰ ਕਰ ਰਹੀਆਂ ਹਨ।

ਸਿੱਖ ਪੰਥ ਨੂੰ ਇੱਕਜੁਟ ਹੋਣ ਅਤੇ ਆਪਣੀ ਸਿਆਸੀ ਤਾਕਤ ਨੂੰ ਸਮਝਦਾਰੀ ਨਾਲ ਵਰਤਣ ਦੀ ਜ਼ਰੂਰਤ ਹੈ। ਰਾਹੁਲ ਗਾਂਧੀ ਵਰਗੇ ਨੇਤਾਵਾਂ ਨੂੰ ਪੁਰਾਣੇ ਇਤਿਹਾਸ ਦੇ ਆਧਾਰ 'ਤੇ ਵਿਤਕਰਾ ਨਹੀਂ ਕਰਨਾ ਚਾਹੀਦਾ, ਸਗੋਂ ਉਨ੍ਹਾਂ ਨਾਲ ਸੰਵਾਦ ਅਤੇ ਸਮਝੌਤੇ ਦੀ ਨੀਤੀ ਅਪਣਾਉਣੀ ਚਾਹੀਦੀ। ਸਿੱਖ ਇਤਿਹਾਸ ਸਿਖਾਉਂਦਾ ਹੈ ਕਿ ਸਮਝਦਾਰੀ ਅਤੇ ਸੰਵਾਦ ਨਾਲ ਹੀ ਕੌਮ ਦੀ ਭਲਾਈ ਸੰਭਵ ਹੈ।

***

## ਸ਼ਰਧਾਲੂਆਂ ਦੇ ਦਰਸ਼ਨਾਂ ਲਈ ਮੁੜ ਖੋਲ੍ਹਿਆ ਗੁਰਦੁਆਰਾ...

ਉਨ੍ਹਾਂ ਕਿਹਾ ਸੀ, "ਜੇਕਰ ਤੁਸੀਂ ਏਸ਼ੀਆ ਕੱਪ 'ਚ ਭਾਰਤ ਤੇ ਪਾਕਿਸਤਾਨ ਵਿਚਾਲੇ ਮੈਚ ਦੇ ਆਗਿਆ ਦੇ ਸਕਦੇ ਹੋ ਤਾਂ ਫਿਰ ਪੰਜਾਬੀਆਂ ਦੇ ਪਾਕਿਸਤਾਨ ਸਥਿਤ ਧਾਰਮਿਕ ਅਸਥਾਨਾਂ ਪ੍ਰਤੀ ਉਨ੍ਹਾਂ ਦੀ ਸ਼ਰਧਾ ਨੂੰ ਕਿਉਂ ਨਜ਼ਰਅੰਦਾਜ਼ ਜਾਣਾ ਚਾਹੀਦਾ ਹੈ ? ਜਾਂ ਤੁਸੀਂ ਪਾਕਿਸਤਾਨ ਨਾਲ ਹਰ ਤਰ੍ਹਾਂ ਤੇ ਸਬੰਧਾਂ ਆਗਿਆ ਦਿਓ ਜਾਂ ਫਿਰ ਕਿਸੇ ਵੀ ਚੀਜ਼ ਦੀ ਆਗਿਆ ਨਾ ਦਿੱਤੀ ਜਾਵੇ।" ਇਸੇ ਦੌਰਾਨ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਸ ਨੂੰ ਭਾਰਤ ਤੋਂ ਸ਼ਰਧਾਲੂਆਂ ਦੀਆਂ ਧਾਰਮਿਕ ਸਥਾਨਾਂ ਦੀਆਂ ਯਾਤਰਾਵਾਂ ਜਿਸ ਵਿੱਚ ਨਵੰਬਰ ਮਹੀਨੇ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਸਬੰਧੀ ਸਮਾਗਮ ਵੀ ਸ਼ਾਮਲ ਹੈ, ਸਬੰਧੀ ਕੋਈ ਅਧਿਕਾਰਤ ਸੂਚਨਾ ਨਹੀਂ ਮਿਲੀ ਹੈ। ਅਧਿਕਾਰੀਆਂ ਨੇ ਜ਼ੋਰ ਦੇ ਕੇ ਆਖਿਆ ਕਿ ਧਾਰਮਿਕ ਸਥਾਨ 'ਚ ਸੰਚਾਲਨ ਪੂਰੀ ਤਰ੍ਹਾਂ ਬਹਾਲ ਹੋ ਗਿਆ ਹੈ, ਹੜ੍ਹਾਂ ਨਾਲ ਹੋਏ ਨੁਕਸਾਨ ਦੀ ਮੁਰੰਮਤ ਕਰ ਦਿੱਤੀ ਗਈ ਹੈ ਅਤੇ ਸ਼ਰਧਾਲੂ ਸੁਰੱਖਿਅਤ ਅਤੇ ਆਰਾਮ ਨਾਲ ਦਰਸ਼ਨ ਕਰ ਸਕਦੇ ਹਨ।

****

## ਕੀ ਅਮਰੀਕਾ ਟੁੱਟਣ ਵਾਲਾ ਹੈ....

ਇਤਿਹਾਸ ਦੱਸਦਾ ਹੈ ਕਿ ਅੱਜ ਦਾ ਅਮਰੀਕਾ 50 ਰਾਜਾਂ ਦਾ ਯੂਨੀਅਨ ਹੈ, ਪਰ ਇਹ ਹਮੇਸ਼ਾ ਅਜਿਹਾ ਨਹੀਂ ਸੀ। 1861 ਵਿੱਚ, ਅਮਰੀਕਾ ਵਿਚਾਰਧਾਰਾ ਦੇ ਟਕਰਾਅ ਕਾਰਨ ਦੋ ਹਿੱਸਿਆਂ ਵਿੱਚ ਵੰਡ ਗਿਆ ਸੀ। ਉੱਤਰੀ ਰਾਜਾਂ ਨੇ ਗੁਲਾਮੀ ਦੇ ਵਿਰੋਧ ਵਿੱਚ ਯੂਨਾਈਟਿਡ ਸਟੇਟਸ ਆਫ਼ ਅਮਰੀਕਾ (ਯੂਐਸਏ) ਨੂੰ ਬਣਾਇਆ, ਜਦਕਿ ਦੱਖਣੀ ਰਾਜਾਂ ਨੇ ਗੁਲਾਮੀ ਨੂੰ ਜਾਰੀ ਰੱਖਣ ਲਈ ਕੰਫੈਡਰੇਟ ਸਟੇਟਸ ਆਫ਼ ਅਮਰੀਕਾ (ਸੀਐੱਸਏ) ਬਣਾ ਲਿਆ। ਸੀਐੱਸਏ ਦਾ ਆਪਣਾ ਰਾਸ਼ਟਰਪਤੀ ਜੈਫ਼ਰਸਨ ਡੈਵਿਸ ਸੀ, ਆਪਣਾ ਝੰਡਾ ਅਤੇ ਰਾਜਧਾਨੀ ਰਿਚਮੰਡ ਸੀ। ਇਸ ਵੰਡ ਨੇ ਅਮਰੀਕੀ ਸਿਵਲ ਵਾਰ ਨੂੰ ਜਨਮ ਦਿੱਤਾ, ਜਿਸ ਵਿੱਚ 6 ਲੱਖ ਤੋਂ ਵੱਧ ਲੋਕ ਮਾਰੇ ਗਏ। ਇਹ ਵਾਰ 1865 ਵਿੱਚ ਖ਼ਤਮ ਹੋਈ, ਜਦੋਂ ਉੱਤਰੀ ਫੌਜ ਨੇ ਜਿੱਤ ਹਾਸਲ ਕੀਤੀ ਅਤੇ ਅਮਰੀਕਾ ਮੁੜ ਏਕਤਾ ਵਿੱਚ ਆ ਗਿਆ।

ਇਸ ਤੋਂ ਪਹਿਲਾਂ ਵੀ ਅਮਰੀਕਾ ਨੇ ਵਿਸਥਾਰ ਕੀਤਾ ਸੀ। 1846 ਵਿੱਚ ਮੈਕਸੀਕੋ ਨਾਲ ਲੜਾਈ ਛੇੜੀ ਅਤੇ ਉਸ ਦੇ 55 ਫ਼ੀਸ਼ਦੀ ਹਿੱਸੇ ਨੂੰ ਆਪਣੇ ਵਿੱਚ ਮਿਲਾ ਲਿਆ। ਉਦੋਂ ਅਮਰੀਕਾ ਵਿੱਚ ਸਿਰਫ਼ 34 ਰਾਜ ਸਨ। ਅੱਜ ਵੀ, ਰਿਪੋਰਟਾਂ ਅਨੁਸਾਰ, ਕੈਲੀਫ਼ੋਰਨੀਆ ਅਤੇ ਟੈਕਸਾਸ ਵਰਗੇ ਰਾਜ ਵਿੱਚ ਵੱਖਰੇ ਹੋਣ ਦੀਆਂ ਚਰਚਾਵਾਂ ਚੱਲਦੀਆਂ ਰਹਿੰਦੀਆਂ ਹਨ। ਪਰ ਕੀ ਅੱਜ ਦੀ ਵੰਡ ਉਸ ਵਾਂਗ ਹੋ ਸਕਦੀ ਹੈ ? ਇਤਿਹਾਸਕਾਰ ਕਹਿੰਦੇ ਹਨ ਕਿ ਹਾਂ, ਜੇਕਰ ਆਰਥਿਕ ਅਤੇ ਰਾਜਨੀਤਿਕ ਤਣਾਅ ਨਾ ਰੁਕਿਆ, ਮਾਮਲਾ ਗੰਭੀਰ ਹੋ ਸਕਦਾ ਹੈ।

**ਅਮਰੀਕੀ ਅਖ਼ਬਾਰਾਂ ਦਾ ਨਜ਼ਰੀਆ: ਭਵਿੱਖਬਾਣੀ ਨੂੰ ਕਿਵੇਂ ਵੇਖ ਰਹੇ ਹਨ ?**

ਅਮਰੀਕੀ ਅਖ਼ਬਾਰ ਅਤੇ ਮੀਡੀਆ ਇਸ ਭਵਿੱਖਬਾਣੀ ਨੂੰ ਸੀਰੀਅਸਲੀ ਨਹੀਂ ਲੈ ਰਹੇ, ਪਰ ਉਹ ਅਮਰੀਕਾ ਦੀ ਵੰਡ ਨੂੰ ਇੱਕ ਅਸਲ ਖ਼ਤਰੇ ਵਜੋਂ ਵੇਖ ਰਹੇ ਹਨ। ਸੀਐਨਐੱਨ ਨੇ ਇੱਕ ਰਿਪੋਰਟ ਵਿੱਚ ਲਿਖਿਆ ਕਿ ਟਰੰਪ ਦੇ ਇਰਾਨ ਤੇ ਹਮਲੇ ਵਰਗੇ ਫ਼ੈਸਲੇ ਨਾ ਸਿਰਫ਼ ਰਾਜਨੀਤੀ ਨਾਲ ਜੁੜੇ ਹਨ, ਸਗੋਂ ਬਾਈਬਲੀਕਲ ਭਵਿੱਖਬਾਣੀਆਂ ਨਾਲ ਵੀ। ਈਵਾਂਜੈਲੀਕਲ ਖ਼ਰੀਸ਼ਤੀਆਨ ਟਰੰਪ ਨੂੰ 'ਗੌਡਜ਼ ਚੋਜ਼ਨ ਵਨ' ਮੰਨਦੇ ਹਨ ਅਤੇ ਇਸ ਨੂੰ ਅੰਤ ਦੇ ਸਮੇਂ ਦੇ ਚਿੰਨ੍ਹ ਵਜੋਂ ਵੇਖਦੇ ਹਨ। ਚਾਰਿਜ਼ਮਾ ਮੈਗਜ਼ੀਨ ਨੇ 2025 ਲਈ 11 ਭਵਿੱਖਬਾਣੀਆਂ ਸਾਂਝੀਆਂ ਕੀਤੀਆਂ, ਜਿਸ ਵਿੱਚ ਰੂਸ, ਇਰਾਨ ਅਤੇ ਤੁਰਕੀ ਦੇ ਗਠਜੋੜ ਨੂੰ ਬਾਈਬਲ ਨਾਲ ਜੋੜਿਆ ਗਿਆ। ਉਹਨਾਂ ਨੇ ਚਿਤਾਵਨੀ ਦਿੱਤੀ ਕਿ ਇੱਕ ਵਿਸ਼ਵ ਸਰਕਾਰ ਦੀ ਤਰਫ਼ ਵਧ ਰਹੀ ਹੈ, ਜੋ ਅਮਰੀਕਾ ਨੂੰ ਵੰਡ ਸਕਦੀ ਹੈ।

ਬੀਬੀਸੀ ਅਤੇ ਨਿਊਯਾਰਕ ਟਾਈਮਜ਼ ਵਰਗੇ ਅਖ਼ਬਾਰ ਟਰੰਪ ਦੇ ਫ਼ੈਸਲਿਆਂ ਨੂੰ ਵਿਸ਼ਲੇਸ਼ਣ ਕਰ ਰਹੇ ਹਨ। ਉਹ ਕਹਿੰਦੇ ਹਨ ਕਿ ਟਰੰਪ ਦਾ ਤੀਜਾ ਟਰਮ ਚਾਹਣਾ ਅਮਰੀਕੀ ਸੰਵਿਧਾਨ ਨੂੰ ਚੁਣੌਤੀ ਹੈ ਅਤੇ ਇਹ ਵੰਡ ਨੂੰ ਵਧਾਏਗਾ। ਇੱਕ ਰਿਪੋਰਟ ਵਿੱਚ ਲਿਖਿਆ ਗਿਆ ਕਿ ਟਰੰਪ ਦੇ ਸਮਰਥਕ ਬਾਈਬਲੀਕਲ ਭਵਿੱਖਬਾਣੀਆਂ ਨੂੰ ਆਧਾਰ ਬਣਾ ਕੇ ਇਹਨਾਂ ਫ਼ੈਸਲਿਆਂ ਨੂੰ ਜਾਇਜ਼ ਠਹਿਰਾਉਂਦੇ ਹਨ, ਜੋ ਵਿਨਾਸ਼ ਦੇ ਸਮੇਂ ਨੂੰ ਨੇੜੇ ਲਿਆਉਂਦੇ ਹਨ। ਹਾਲਾਂਕਿ, ਟਰੂਥ ਓਨਲੀ ਬਾਈਬਲ ਵਰਗੀਆਂ ਸਾਈਟਾਂ ਅਮਰੀਕਾ ਨੂੰ 'ਬੇਬਲਾਨ ਦਿ ਗ੍ਰੇਟ' ਨਾਲ ਜੋੜਦੀਆਂ ਹਨ, ਜੋ ਬਾਈਬਲ ਅਨੁਸਾਰ ਟੁੱਟ ਜਾਵੇਗਾ। ਉਹਨਾਂ ਅਨੁਸਾਰ, ਟਰੰਪ ਦੇ ਨਾਲ੍ਹੇ 'ਮੇਕ ਅਮਰੀਕਾ ਗ੍ਰੇਟ ਅਗੇਨ' ਵਰਗੇ ਨਾਹਰੇ ਇਸ ਭਵਿੱਖਬਾਣੀ ਨਾਲ ਮੇਲ ਖਾਂਦੇ ਹਨ। ਪਰ ਅਖ਼ਬਾਰ ਚਿਤਾਵਨੀ ਦਿੰਦੇ ਹਨ ਕਿ ਇਹ ਵੰਡ ਅਸਲ ਹੈ - ਚੀਨ ਅਤੇ ਰੂਸ ਨਾਲ ਟਕਰਾਅ, ਅੰਦਰੂਨੀ ਵੰਡ ਅਤੇ ਆਰਥਿਕ ਸੰਕਟ ਅਮਰੀਕਾ ਨੂੰ ਕਮਜ਼ੋਰ ਕਰ ਰਹੇ ਹਨ।

**ਵਰਤਮਾਨ ਸੰਕਟ ਅਤੇ ਭਵਿੱਖ ਦੀਆਂ ਚੁਣੌਤੀਆਂ**

ਅੱਜ ਅਮਰੀਕਾ ਵਿੱਚ ਟਰੰਪ ਦੇ ਫ਼ੈਸਲੇ - ਜਿਵੇਂ ਵਾਰ -ਵਾਰ ਐਮਰਜੈਂਸੀ, ਟਿਕਟਾਕ ਬੈਨ ਅਤੇ ਈਰਾਨ ਤੇ ਹਮਲੇ - ਨੇ ਵਿਦੇਸ਼ ਨੀਤੀ ਨੂੰ ਬਦਲ ਦਿੱਤਾ ਹੈ। ਭਾਰਤ ਨਾਲ ਵਪਾਰਕ ਯੁੱਧ ਨੇ ਵੀ ਤਣਾਅ ਵਧਾਇਆ ਹੈ। ਅਮਰੀਕੀ ਅੰਦਰੂਨੀ ਤੌਰ ਤੇ, ਰੰਗਭੇਦ, ਗੰਨ ਵਾਇਲੈਂਸ ਅਤੇ ਆਰਥਿਕ ਅਸਮਾਨਤਾ ਵੰਡ ਨੂੰ ਵਧਾ ਰਹੇ ਹਨ। ਕਿੰਗ ਕਲੇਮੈਂਟ ਵਰਗੇ ਭਵਿੱਖਬਾਣੀਕਾਰਾਂ ਨੇ ਵੀ 2025 ਨੂੰ ਵਿਸ਼ੇਸ਼ ਦੱਸਿਆ ਹੈ, ਜਿੱਥੇ ਵ੍ਹਾਈਟ ਹਾਊਸ ਵਿੱਚ ਤਬਦੀਲੀ ਆਵੇਗੀ, ਵੰਡ ਵੀ ਵਧੇਗੀ।

ਕੀ ਅਮਰੀਕਾ ਟੁੱਟੇਗਾ ? ਸਮਾਂ ਦੱਸੇਗਾ, ਪਰ ਇੱਕ ਗੱਲ ਸਪੱਸ਼ਟ ਹੈ - ਇਹ ਵੰਡ ਦੇ ਬੀਜ ਪਹਿਲਾਂ ਹੀ ਬੀਜ ਚੁੱਕੇ ਹਨ। ਆਮਰੀਕਨ ਲੋਕਾਂ ਨੂੰ ਏਕਤਾ ਲਈ ਅੱਗੇ ਵਧਣਾ ਹੋਵੇਗਾ, ਨਹੀਂ ਤਾਂ ਇਤਿਹਾਸ ਆਪਣੇ ਆਪ ਨੂੰ ਦੁਹਰਾ ਸਕਦਾ ਹੈ।

***

## ਫ਼ਲਸਤੀਨ ਨੂੰ ਬ੍ਰਿਟੇਨ, ਕੈਨੇਡਾ ਤੇ ਆਸਟ੍ਰੇਲੀਆ

ਅਤੇ ਉਹ ਦੋ-ਦੇਸ਼ ਹੱਲ ਦੀ ਵਕਾਲਤ ਕਰਦਾ ਹੈ, ਪਰ ਸਿੱਧੀ ਮਾਨਤਾ ਤੋਂ ਗੁਰੇਜ਼ ਕਰਦਾ ਹੈ। ਅਮਰੀਕਾ ਦਾ ਮੰਨਣਾ ਹੈ ਕਿ ਫ਼ਲਸਤੀਨ ਦੀ ਮਾਨਤਾ ਸਿਰਫ਼ ਇਜ਼ਰਾਇਲ ਅਤੇ ਫ਼ਲਸਤੀਨੀ ਅਥਾਰਟੀ ਵਿਚਕਾਰ ਸਿੱਧੀਆਂ ਗੱਲਬਾਤਾਂ ਰਾਹੀਂ ਹੀ ਹੋਣੀ ਚਾਹੀਦੀ ਹੈ। ਬ੍ਰਿਟੇਨ, ਕੈਨੇਡਾ ਅਤੇ ਆਸਟ੍ਰੇਲੀਆ ਦੇ ਇਸ ਫੈਸਲੇ ਨੂੰ ਅਮਰੀਕਾ ਅਤੇ ਇਜ਼ਰਾਇਲ ਨੇ ਨਕਾਰਾਤਮਕ ਨਜ਼ਰੀਏ ਨਾਲ ਦੇਖਿਆ ਹੈ, ਜਿਸ ਨਾਲ ਇਹਨਾਂ ਸਹਿਯੋਗੀ ਦੇਸ਼ਾਂ ਵਿਚਕਾਰ ਸਿਆਸੀ ਤਣਾਅ ਵਧ ਸਕਦਾ ਹੈ। ਹਾਲਾਂਕਿ, ਇਸ ਮਾਨਤਾ ਨਾਲ ਫ਼ਲਸਤੀਨ ਦੀ ਅੰਤਰਰਾਸ਼ਟਰੀ ਸਥਿਤੀ ਮਜ਼ਬੂਤ ਹੋਵੇਗੀ, ਜਿਸ ਨਾਲ ਸੰਯੁਕਤ ਰਾਸ਼ਟਰ ਅਤੇ ਹੋਰ ਮੰਚਾਂ 'ਤੇ ਉਸ ਦੀ ਆਵਾਜ਼ ਨੂੰ ਹੋਰ ਬੁਲੰਦੀ ਮਿਲ ਸਕਦੀ ਹੈ।

ਇਹ ਮਾਨਤਾ ਜ਼ਮੀਨੀ ਪੱਧਰ 'ਤੇ ਤੁਰੰਤ ਕੋਈ ਵੱਡੀ ਤਬਦੀਲੀ ਨਹੀਂ ਲਿਆਵੇਗੀ, ਕਿਉਂਕਿ ਫ਼ਲਸਤੀਨੀ ਅਥਾਰਟੀ ਦਾ ਪੱਛਮੀ ਕੰਢੇ ਅਤੇ ਗਾਜ਼ਾ 'ਤੇ ਪੂਰਾ ਕੰਟਰੋਲ ਨਹੀਂ ਹੈ। ਇਜ਼ਰਾਇਲ ਦਾ ਫ਼ੌਜੀ ਕਬਜ਼ਾ ਅਤੇ ਗਾਜ਼ਾ ਵਿੱਚ ਜਾਰੀ ਯੁੱਧ ਫ਼ਲਸਤੀਨ ਦੀ ਸੁਤੰਤਰਤਾ ਦੀ ਰਾਹ ਵਿੱਚ ਵੱਡੀਆਂ ਰੁਕਾਵਟਾਂ ਹਨ। ਪਰ, ਇਹ ਫੈਸਲਾ ਸਿਆਸੀ ਅਤੇ ਨੈਤਿਕ ਤੌਰ 'ਤੇ ਇੱਕ ਮਜ਼ਬੂਤ ਸੰਕੇਤ ਹੈ, ਜੋ ਦੋ-ਦੇਸ਼ ਹੱਲ ਦੀ ਦਿਸ਼ਾ ਵਿੱਚ ਅੰਤਰਰਾਸ਼ਟਰੀ ਸਮਰਥਨ ਨੂੰ ਦਰਸਾਉਂਦਾ ਹੈ। ਬ੍ਰਿਟੇਨ ਦੇ ਸਾਬਕਾ ਵਿਦੇਸ਼ ਸਕੱਤਰ ਡੇਵਿਡ ਲੈਮੀ ਨੇ ਵੀ 1917 ਦੇ ਬਾਲਫੋਰ ਐਲਾਨਨਾਮੇ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ਬ੍ਰਿਟੇਨ ਦੀ ਵਿਸ਼ੇਸ਼ ਜ਼ਿੰਮੇਵਾਰੀ ਹੈ ਕਿ ਉਹ ਫ਼ਲਸਤੀਨੀਆਂ ਦੇ ਅਧਿਕਾਰਾਂ ਦੀ ਰਾਖੀ ਕਰੇ। ਇਸ ਫੈਸਲੇ ਨਾਲ ਅੰਤਰਰਾਸ਼ਟਰੀ ਭਾਈਚਾਰੇ ਵਿੱਚ ਫ਼ਲਸਤੀਨ ਦੀ ਸਥਿਤੀ ਨੂੰ ਹੁਲਾਰਾ ਮਿਲੇਗਾ, ਪਰ ਇਜ਼ਰਾਇਲ ਅਤੇ ਅਮਰੀਕਾ ਦੇ ਸਖ਼ਤ ਵਿਰੋਧ ਕਾਰਨ ਸ਼ਾਂਤੀ ਪ੍ਰਕਿਰਿਆ ਵਿੱਚ ਨਵੀਆਂ ਚੁਣੌਤੀਆਂ ਵੀ ਸਾਹਮਣੇ ਆ ਸਕਦੀਆਂ ਹਨ।

***

## ਕਮਿਊਨਿਸਟ ਧਿਰਾਂ ਦਾ ਸਿਆਸੀ ਪਤਨ

ਪੰਜਾਬ ਦੀ ਖੁਦਮੁਖਤਿਆਰੀ ਉੱਪਰ ਪਹਿਰਾ ਦੇਣਾ ਪਵੇਗਾ, ਸਿੱਖ ਧਿਰਾਂ ਨਾਲ ਟਕਰਾਅ ਤੋਂ ਬਚਣਾ ਹੋਵੇਗਾ। ਨੌਜਵਾਨ ਪੀੜ੍ਹੀ ਨੂੰ ਜੋੜਨ ਲਈ ਸੋਸ਼ਲ ਮੀਡੀਆ ਅਤੇ ਆਧੁਨਿਕ ਸੰਚਾਰ ਸਾਧਨਾਂ ਦੀ ਵਰਤੋਂ ਕਰਨੀ ਪਵੇਗੀ। ਨਾਲ ਹੀ, ਪੰਥਕ ਜਥੇਬੰਦੀਆਂ ਨਾਲ ਸੰਵਾਦ ਅਤੇ ਸਹਿਮਤੀ ਬਣਾਉਣ ਦੀ ਲੋੜ ਹੈ, ਤਾਂ ਜੋ ਵਿਵਾਦਤ ਬਿਆਨਬਾਜ਼ੀਆਂ ਤੋਂ ਬਚਿਆ ਜਾ ਸਕੇ। ਜੋਗਿੰਦਰ ਸਿੰਘ ਉਗਰਾਹਾਂ ਵਰਗੇ ਆਗੂਆਂ ਨੂੰ ਵੀ ਸੰਵੇਦਨਸ਼ੀਲ ਮੁੱਦਿਆਂ 'ਤੇ ਸੰਜਮ ਨਾਲ ਬੋਲਣ ਦੀ ਜ਼ਰੂਰਤ ਹੈ, ਕਿਉਂਕਿ ਅਜਿਹੇ ਬਿਆਨ ਨਾ ਸਿਰਫ਼ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੇ ਹਨ, ਸਗੋਂ ਕਮਿਊਨਿਸਟ ਧਿਰਾਂ ਦੀ ਸਿਆਸੀ ਤਾਕਤ ਨੂੰ ਵੀ ਕਮਜ਼ੋਰ ਕਰਦੇ ਹਨ।

ਅੰਤ ਵਿੱਚ, ਪੰਜਾਬ ਦੀ ਸਿਆਸਤ 'ਚ ਕਮਿਊਨਿਸਟ ਧਿਰਾਂ ਦੀ ਪਛੜਤ ਦਾ ਕਾਰਨ ਸਿਰਫ਼ ਵਿਚਾਰਧਾਰਕ ਜਾਂ ਸੰਗਠਨਾਤਮਕ ਕਮੀਆਂ ਹੀ ਨਹੀਂ, ਸਗੋਂ ਬਦਲਦੇ ਸਮੇਂ ਅਤੇ ਸਮਾਜਿਕ-ਸੱਭਿਆਚਾਰਕ ਮੁੱਦਿਆਂ ਨੂੰ ਸਮਝਣ ਵਿੱਚ ਅਸਫਲਤਾ ਵੀ ਹੈ। ਜੇਕਰ ਇਹ ਧਿਰਾਂ ਆਪਣੀ ਪੁਰਾਣੀ ਤਾਕਤ ਮੁੜ ਹਾਸਲ ਕਰਨੀਆਂ ਚਾਹੁੰਦੀਆਂ ਹਨ, ਤਾਂ ਉਨ੍ਹਾਂ ਨੂੰ ਸੰਘਰਸ਼ ਦੇ ਨਾਲ-ਨਾਲ ਸਿਆਸੀ ਸਮਝ ਅਤੇ ਸੰਵਾਦ ਦੀ ਨਵੀਂ ਰਣਨੀਤੀ ਅਪਣਾਉਣੀ ਹੋਵੇਗੀ।

***

## ਹੜ੍ਹਾਂ ਦੇ ਬਾਵਜੂਦ ਪੰਜਾਬ 'ਚ ਭਾਈਚਾਰਕ ਸਾਂਝ

ਇਸ ਮੌਕੇ ਸ਼ੇਰ ਸਿੰਘ ਅਵਾਣ ਨੇ ਡਾ. ਨਸੀਰ ਅਖਤਰ ਨੂੰ ਮਸਜਿਦ ਦੀਆਂ ਚਾਬੀਆਂ ਸੌਂਪੀਆਂ ਅਤੇ ਸਿੱਖ ਮੁਸਲਿਮ ਭਾਈਚਾਰੇ ਨੇ ਇੱਕ ਦੂਜੇ ਨੂੰ ਆਪਸ ਵਿੱਚ ਲੱਡੂ ਖਲਾ ਕੇ ਮੂੰਹ ਮਿੱਠਾ ਕਰਵਾਇਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਰਜੀਤ ਸਿੰਘ ਫ਼ੌਜੀ, ਮੁਹੰਮਦ ਪ੍ਰਵੇਜ਼, ਮੌਲਾਨਾ ਮੁਹੰਮਦ ਇਦਰੀਸ਼, ਮੁਹੰਮਦ ਅਖਤਰ, ਮੁਹੰਮਦ ਨਈਮ, ਮੁਹੰਮਦ ਇਮਰਾਨ ਆਦਿ ਮੌਜੂਦ ਸਨ।

### ਕਿਵੇਂ ਰੋਕੇ ਜਾਣ...

ਇਹ ਉਹ ਕਾਮੁਕ/ਸਰੀਰਕ ਹਮਲਾ ਹੁੰਦਾ ਹੈ ਜੋ ਕਿਸੇ ਕੁੜੀ/ਔਰਤ ਦੀ ਰਜ਼ਾਮੰਦੀ ਤੋਂ ਬਗ਼ੈਰ ਉਸ ਦੇ ਨਾਲ ਸਰੀਰਕ ਜ਼ੋਰ, ਵਧੀਕੀ ਜਾਂ ਬਦਲੇ ਦੀ ਭਾਵਨਾ ਤਹਿਤ ਕੀਤਾ ਜਾਂਦਾ ਹੈ। ਬਿਮਾਰ ਮਾਨਸਿਕਤਾ ਵਾਲੇ ਲੋਕ ਅਜਿਹੇ ਮੌਕੇ ਦੀ ਤਲਾਸ਼ ਵਿੱਚ ਰਹਿੰਦੇ ਹਨ। ਉਹ ਆਪਣੇ ਤੋਂ ਵੱਖਰੀ ਜਾਤ, ਧਰਮ ਜਾਂ ਵਿ ?ਰਕੇ ਨੂੰ ਨੀਵਾਂ ਦਿਖਾਉਣ ਲਈ ਘਟੀਆ ਹਰਕਤਾਂ ਕਰਦੇ ਹਨ। ਅਜਿਹੇ ਮੁਲਜ਼ਮ ਕਿਸੇ ਘਟਨਾ ਨੂੰ ਅੰਜਾਮ ਦੇਣ ਤੋਂ ਪਹਿਲਾਂ ਰਾਜਸੀ ਸ਼ਰਨ ਲੈਂਦੇ ਹਨ। ਇਹੀ ਕਾਰਨ ਹੈ ਕਿ ਅਜਿਹੇ ਲੋਕਾਂ ਨੂੰ ਫੜਨ ਲਈ ਪੁਲਿਸ ਤੇ ਪ੍ਰਸ਼ਾਸਨ ਕੁਝ ਨਹੀਂ ਕਰਦੇ।

ਇਸ ਦੇ ਨਾਲ ਇਹ ਪੱਖ ਵੀ ਸਾਹਮਣੇ ਆਉਂਦਾ ਹੈ ਕਿ ਕਾਨੂੰਨ ਜਿੰਨੇ ਮਰਜ਼ੀ ਬਣ ਜਾਣ ਪਰ ਸਾਰਾ ਕੁਝ ਇਨ੍ਹਾਂ ਨੂੰ ਲਾਗੂ ਕਰਨ ਅਤੇ ਕਰਵਾਉਣ ਵਾਲਿਆਂ 'ਤੇ ਨਿਰਭਰ ਕਰਦਾ ਹੈ। ਘਟਨਾ ਕਿਉਂ ਵਾਪਰਦੀ ਹੈ, ਇਸ ਬਾਰੇ ਸੋਚਣ ਦੀ ਬਜਾਇ ਪ੍ਰਸ਼ਾਸਨ ਤੇ ਸਰਕਾਰ ਉਸ ਵੇਲੇ ਹੀ ਹਰਕਤ ਵਿੱਚ ਆਉਂਦੇ ਹਨ ਜਦੋਂ ਲੋਕਾਂ ਦਾ ਰੋਹ ਸਿਰ ਚੜ੍ਹ ਕੇ ਬੋਲ ਰਿਹਾ ਹੁੰਦਾ ਹੈ। ਅਜਿਹੀਆਂ ਘਟਨਾਵਾਂ ਵਧ ਰਹੀਆਂ ਹਨ। ਦੇਸ਼ ਦੀ ਵੰਡ ਸਮੇਂ, 84 ਦੇ ਕਤਲੇਆਮ, ਗੁਜਰਾਤ ਤੇ ਮੁਜ਼ੱਫਰਨਗਰ ਦੇ ਦੰਗਿਆਂ, ਹਰਿਆਣਾ ਵਿੱਚ ਜਾਟ ਅੰਦੋਲਨ, ਕਸ਼ਮੀਰ ਵਿਚਲੀ ਹਿੰਸਾ ਆਦਿ ਸਮੇਂ ਔਰਤਾਂ ਦੀ ਬੇਪਤੀ ਇਸੇ ਮਕਸਦ ਤਹਿਤ ਹੋਈ ਤੇ ਹੁਣ ਵੀ ਹੋ ਰਹੀ ਹੈ; ਇਹ ਭਾਵੇਂ ਹਾਥਰਸ ਵਾਲੀ ਘਟਨਾ ਹੋਵੇ ਭਾਵੇਂ ਆਸਿਫਾ ਵਾਲੀ।

ਜਦੋਂ ਅਜਿਹੀ ਕੋਈ ਘਟਨਾ ਵਾਪਰਦੀ ਹੈ ਤਾਂ ਸਾਡੀ ਲੜਾਈ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਤੇ ਪੀੜਤ ਪਰਿਵਾਰ ਨੂੰ ਨਿਆਂ ਦਿਵਾਉਣ ਤੱਕ ਸੀਮਤ ਨਹੀਂ ਹੋਣੀ ਚਾਹੀਦੀ ਹੈ ਬਲਕਿ ਦਰਿੰਦਿਆਂ ਦੀ ਅਜਿਹੀ ਸੋਚ ਦੀ ਜੜ੍ਹ ਦੇ ਖਾਤਮੇ ਤੱਕ ਜਦੋਜਹਿਦ ਕਰਨੀ ਪਵੇਗੀ। ਅਜਿਹੀ ਘਟਨਾ ਤੋਂ ਬਾਅਦ ਅਕਸਰ ਇਹ ਵਿਚਾਰ ਆਉਂਦਾ ਹੈ ਕਿ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ ਜਾਂ ਉਨਾਂ ਨੂੰ ਮਾਰ ਦਿੱਤਾ ਜਾਵੇ। ਨਿਰਭਿਆ ਕੇਸ ਵਿੱਚ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ, ਹੈਦਰਾਬਾਦ ਵਿੱਚ ਵੈਟਰਨਰੀ ਡਾਕਟਰ ਦਾ ਸਮੂਹਿਕ ਬਲਾਤਕਾਰ ਕਰਨ ਵਾਲਿਆਂ ਨੂੰ ਮੁਕਾਬਲੇ ਵਿੱਚ ਮਾਰਿਆ ਗਿਆ ਪਰ ਇਨ੍ਹਾਂ ਘਟਨਾਵਾਂ ਨੂੰ ਠੱਲ੍ਹ ਫਿਰ ਵੀ ਨਹੀਂ ਪੈ ਸਕੀ। ਇਸ ਲਈ ਇਨ੍ਹਾਂ ਘਟਨਾਵਾਂ ਨੂੰ ਖ਼ਤਮ ਕਰਨ ਦਾ ਫਾਰਮੂਲਾ ਸਤਹੀ ਪੱਧਰ 'ਤੇ ਨਹੀਂ, ਜੜ੍ਹ ਵਿੱਚ ਦੇਖਣ ਦੀ ਜ਼ਰੂਰਤ ਹੈ।

ਔਰਤਾਂ ਖ਼ਿਲਾਫ਼ ਜੁਰਮ ਰੋਕਣ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਲੋਕ ਸੰਘਰਸ਼ਾਂ ਨਾਲ ਸਰਕਾਰ ਤੇ ਨਿਆਂ ਪ੍ਰਣਾਲੀ 'ਤੇ ਦਬਾਅ ਬਣਾਉਣਾ ਚਾਹੀਦਾ ਹੈ। ਜੇ ਔਰਤ ਨੇ ਦਾਬੇ ਅਤੇ ਵਿਤਕਰੇ ਵਾਲੇ ਸਮਾਜ ਤੋਂ ਮੁਕਤੀ ਲੈਣੀ ਹੈ ਤਾਂ ਨਾਰੀ ਅੰਦੋਲਨ ਦੀ ਠੀਕ ਦਿਸ਼ਾ ਨਿਰਧਾਰਿਤ ਕਰਨੀ ਹੋਵੇਗੀ। ਨਾਰੀ ਨੂੰ ਆਪਣੀ ਹੋਂਦ ਅਤੇ ਪਛਾਣ ਸਥਾਪਿਤ ਕਰਨ ਲਈ ਖ਼ੁਦ ਅੱਗੇ ਆਉਣਾ ਪਵੇਗਾ। ਸਮਾਜ ਵਿਚਲੀਆਂ ਪਿੱਛਾਂਹਖਿਚੂ ਤੇ ਢਾਹੂ ਕਦਰਾਂ-ਕੀਮਤਾਂ ਖ਼ਤਮ ਕਰਨ ਲਈ ਲਗਾਤਾਰ ਆਵਾਜ਼ ਉਠਾਉਣ ਦੀ ਲੋੜ ਹੈ। ਇਹ ਲੜਾਈ ਵੱਡੇ ਪੱਧਰ 'ਤੇ ਕਰਨ ਦੀ ਲੋੜ ਹੈ ਜਿਸ ਵਿੱਚ ਸਮੁੱਚਾ ਨਾਰੀ ਵਰਗ, ਹੋਰ ਸ਼ੋਸ਼ਿਤ ਧਿਰਾਂ ਅਤੇ ਚਿੰਤਨਸ਼ੀਲ ਲੋਕਾਂ ਨੂੰ ਵੀ ਸ਼ਾਮਿਲ ਕਰਨਾ ਪਵੇਗਾ। ਇਸੇ ਦਿਸ਼ਾ ਵੱਲ ਅੱਗੇ ਵਧਦੇ ਹੋਏ ਅਸੀਂ ਸਿਹਤਮੰਦ ਅਤੇ ਬਰਾਬਰੀ ਵਾਲੇ ਸਮਾਜ ਦੀ ਉਸਾਰੀ ਕਰ ਸਕਦੇ ਹਾਂ।

****

### ਆਧੁਨਿਕ ਯੁੱਗ 'ਚ ਵੀ ਜਾਰੀ ਹੈ...

ਜਿੱਥੇ ਸੋਚ ਇਹ ਹੈ ਕਿ ਕੁੜੀ ਨੇ ਵਿਆਹ ਕੇ ਸਹੁਰੇ ਘਰ ਜਾਣਾ ਹੈ, ਜਿੱਥੇ ਉਸ ਦੀ ਕਮਾਈ ਵੀ ਨਾਲ ਹੀ ਜਾਵੇਗੀ, ਵਿੱਚ ਕੁੜੀਆਂ ਨਾਲ ਵਿਤਕਰਾ ਹੁੰਦਾ ਹੈ। ਮੁੰਡੇ ਦੀ ਕਮਾਈ ਘਰ ਵਿੱਚ ਹੀ ਰਹੇਗੀ, ਇਸ ਲਈ ਅਜਿਹੀ ਮਹਿੰਗੀ ਪੜ੍ਹਾਈ ਆਮ ਤੌਰ ਉੱਤੇ ਮੁੰਡਿਆਂ ਨੂੰ ਵੱਧ ਕਰਵਾਈ ਜਾਂਦੀ ਹੈ। ਇਸ ਕਰ ਕੇ ਅਜਿਹੀ ਸਿੱਖਿਆ ਤੱਕ ਤੇ ਨਤੀਜੇ ਵਜੋਂ ਇਨ੍ਹਾਂ ਖੇਤਰਾਂ ਤੱਕ ਔਰਤਾਂ ਦੀ ਪਹੁੰਚ ਸੀਮਤ ਹੋ ਕੇ ਰਹਿ ਜਾਂਦੀ ਹੈ। ਜੇ ਘਰੇਲੂ ਕੰਮ ਦਾ ਸਮਾਜੀਕਰਨ ਕਰ ਦਿੱਤਾ ਜਾਵੇ, ਬਿਹਤਰੀਨ ਮੈੱਸਾਂ ਆਦਿ ਜ਼ਰੀਏ ਘਰ ਦੀਆਂ ਜ਼ਿੰਮੇਵਾਰੀਆਂ ਵੱਧ ਤੋਂ ਵੱਧ ਸਮਾਜ ਦੀਆਂ ਜ਼ਿੰਮੇਵਾਰੀਆਂ ਬਣਾ ਦਿੱਤੀਆਂ ਜਾਣ ਤੇ ਹਰ ਪੱਧਰ ਦੀ ਪੜ੍ਹਾਈ ਮੁਫ਼ਤ ਹੋਵੇ ਤਾਂ ਲਾਜ਼ਮੀ ਹੀ ਔਰਤਾਂ ਨੂੰ ਵੀ ਪੜ੍ਹਨ-ਲਿਖਣ ਤੇ ਕੰਮ ਕਰਨ ਲਈ ਬਰਾਬਰ ਦਾ ਮਾਹੌਲ ਮਿਲੇਗਾ ਤੇ ਵੱਖੋ-ਵੱਖਰੇ ਕੰਮਾਂ ਦੀ ਜਿਹੜੀ ਵੰਡ ਇਸ ਸਰਮਾਏਦਾਰਾ ਪ੍ਰਬੰਧ ਨੇ ਬਣਾ ਕੇ ਰੱਖੀ ਹੈ, ਇਹ ਵੀ ਖ਼ਤਮ ਹੋਵੇਗੀ। ਸਮਾਜਵਾਦੀ ਸੋਵੀਅਤ ਯੂਨੀਅਨ ਤੇ ਸਮਾਜਵਾਦੀ ਚੀਨ ਦੀ ਉੱਘੀ ਮਿਸਾਲ ਸਾਡੇ ਸਾਹਮਣੇ ਹੈ ਜਿੱਥੇ ਸਮਾਜਵਾਦੀ ਸਰਕਾਰ ਨੇ ਸਿੱਖਿਆ ਮੁਫ਼ਤ ਕਰ ਕੇ, ਘਰੇਲੂ ਕੰਮਾਂ ਦਾ ਵੱਡੇ ਪੱਧਰ ਉੱਤੇ ਸਮਾਜੀਕਰਨ ਕਰ ਕੇ ਔਰਤਾਂ ਨੂੰ ਸਹੀ ਅਰਥਾਂ ਵਿੱਚ ਚੁੱਲੇ ਚੌਂਕੇ ਤੇ ਹੋਰ ਬੇਲੋੜੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ ਸੀ ਜਿਸ ਕਾਰਨ ਔਰਤਾਂ ਹਰ ਖੇਤਰ ਵਿੱਚ ਅੱਗੇ ਹੋ ਕੇ ਖੜ੍ਹੀਆਂ ਸਨ।

***

### ਪੰਜਾਬ 'ਚ ਕਦੋਂ ਸ਼ੁਰੂ ਹੋਵੇਗੀ...

ਇਹ ਅਵਿਸ਼ਵਾਸਯੋਗ ਹੈ ਜਦੋਂ 335 ਪ੍ਰਕਿਰਿਆ ਨੂੰ ਡਿਜੀਟਾਈਜ਼ਡ, ਜੀਓ-ਕੋਡ ਨਹੀਂ ਕੀਤਾ ਜਾਂਦਾ ਅਤੇ ਡੇਟਾ ਅਤੇ ਫੋਟੋਗ੍ਰਾਫਿਕ ਸਬੂਤਾਂ ਤੋਂ ਬਿਨਾਂ ਕੀਤਾ ਜਾਂਦਾ ਹੈ।

ਸੀਮਤ ਵਾਢੀ-ਸਮੇਂ ਦੇ ਅੰਦਰ ਵੱਡੀ ਗਿਣਤੀ ਵਿੱਚ ਸੀ.ਸੀ.ਈ.ਐਸ. ਕਰਨ ਦੀ ਲੋੜ ਹੁੰਦੀ ਹੈ ਜਿਸ ਲਈ ਵੱਡੀ ਗਿਣਤੀ ਵਿਚ ਸਿਖਲਾਈ ਪ੍ਰਾਪਤ ਤੇ ਸਮਰਪਿਤ ਕੰਮ ਕਰਨ ਵਾਲੇ ਹੱਥਾਂ ਦੀ ਲੋੜ ਹੁੰਦੀ ਹੈ ਜਿਸ ਦੀ ਘਾਟ ਗ਼ਲਤੀਆਂ ਤੇ ਅਕੁਸ਼ਲਤਾ ਨੂੰ ਪੈਦਾ ਕਰਦੀ ਹੈ। ਹਾਲਾਂਕਿ, ਕਿਸਾਨ, ਸਰਕਾਰਾਂ ਤੇ ਨਾਲ ਹੀ ਬੀਮਾ ਕੰਪਨੀਆਂ ਦਾ ਕਹਿਣਾ ਹੈ ਕਿ ਕਿਸੇ ਵੀ ਫ਼ਸਲ ਬੀਮਾ ਯੋਜਨਾ ਦੀ ਸਫਲਤਾ ਲਈ ਨੁਕਸਾਨ ਦੇ ਮੁਲਾਂਕਣ ਦੀ ਸ਼ੁੱਧਤਾ ਬਹੁਤ ਜ਼ਰੂਰੀ ਹੈ।

ਉਪਜ ਅਨੁਮਾਨ, ਫ਼ਸਲਾਂ ਦੇ ਨੁਕਸਾਨ, ਜੋਖ਼ਮ ਮੁਲਾਂਕਣ ਅਤੇ ਕੁਸ਼ਲ ਦਾਅਵਿਆਂ ਦੇ ਨਿਪਟਾਰੇ ਵਿਚ ਸ਼ੁੱਧਤਾ ਲਿਆਉਣ ਲਈ ਸੈਟੇਲਾਈਟ ਰਿਮੋਟ ਸੈਂਸਿੰਗ, ਭੂਗੋਲਿਕ ਸੂਚਨਾ ਪ੍ਰਣਾਲੀ ਅਤੇ ਮੋਬਾਈਲ ਆਧਾਰਿਤ ਫੋਟੋ ਵਿਸ਼ਲੇਸ਼ਣ ਵਿੱਚ ਨਵੀਂ ਡਿਜੀਟਲ ਦਖ਼ਲਅੰਦਾਜ਼ੀ ਨੂੰ ਉੱਚ ਪੱਧਰੀ ਆਰਟੀਫੀਸ਼ੀਅਲ ਇੰਟੈਲੀਜੈਂਸ ਤਕਨਾਲੋਜੀਆਂ ਨੂੰ ਏਕੀਕ੍ਰਿਤ ਕਰਨ ਅਤੇ ਨਵੀਂ ਡਿਜੀਟਲ ਦਖ਼ਲਅੰਦਾਜ਼ੀ ਨੂੰ ਪੇਸ਼ ਕਰਨ ਦੀ ਜ਼ਰੂਰਤ ਹੈ। ਤਕਨਾਲੋਜੀ 'ਤੇ ਆਧਾਰਤ ਉਪਜ ਅਨੁਮਾਨ ਪ੍ਰਣਾਲੀ ਫ਼ਸਲਾਂ ਦੀ ਪੈਦਾਵਾਰ ਦਾ ਅੰਦਾਜ਼ਾ ਲਗਾਉਣ ਲਈ ਸੈਟੇਲਾਈਟ ਡੇਟਾ ਅਤੇ ਉੱਨਤ ਵਿਸ਼ਲੇਸ਼ਣ ਨੂੰ ਏਕੀਕ੍ਰਿਤ ਕਰਦਾ ਹੈ ਜੋ ਬੀਮਾ ਭੁਗਤਾਨਾਂ ਦੀ ਗਣਨਾ ਕਰਨ ਲਈ ਬੁਨਿਆਦੀ ਹੈ।

ਰੀਅਲ-ਟਾਈਮ ਨਿਰੀਖਣਾਂ ਅਤੇ ਫ਼ਸਲਾਂ ਦੀਆਂ ਫੋਟੋਆਂ ਦਾ ਸੰਗ੍ਰਹਿ ਪਹਿਲਕਦਮੀ ਮੋਬਾਈਲ ਫੋਟੋਆਂ ਦੀ ਵਰਤੋਂ ਕਰ ਕੇ ਅਸਲ-ਸਮੇਂ ਦੇ ਡੇਟਾ ਦੁਆਰਾ ਸੰਚਾਲਿਤ ਫੀਡਬੈਕ ਪ੍ਰਦਾਨ ਕਰਦੇ ਹੋਏ ਤਣਾਅ ਅਤੇ ਨੁਕਸਾਨਾਂ ਦਾ ਸਹੀ ਮੁਲਾਂਕਣ ਕਰ ਸਕਦੀ ਹੈ। ਆਮ ਅੰਤਰ ਬਨਸਪਤੀ ਸੂਚਕਾਂਕ ਮੁੱਲਾਂ ਨੂੰ ਨਿਰਧਾਰਤ ਕਰਨ ਲਈ ਮਲਟੀਸਪੈਕਟ੍ਰਲ ਤੇ ਥਰਮਲ ਸੈਂਸਰਾਂ ਦੀ ਵਰਤੋਂ ਗੜੇਮਾਰੀ, ਕੀੜਿਆਂ ਤੇ ਬਿਮਾਰੀਆਂ ਕਾਰਨ ਹੋਏ ਨੁਕਸਾਨ ਨੂੰ ਸਹੀ ਢੰਗ ਨਾਲ ਨਿਰਧਾਰਤ ਕਰ ਸਕਦੀ ਹੈ। ਏਆਈ ਦਾ ਏਕੀਕਰਨ ਦਸਤੀ ਪ੍ਰਕਿਰਿਆਵਾਂ 'ਤੇ ਨਿਰਭਰਤਾ ਨੂੰ ਘਟਾਉਣ ਲਈ ਮੌਜੂਦਾ ਤਕਨਾਲੋਜੀ ਦਾ ਲਾਭ ਵੀ ਉਠਾਵੇਗਾ, ਗ਼ਲਤੀਆਂ ਨੂੰ ਘੱਟ ਕਰੇਗਾ ਤੇ ਭਾਗੀਦਾਰ ਕਿਸਾਨਾਂ ਦੀ ਸੰਤੁਸ਼ਟੀ ਲਈ ਸਮੇਂ ਸਿਰ ਅਤੇ ਪਾਰਦਰਸ਼ੀ ਦਾਅਵਿਆਂ ਦੇ ਨਿਪਟਾਰੇ ਨੂੰ ਯਕੀਨੀ ਬਣਾਏਗਾ।

ਹਾਲੀਆ ਹੜ੍ਹਾਂ ਤੋਂ ਸਬਕ ਲੈਣ ਦੀ ਲੋੜ ਹੈ। ਭਾਰੀ ਨੁਕਸਾਨ ਦੇ ਮੱਦੇਨਜ਼ਰ ਬਹੁਤ ਹੀ ਨਾਕਾਫ਼ੀ ਸਹਾਇਤਾ ਨੇ ਪੰਜਾਬ ਸਰਕਾਰ ਦੇ ਇਸ ਵਿਚਾਰ ਨੂੰ ਨਕਾਰ ਦਿੱਤਾ ਹੈ ਕਿ ਜਦੋਂ ਉਹ ਲੋੜ ਪੈਣ 'ਤੇ ਨਕਦ ਵੰਡ ਜਾਂ ਕੁਝ ਮੁਆਵਜ਼ੇ ਰਾਹੀਂ ਸਥਿਤੀ ਦਾ ਪ੍ਰਬੰਧਨ ਕਰ ਸਕਦੀ ਹੈ ਤਾਂ ਉਸ ਨੂੰ ਕਿਸੇ ਵੀ ਫ਼ਸਲ ਬੀਮਾ ਯੋਜਨਾ ਲਈ ਸਬਸਿਡੀ ਪ੍ਰੀਮੀਅਮ ਕਿਉਂ ਅਦਾ ਕਰਨਾ ਚਾਹੀਦਾ ਹੈ। ਇਸ ਦੀ ਬਜਾਏ, ਇੱਕ ਮਜ਼ਬੂਤ ਫ਼ਸਲ ਬੀਮਾ ਯੋਜਨਾ ਨੂੰ ਵਿਹਾਰਕ ਤੇ ਆਕਰਸ਼ਕ ਬਣਾਉਣ ਲਈ ਇਹ ਬਿਹਤਰ ਹੋਵੇਗਾ ਜੇ ਪੰਜਾਬ ਰਾਜ ਘੱਟੋ-ਘੱਟ ਛੋਟੇ ਤੇ ਸੀਮਾਂਤ ਕਿਸਾਨਾਂ ਲਈ ਪ੍ਰੀਮੀਅਮ ਮੁਫ਼ਤ ਕਰ ਕੇ ਇੱਕ ਉਦਾਹਰਣ ਕਾਇਮ ਕਰੇ।

### ਨੇਪਾਲ ਦੇ ਘਟਨਾਕ੍ਰਮ ਤੋਂ ਕਿਉਂ...

ਨਿਸ਼ੀਕਾਂਤ ਦੂਬੇ ਵਰਗੇ ਸੰਸਦ ਮੈਂਬਰਾਂ ਦੀਆਂ ਹਾਲੀਆ ਸਿਫ਼ਾਰਸ਼ਾਂ ਇਸ ਖਦਸ਼ੇ ਨੂੰ ਹੋਰ ਮਜ਼ਬੂਤ ਕਰਦੀਆਂ ਹਨ ਕਿ ਸਰਕਾਰ ਖੇਤਰੀ ਅਸਥਿਰਤਾ ਦੇ ਡਰ ਕਾਰਨ ਡਿਜੀਟਲ ਨਿਗਰਾਨੀ ਤੇ ਕੰਟਰੋਲ ਨੂੰ ਹੋਰ ਮਜ਼ਬੂਤ ਕਰਨਾ ਚਾਹੁੰਦੀ ਹੈ। ਕੁੱਲ ਮਿਲਾ ਕੇ ਪੈਗਾਸਸ ਵਿਵਾਦ ਨੇ ਭਾਰਤ 'ਚ ਨਿਗਰਾਨੀ, ਨਿੱਜਤਾ ਤੇ ਲੋਕਤੰਤਰੀ ਜਵਾਬਦੇਹੀ 'ਤੇ ਬਹਿਸ ਨੂੰ ਮੁੜ ਸੁਰਜੀਤ ਕਰ ਦਿੱਤਾ ਹੈ। 2021 ਵਿੱਚ ਲੀਕ ਹੋਈ ਸੂਚੀ ਵਿੱਚ 300 ਤੋਂ ਵੱਧ ਭਾਰਤੀਆਂ ਦੇ ਨੰਬਰ ਸਨ, ਜਿਨ੍ਹਾਂ ਵਿੱਚ ਰਾਹੁਲ ਗਾਂਧੀ, ਪ੍ਰਸ਼ਾਂਤ ਕਿਸ਼ੋਰ, 40 ਪੱਤਰਕਾਰ, ਦੋ ਕੇਂਦਰੀ ਮੰਤਰੀ (ਪ੍ਰਹਿਲਾਦ ਪਟੇਲ, ਅਸ਼ਵਨੀ ਵੈਸ਼ਨਵ) ਅਤੇ ਇੱਕ ਸੁਪਰੀਮ ਕੋਰਟ ਦੇ ਜੱਜ ਸ਼ਾਮਿਲ ਸਨ। ਪੈਗਾਸਸ ਮਨੁੱਖੀ ਅਧਿਕਾਰ ਕਾਰਕੁੰਨਾਂ, ਵਕੀਲਾਂ ਤੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾ ਰਿਹਾ ਸੀ। ਮੋਦੀ ਸਰਕਾਰ ਨੇ ਪੈਗਾਸਸ ਦੀ ਵਰਤੋਂ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਨ੍ਹਾਂ ਵਲੋਂ ਕੋਈ ਅਣਅਧਿਕਾਰਤ ਨਿਗਰਾਨੀ ਨਹੀਂ ਕੀਤੀ ਗਈ। ਸਰਕਾਰ ਨੇ ਇਸ ਨੂੰ 'ਰਾਸ਼ਟਰੀ ਸੁਰੱਖਿਆ ਨੂੰ ਬਦਨਾਮ ਕਰਨ ਦੀ ਸਾਜ਼ਿਸ਼' ਦੱਸਿਆ ਸੀ। ਸੁਪਰੀਮ ਕੋਰਟ ਨੇ 2021 ਵਿੱਚ ਜਸਟਿਸ ਰਵਿੰਦਰਨ ਦੀ ਅਗਵਾਈ ਵਿੱਚ ਇੱਕ ਸੁਤੰਤਰ ਜਾਂਚ ਕਮੇਟੀ ਬਣਾਈ ਸੀ, ਪਰ ਸਰਕਾਰ ਨੇ ਕਮੇਟੀ ਦੇ ਕੰਮ ਵਿੱਚ ਪੂਰਾ ਸਹਿਯੋਗ ਨਹੀਂ ਦਿੱਤਾ।

ਨੇਪਾਲ ਵਿੱਚ ਵਾਪਰੀਆਂ ਘਟਨਾਵਾਂ ਨੇ ਇਕ ਅਜਿਹਾ ਪਟਾਰਾ ਖੋਲ੍ਹ ਦਿੱਤਾ ਹੈ, ਜੋ ਕਿ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਅਤੇ ਲੋਕਤੰਤਰ ਨੂੰ ਸੀਮਤ ਕਰਨ ਵਾਲੇ ਬਿੱਛੂਆਂ ਤੇ ਸੱਪਾਂ ਨਾਲ ਭਰਿਆ ਹੋਇਆ ਹੈ। ਸਾਨੂੰ ਸਾਰਿਆਂ ਨੂੰ ਚੌਕਸ ਰਹਿੰਦਿਆਂ ਆਪਣੀਆਂ ਅੱਖਾਂ ਖੁੱਲ੍ਹੀਆਂ ਰੱਖਣੀਆਂ ਪੈਣਗੀਆਂ ਤੇ ਸੰਘਰਸ਼ ਲਈ ਤਿਆਰ ਰਹਿਣਾ ਪਵੇਗਾ, ਕਿਉਂਕਿ ਇਹ ਸਮਾਂ ਕਦੇ ਵੀ ਆ ਸਕਦਾ ਹੈ।

***

### ਵੋਟਰ ਸੂਚੀਆਂ 'ਚ ਮਿਆਰੀ...

ਇਸੇ ਕਰਕੇ ਬਿਹਾਰ ਵਿਚ 25 ਜੂਨ ਤੋਂ 25 ਜੁਲਾਈ ਵਿਚਕਾਰ ਵੋਟਰ ਸੂਚੀਆਂ ਦੀ ਹੋਈ 'ਸੋਧ' ਦੌਰਾਨ ਚੋਣ ਕਮਿਸ਼ਨ ਨੇ ਵੋਟਰ ਸੂਚੀਆਂ 'ਚੋਂ 65 ਲੱਖ ਤੋਂ ਵੱਧ ਨਾਂਅ ਹਟਾਉਣ ਅਤੇ ਜ਼ੀਰੋ ਨਾਂਅ ਜੋੜਨ ਦੀ ਰਿਪੋਰਟ ਕੀਤੀ ਹੈ।

ਦੂਜਾ ਚੋਣ ਕਮਿਸ਼ਨ ਨੂੰ ਐੱਸ.ਆਈ.ਆਰ. ਦੌਰਾਨ ਕਿਸੇ ਵਿਅਕਤੀ ਨੂੰ 'ਮ੍ਰਿਤਕ, ਸਥਾਈ ਤੌਰ 'ਤੇ ਦੂਰ, ਅਣਪਛਾਤੇ' ਆਦਿ ਦਰਜ ਕਰਨ ਤੋਂ ਪਹਿਲਾਂ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਅਤੇ ਆਪਣੇ ਸਥਾਪਿਤ ਤੇ ਵਿਸਤ੍ਰਿਤ ਪ੍ਰੋਟੋਕੋਲ ਦੀ ਪਾਲਣਾ ਕਰਨੀ ਚਾਹੀਦੀ ਹੈ। ਜੇਕਰ ਚੋਣ ਕਮਿਸ਼ਨ ਨੇ ਨਵੇਂ ਸਿਰੇ ਤੋਂ ਸੂਚੀ ਦੀ ਆੜ ਵਿੱਚ ਬਾਹਰ ਰੱਖੇ ਗਏ ਲੋਕਾਂ ਦੇ ਵੋਟ ਅਧਿਕਾਰਾਂ ਨੂੰ ਖਤਮ ਕਰਨ ਦੀ ਬਜਾਏ ਮਿਆਰੀ ਕਾਨੂੰਨੀ ਪ੍ਰਕਿਰਿਆ (ਨੋਟਿਸ, ਸੁਣਵਾਈ ਤੇ ਅਪੀਲਾਂ) ਕਰਨ ਦਾ ਸਮਾਂ ਵਧਾਇਆ ਹੁੰਦਾ ਤਾਂ ਉਹ 'ਮ੍ਰਿਤਕ' ਵਿਅਕਤੀਆਂ ਦਾ ਸਾਹਮਣਾ ਕਰਨ ਦੀ ਸ਼ਰਮਿੰਦਗੀ ਤੋਂ ਆਪਣੇ ਆਪ ਨੂੰ ਬਚਾਅ ਸਕਦਾ ਸੀ। ਤੀਜਾ, ਚੋਣ ਕਮਿਸ਼ਨ ਨੂੰ ਆਪਣੀਆਂ ਵੋਟਰ ਸੂਚੀਆਂ ਦੀ ਗੁਣਵੱਤਾ ਦੀ ਇਕ ਸੁਤੰਤਰ ਆਡਿਟ ਕਰਵਾਉਣੀ ਚਾਹੀਦੀ ਸੀ। ਜਦੋਂ ਕਿ ਸਾਡੇ ਕੋਲ ਵੋਟਰ ਸੂਚੀ ਦੇ 'ਪੂਰਨ' ਸੂਚਕਾਂਕ ਤੇ ਡੈਟਾ ਸਨ। ਸੱਚ ਕਹੀਏ ਤਾਂ ਇਹ ਭਾਰਤ ਜਿਹੇ ਦੇਸ਼ ਵਿੱਚ ਇੱਕ ਘੁਟਾਲਾ ਹੈ, ਜੋ ਚੰਗੀ ਤਰ੍ਹਾਂ ਸਥਾਪਿਤ ਤੇ ਉੱਚ-ਗੁਣਵੱਤਾ ਵਾਲੀਆਂ ਅੰਕੜਾ ਪ੍ਰਣਾਲੀਆਂ ਦਾ ਦਾਅਵਾ ਕਰਦਾ ਹੈ। ਜਿਵੇਂ ਜਨਮ ਤੇ ਮੌਤ ਦੇ ਰਜਿਸਟਰ ਦੀ ਇੱਕ ਸੁਤੰਤਰ ਨਮੂਨਾ ਜਾਂਚ ਹੁੰਦੀ ਹੈ, ਉਸੇ ਤਰ੍ਹਾਂ ਰਾਸ਼ਟਰੀ ਨਮੂਨਾ ਸਰਵੇਖਣ ਸੰਗਠਨ ਵਰਗੀ ਸੰਸਥਾ ਸਾਡੀਆਂ ਵੋਟਰ ਸੂਚੀਆਂ ਦੀ 0.1 ਪ੍ਰਤੀਸ਼ਤ ਨਮੂਨਾ ਜਾਂਚ ਕਰ ਸਕਦੀ ਹੈ। ਚੌਥਾ, ਐੱਸ.ਆਈ.ਆਰ. ਵਰਗੀ ਪ੍ਰਕਿਰਿਆ ਦੇ ਨਾਲ ਵੋਟਰ ਸੂਚੀ ਵਿੱਚ ਧੋਖਾਧੜੀ ਦੇ ਕਿਸੇ ਵੀ ਗੰਭੀਰ ਦੋਸ਼ਾਂ ਦੀ ਨਿਰਪੱਖ ਤੇ ਭਰੋਸੇਯੋਗ ਜਾਂਚ ਹੋਣੀ ਚਾਹੀਦੀ ਹੈ। ਪਰ ਇਹ ਜਾਂਚ ਉਨ੍ਹਾਂ ਲੋਕਾਂ ਦੁਆਰਾ ਨਹੀਂ ਹੋਣੀ ਚਾਹੀਦੀ, ਜੋ ਹਿੱਤਾਂ ਦੇ ਟਕਰਾਅ ਦੇ ਸਿਧਾਂਤ ਦੀ ਪਾਲਣਾ ਕਰਦਿਆਂ ਪਹਿਲਾਂ ਇਨ੍ਹਾਂ ਸੂਚੀਆਂ ਨੂੰ ਤਿਆਰ ਕਰਨ ਵਿੱਚ ਸ਼ਾਮਿਲ ਸਨ। ਹਾਲਾਂਕਿ, ਚੋਣ ਕਮਿਸ਼ਨ ਦੀ ਪ੍ਰੈੱਸ ਕਾਨਫਰੰਸ ਦੇ ਸੁਰ ਅਤੇ ਸ਼ੈਲੀ ਨੂੰ ਦੇਖਦੇ ਹੋਏ, ਇਹ ਇੱਕ ਅਸੰਭਵ ਕੰਮ ਲੱਗਦਾ ਹੈ।

***

### ਰਾਜਨੀਤੀ ਵਿੱਚੋਂ ਲੁਪਤ ਹੋ...

ਦੇਸ਼ ਦੇ ਬਹੁ ਪਾਰਟੀ ਸਿਸਟਮ ਵਿੱਚ ਵਿਆਪਕ ਵਿਸ਼ਵਾਸ ਇਹ ਕੀਤਾ ਜਾਂਦਾ ਹੈ ਕਿ ਆਪਸ ਵਿੱਚ ਪ੍ਰਸਪਰ ਵਿਰੋਧੀ ਵਿਚਾਰ ਅਤੇ ਨੀਤੀਆਂ ਰੱਖਣ ਵਾਲੀਆਂ ਪਾਰਟੀਆਂ ਕਾਂਗਰਸ ਤੇ ਭਾਜਪਾ ਹਨ। ਇਨ੍ਹਾਂ ਦੇ ਰਸਤੇ ਵੱਖਰੇ-ਵੱਖਰੇ ਸਮਝੇ ਜਾਂਦੇ ਹਨ। ਇਨ੍ਹਾਂ ਪਾਰਟੀਆਂ ਦੇ ਵੱਡੇ ਅਹੁਦਿਆਂ 'ਤੇ ਬੈਠੇ ਲੋਕ ਕਈ ਵਾਰ ਇਕ ਪਾਰਟੀ ਨੂੰ ਛੱਡ ਕੇ ਦੂਜੀ ਵਿੱਚ ਸ਼ਾਮਿਲ ਹੋ ਜਾਂਦੇ ਹਨ।

ਲੋਕਤੰਤਰ ਵਿੱਚ ਰਾਜਨੀਤਕ ਪਾਰਟੀਆਂ ਉਪਰ ਇਹ ਫ਼ਰਜ਼ ਆਇਦ ਹੁੰਦਾ ਹੈ ਕਿ ਉਹ ਲੋਕਾਂ ਦੀ ਰਾਜਨੀਤਕ ਚੇਤਨਾ ਦਾ ਵਿਕਾਸ ਕਰਨ। ਲੋਕਾਂ ਸਾਹਮਣੇ ਸਮੱਸਿਆਵਾਂ ਦਾ ਅਹਿਸਾਸ ਰੱਖਿਆ ਜਾਵੇ ਤੇ ਉਨ੍ਹਾਂ ਦੇ ਹੱਲ ਵਾਸਤੇ ਜਨਤਕ ਵਿਚਾਰ ਚੱਲਣ ਲੇਕਿਨ ਇਥੇ ਅਜਿਹੀ ਬਹਿਸ ਲਈ ਕੋਈ ਥਾਂ ਨਹੀਂ ਕਿ ਦੇਸ਼ ਦੀ ਗਰੀਬੀ ਦਾ ਕੀ ਹੱਲ ਹੋਵੇ, ਲੋਕ ਇਹੀ ਦੇਖਣਗੇ ਕਿ ਕੋਈ ਪਾਰਟੀ ਕਿੰਨਾ ਦਾਲ ਆਟਾ ਦੇ ਰਹੀ ਹੈ ਤੇ ਦੂਜੀ ਕਿੰਨਾ। ਔਰਤਾਂ ਦੀ ਸਮਾਜਿਕ ਆਰਥਿਕ ਤਰੱਕੀ ਵਾਸਤੇ ਕੀ ਨੀਤੀ ਬਣਾਈ ਜਾਵੇ, ਇਸ ਦੀ ਥਾਂ ਇਹੀ ਮੁੱਦਾ ਹੈ ਕਿ ਲਾਡਲੀਆਂ ਭੈਣਾਂ ਵਰਗੀਆਂ ਯੋਜਨਾਵਾਂ ਵਿੱਚ ਅੱਠ ਸੌ ਰੁਪਏ ਮਹੀਨਾ ਮਿਲਦੇ ਹਨ, ਇੱਕੀ ਸੌ ਜਾਂ ਪੱਚੀ ਸੌ। ਇਹ ਗੱਲਾਂ ਲੋਕਤੰਤਰ ਦੀ ਪਰਿਪੱਕਤਾ ਦੇ ਰਸਤੇ ਦੀ ਵੱਡੀ ਰੁਕਾਵਟ ਹਨ।

***

### ਮਨੀਪੁਰ 'ਚ ਸ਼ਾਂਤੀ ਆਉਣ ਦੀ...

ਸਪਸ਼ਟ ਹੈ ਕਿ ਕੁਕੀ-ਜ਼ੋ ਗਰੁੱਪਾਂ ਨਾਲ ਸਮਝੌਤੇ ਦੇ ਬਾਵਜੂਦ ਸੂਬੇ ਵਿੱਚ ਸਥਾਈ ਹੱਲ ਅਤੇ ਪੂਰਨ ਸ਼ਾਂਤੀ ਦੀ ਫ਼ਿਲਹਾਲ ਸਿਰਫ਼ ਉਮੀਦ ਹੀ ਕੀਤੀ ਜਾ ਸਕਦੀ ਹੈ। ਗ਼ੌਰਤਲਬ ਹੈ ਕਿ ਮਨੀਪੁਰ ਸੂਬੇ ਵਿੱਚ ਮੈਤੇਈ ਭਾਈਚਾਰੇ ਨੂੰ ਜਨਜਾਤੀ ਦਾ ਦਰਜਾ ਦੇਣ ਦੇ ਸਵਾਲ 'ਤੇ ਉੱਭਰਿਆ ਸੰਘਰਸ਼ ਜਿੱਥੇ ਕੁਕੀ ਤੇ ਮੈਤੇਈ ਫ਼ਿਰਕਿਆਂ ਦਰਮਿਆਨ ਦੂਰੀ ਤੇ ਤਣਾਅ ਪੈਦਾ ਕਰ ਚੁੱਕਾ ਹੈ, ਉਸ ਦਾ ਅੱਜ ਤੱਕ ਕੋਈ ਹੱਲ ਨਹੀਂ ਨਿਕਲ ਸਕਿਆ। ਨਸਲੀ ਹਿੰਸਾ ਦੌਰਾਨ ਕਈ ਮਹਿਲਾਵਾਂ ਨੂੰ ਨਿਰਵਸਤਰ ਕਰ ਕੇ ਘੁਮਾਇਆ ਗਿਆ ਸੀ। ਕੇਂਦਰ ਤੇ ਰਾਜ ਸਰਕਾਰ ਨੇ ਕੁਕੀ-ਜ਼ੋ ਸੰਗਠਨਾਂ ਨਾਲ ਗੱਲਬਾਤ ਦੀ ਸਥਾਪਤੀ ਕਰ ਕੇ ਸ਼ਾਂਤੀ ਦੇ ਰਾਹ ਵੱਲ ਜਿਹੜੇ ਕਦਮ ਵਧਾਏ ਹਨ, ਇਸ ਤਰ੍ਹਾਂ ਦੀ ਪਹਿਲ ਪਹਿਲਾਂ ਕਿਉਂ ਨਹੀਂ ਹੋ ਸਕਦੀ ਸੀ। ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਤਿੰਨ ਵਾਰ ਮਨੀਪੁਰ ਦਾ ਦੌਰਾ ਕਰ ਚੁੱਕੇ ਹਨ। ਮਨੀਪੁਰ 'ਚ ਵਿਧਾਨ ਸਭਾ ਚੋਣਾਂ 'ਚ ਅਜੇ ਡੇਢ ਸਾਲ ਬਾਕੀ ਹੈ। ਹੁਣ ਕੇਂਦਰ ਦੀ ਜ਼ਿੰਮੇਵਾਰੀ ਹੈ ਕਿ ਉਹ ਹਿੰਸਾ ਰੋਕੇ। ਸਾਰਾ ਧਿਆਨ ਉੱਜੜੇ ਪਰਿਵਾਰਾਂ ਦੇ ਮੁੜ-ਵਸੇਬੇ ਵੱਲ ਲਗਾਉਣਾ ਹੋਵੇਗਾ। ਵਿਕਾਸ ਯੋਜਨਾਵਾਂ 'ਤੇ ਕੰਮ ਸ਼ੁਰੂ ਕਰਨਾ ਜਾਂ ਤੇਜ਼ ਕਰਨਾ ਵੀ ਮਨੀਪੁਰ ਦੇ ਲੋਕਾਂ 'ਚ ਭਰੋਸੇ ਦੀ ਬਹਾਲੀ ਦੇ ਉਪਾਅ ਵਜੋਂ ਕੰਮ ਕਰ ਸਕਦਾ ਹੈ।

***

### ਹੜ੍ਹ ਦੀ ਮਾਰ ਕਾਰਨ ਖੇਤੀ ਸੰਕਟ ਡੂੰਘਾ...

ਜੇ ਸਮੇਂ ਸਿਰ ਸਹਾਇਤਾ ਨਾ ਮਿਲੀ, ਤਾਂ ਕਿਸਾਨੀ ਦਾ ਬੁਰਾ ਹਾਲ ਹੋਣਾ ਤੈਅ ਹੈ।'

ਕਿਸਾਨ ਅੱਜ ਵੀ ਉਮੀਦ ਦੀ ਕਿਰਨ ਲੱਭ ਰਹੇ ਹਨ। ਉਨ੍ਹਾਂ ਦੀ ਜ਼ਰਖ਼ੇਜ਼ ਜ਼ਮੀਨ ਰੇਤ ਦੇ ਟਿੱਬਿਆਂ ਵਿੱਚ ਤਬਦੀਲ ਹੋ ਚੁੱਕੀ ਹੈ, ਪਰ ਹੌਂਸਲਾ ਅਜੇ ਜ਼ਿੰਦਾ ਹੈ। ਸਰਕਾਰ ਦੀਆਂ ਸਕੀਮਾਂ, ਸਫ਼ਾਈ ਮੁਹਿੰਮ, ਅਤੇ ਮਸ਼ੀਨਰੀ ਦੀ ਸਹਾਇਤਾ ਜੇ ਸਮੇਂ ਸਿਰ ਮਿਲ ਜਾਵੇ, ਤਾਂ ਸ਼ਾਇਦ ਇਹ ਮਸ਼ੈਲ ਮੁੜ ਆਪਣੀ ਜ਼ਮੀਨ ਨੂੰ ਹਰਿਆਉਣ 'ਚ ਕਾਮਯਾਬ ਹੋ ਸਕਣ। ਪਰ ਸਵਾਲ ਇਹ ਹੈ ਕਿ ਕੀ ਸਰਕਾਰ ਇਸ ਵਾਰ ਆਪਣੇ ਵਾਅਦਿਆਂ 'ਤੇ ਖਰੀ ਉੱਤਰੇਗੀ, ਜਾਂ ਫ਼ਿਰ ਇਹ ਵੀ ਇੱਕ ਹੋਰ ਕਾਗਜ਼ੀ ਐਲਾਨ ਬਣ ਕੇ ਰਹਿ ਜਾਵੇਗਾ?

ਸਰਕਾਰ ਕੀ ਕਰੇ?

ਗਾਰ ਦੇ ਹੱਲ ਅਨੁਸਾਰ ਗਾਰ ਨੂੰ ਜ਼ਮੀਨ ਵਿੱਚ ਰਲਾਉਣ, ਹਟਾਉਣ ਜਾਂ ਇੱਕ ਪਾਸੇ ਇਕੱਠੀ ਕਰਨ ਲਈ ਮਸ਼ੀਨਰੀ ਆਦਿ ਉਪਲਬਧ ਕਰ ਕੇ ਕਿਸਾਨਾਂ ਦੀ ਮਾਲੀ ਮਦਦ ਕੀਤੀ ਜਾਵੇ ਤਾਂ ਕਿ ਵੱਧ ਤੋਂ ਵੱਧ ਰਕਬੇ ਵਿੱਚ ਹਾੜ੍ਹੀ ਦੀ ਫ਼ਸਲ ਬੀਜੀ ਜਾ ਸਕੇ। ਗਰੀਬ ਤੇ ਛੋਟੇ ਕਿਸਾਨਾਂ ਨੂੰ ਲੋੜੀਂਦੇ ਬੀਜ, ਖਾਦਾਂ ਆਦਿ ਦੇ ਕੇ ਬਿਜਾਈ ਲਈ ਉਤਸ਼ਾਹਿਤ ਕੀਤਾ ਜਾਵੇ।

ਜੇਕਰ ਗਾਰ ਕਾਰਨ ਇੱਕ ਜਾਂ ਵੱਧ ਮੌਸਮਾਂ ਵਿੱਚ ਫ਼ਸਲ ਨਾ ਬੀਜੀ ਜਾ ਸਕੇ ਤਾਂ ਹਰ ਮੌਸਮ ਗਰਦਾਵਰੀ ਕਰ ਕੇ ਕਿਸਾਨਾਂ ਦੀ ਮਾਲੀ ਮਦਦ ਕੀਤੀ ਜਾਵੇ।

ਜੇਕਰ ਗਾਰ ਵਿੱਚ ਭਲ ਦੀ ਜ਼ਿਆਦਾ ਮਾਤਰਾ ਹੋਣ ਕਰ ਕੇ ਵਿਕ ਨਾ ਸਕੇ ਤਾਂ ਇਸ ਗਾਰ ਨੂੰ ਨੇੜੇ ਵਾਲੇ ਧੁੱਸੀ ਬੰਨ੍ਹ ਵਿੱਚ ਵਰਤਣ ਹਿਤ ਉਥੇ ਪਹੁੰਚਾਉਣ ਲਈ ਕਿਸਾਨ ਦੀ ਮਦਦ ਕੀਤੀ ਜਾਵੇ।

ਇਹ ਸਾਰੇ ਸੁਝਾਅ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਦੁਬਾਰਾ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਅਤੇ ਦੇਸ਼ ਦੀ ਭੋਜਨ ਸੁਰੱਖਿਆ ਨੂੰ ਬਰਕਰਾਰ ਰੱਖਣ ਵਿੱਚ ਮਦਦ ਕਰਨਗੇ।

***

### ਬਿਆਸ ਦਰਿਆ ਦਾ ਰੁਖ ...

ਜੁੜੀਆਂ ਜ਼ਮੀਨਾਂ 'ਤੇ ਕਬਜ਼ਾ ਕੀਤਾ, ਜਿਸ ਵਿੱਚ ਨਾਜਾਇਜ਼ ਖੁਦਾਈ ਅਤੇ ਬੰਨ੍ਹ ਬਣਾਉਣ ਸ਼ਾਮਲ ਹਨ। ਕਿਸਾਨਾਂ ਅਨੁਸਾਰ, ਡੇਰੇ ਨੇ ਬਿਆਸ ਦੇ ਵਹਾਅ ਨੂੰ ਆਪਣੇ ਪਿਛੇ ਵੱਲ ਮੋੜਨ ਲਈ ਚਾਰ ਥਾਂ ਬੰਨ੍ਹ ਬਣਾਉਣ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਨੇੜਲੇ ਪਿੰਡਾਂ ਵਿੱਚ ਪਾਣੀ ਦਾ ਵਹਾਅ ਬਦਲ ਗਿਆ ਅਤੇ ਹੜ੍ਹਾਂ ਦਾ ਸੰਕਟ ਪੈਦਾ ਹੋ ਗਿਆ।

ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ 2024 ਵਿੱਚ ਦਾਇਰ ਪਟੀਸ਼ਨ ਅਨੁਸਾਰ, ਡੇਰੇ ਨੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਨਾਜਾਇਜ਼ ਜ਼ਮੀਨ 'ਤੇ ਕਬਜ਼ਾ ਕੀਤਾ ਅਤੇ ਰੇਤ-ਮਿੱਟੀ ਦੀ ਖੁਦਾਈ ਕੀਤੀ, ਜਿਸ ਕਾਰਨ ਪਿੰਡਾਂ ਦੀਆਂ ਫ਼ਸਲਾਂ ਬਰਬਾਦ ਹੋਈਆਂ। 1955, 1978, 1988, 2019, 2023 ਅਤੇ ਹੁਣ 2025 ਦੀਆਂ ਹੜ੍ਹਾਂ ਵਿੱਚ ਬਿਆਸ ਨੇ ਵੱਡੀ ਤਬਾਹੀ ਮਚਾਈ, ਜਿਸ ਵਿੱਚ ਲੱਖਾਂ ਏਕੜ ਜ਼ਮੀਨ ਰੇਤ ਨਾਲ ਭਰ ਗਈ। ਕਿਸਾਨ ਆਗੂ ਬਲਦੇਵ ਸਿਰਸਾ ਨੇ ਕਿਹਾ ਕਿ ਡੇਰੇ ਨੇ ਦਰਿਆ ਨੂੰ ਪੁਰਾਣੀ ਜਗ੍ਹਾ ਤੋਂ ਬਦਲ ਕੇ ਆਪਣੇ ਡੇਰੇ ਨੂੰ ਸੁਰੱਖਿਅਤ ਬਣਾਇਆ, ਪਰ ਨੇੜਲੇ ਪਿੰਡਾਂ ਨੂੰ ਹੜ੍ਹਾਂ ਦਾ ਸ਼ਿਕਾਰ ਬਣਾ ਦਿੱਤਾ। ਇਸ ਨਾਲ ਨਾ ਸਿਰਫ਼ ਖੇਤੀਬਾੜੀ ਨੁਕਸਾਨ ਹੋਇਆ, ਸਗੋਂ ਗਰੀਬ ਕਿਸਾਨਾਂ ਦੇ ਘਰਾਂ ਵਿੱਚ ਵੀ ਪਾਣੀ ਭਰ ਗਿਆ। ਹਾਈਕੋਰਟ ਨੇ ਫ਼ਰਵਰੀ 2024 ਵਿੱਚ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ, ਪਰ ਖੁਦਾਈ ਜਾਰੀ ਹੈ। ਡੇਰੇ ਨੇ ਆਪਣੇ ਵਿਸਥਾਰ ਲਈ ਵੀਰਾਨ ਜ਼ਮੀਨਾਂ ਨੂੰ ਵਰਤੋਂ ਵਿੱਚ ਲਿਆ, ਜਿਸ ਵਿੱਚ ਫ਼ਾਰੈਸਟ ਲੈਂਡ ਅਤੇ ਗਰਾਮ ਪੰਚਾਇਤਾਂ ਦੀ ਜ਼ਮੀਨ ਵੀ ਸ਼ਾਮਲ ਹੈ। ਇਹ ਕਬਜ਼ਾ ਹੌਲੀ ਹੌਲੀ- ਵਧਿਆ ਅਤੇ ਹੁਣ ਡੇਰਾ ਇੱਕ ਨਗਰੀ ਬਣ ਗਿਆ ਹੈ, ਪਰ ਇਸ ਦੀ ਕੀਮਤ ਪਿੰਡ ਵਾਸੀਆਂ ਨੂੰ ਚੁੱਕਣੀ ਪੈ ਰਹੀ ਹੈ।

**ਕੇਂਦਰ-ਸੂਬਾ ਸਰਕਾਰਾਂ ਅਤੇ ਰਾਜਨੀਤਕ ਪਾਰਟੀਆਂ ਕਿਉਂ ਚੁੱਪ ?**

ਕਿਸਾਨ ਆਗੂਆਂ ਨੇ ਕੇਂਦਰ ਅਤੇ ਸੂਬਾ ਸਰਕਾਰਾਂ 'ਤੇ ਡੇਰੇ ਨੂੰ ਸਪੋਰਟ ਕਰਨ ਦਾ ਗੰਭੀਰ ਇਲਜ਼ਾਮ ਲਗਾਇਆ ਹੈ। ਉਹਨਾਂ ਅਨੁਸਾਰ, ਰਾਸ਼ਟਰੀ ਰਿਵਰ ਲਿੰਕਿੰਗ ਪ੍ਰੋਜੈਕਟ ਅਧੀਨ ਪਾਣੀ ਵੰਡਣ ਵਾਲੀ ਨੀਤੀ ਵਿੱਚ ਵੀ ਡੇਰੇ ਨੂੰ ਲਾਭ ਪਹੁੰਚਾਇਆ ਜਾ ਰਿਹਾ ਹੈ, ਜਦਕਿ ਪੰਜਾਬ ਦੇ ਕਿਸਾਨ ਪਾਣੀ ਦੀ ਘਾਟ ਨਾਲ ਜੂਝ ਰਹੇ ਹਨ। ਸੂਬਾ ਸਰਕਾਰ 'ਤੇ ਇਲਜ਼ਾਮ ਹੈ ਕਿ ਉਹ ਅਫ਼ਸਰਾਂ ਨੂੰ ਡੇਰੇ ਦੀ ਰੱਖਿਆ ਲਈ ਲਗਾਏ ਹੋਏ ਹਨ, ਜੋ ਹਾਈਕੋਰਟ ਦੇ ਹੁਕਮਾਂ ਨੂੰ ਨਜ਼ਰ-ਅੰਦਾਜ਼ ਕਰ ਰਹੇ ਹਨ। ਰਾਜਨੀਤਕ ਪਾਰਟੀਆਂ 'ਤੇ ਵੀ ਚੁੱਪੀ ਨੂੰ ਲੈ ਕੇ ਸਵਾਲ ਉੱਠੇ ਹਨ। ਭਾਜਪਾ, ਕਾਂਗਰਸ ਅਤੇ ਅਕਾਲੀ ਦਲ ਵਰਗੀਆਂ ਪਾਰਟੀਆਂ ਨੇ ਡੇਰੇ ਨਾਲ ਨੇੜਲੇ ਸਬੰਧ ਰੱਖੇ ਹਨ - ਉਦਾਹਰਣ ਲਈ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਡੇਰੇ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਮੀਟਿੰਗਾਂ ਕੀਤੀਆਂ ਹਨ।

**ਰਾਧਾ ਸਵਾਮੀ ਧੜੇ ਦਾ ਪੱਖ: ਸਮਾਜਿਕ ਸੇਵਾ ਦਾ ਦਾਅਵਾ**

ਰਾਧਾ ਸਵਾਮੀ ਸਤਸੰਗ ਬਿਆਸ ਧੜਾ ਆਪਣੇ ਪੱਖ ਵਿੱਚ ਕਹਿੰਦਾ ਹੈ ਕਿ ਡੇਰਾ ਇੱਕ ਅਧਿਆਤਮਿਕ ਸੰਸਥਾ ਹੈ, ਜੋ ਸੰਤ ਮਤ ਪਰੰਪਰਾ ਅਨੁਸਾਰ ਚੱਲਦੀ ਹੈ ਅਤੇ ਆਪਣੇ ਵਿਸਥਾਰ ਨਾਲ ਹੀ ਨਹੀਂ, ਸਮਾਜਿਕ ਸੇਵਾ ਨਾਲ ਵੀ ਜੁੜੀ ਹੋਈ ਹੈ। ਡੇਰੇ ਨੇ ਆਪਣੀ ਵੈੱਬਸਾਈਟ ਅਤੇ ਬਿਆਨਾਂ ਵਿੱਚ ਕਿਹਾ ਹੈ ਕਿ ਉਹ ਦਰਿਆ ਨਾਲ ਛੇੜ-ਛਾੜ ਨਹੀਂ ਕਰ ਰਹੇ, ਸਗੋਂ ਆਪਣੀ ਜ਼ਮੀਨ 'ਤੇ ਵਿਕਾਸ ਕੰਮ ਕਰ ਰਹੇ ਹਨ। ਉਹਨਾਂ ਅਨੁਸਾਰ, ਡੇਰਾ ਇੱਕ ਸਵੈ-ਨਿਰਭਰ ਨਗਰੀ ਹੈ, ਜਿੱਥੇ ਵੈਂਡਿੰਗ ਜਾਂ ਫੰਡਰੇਜ਼ਿੰਗ ਵਰਗੇ ਕੰਮ ਨਹੀਂ ਹੁੰਦੇ ਅਤੇ ਸਭ ਕੁਝ ਸ਼ਰਧਾਲੂਆਂ ਦੇ ਦਾਨ ਨਾਲ ਚੱਲਦਾ ਹੈ। ਹਾਲ ਹੀ ਵਿੱਚ 2025 ਦੀਆਂ ਹੜ੍ਹਾਂ ਵਿੱਚ ਡੇਰੇ ਨੇ ਰਾਹਤ ਸਮੱਗਰੀ ਵੰਡੀ ਅਤੇ ਲੰਗਰ ਲਾਏ, ਜਿਸ ਨੂੰ ਉਹ ਆਪਣੀ ਸੇਵਾ ਵਜੋਂ ਪੇਸ਼ ਕਰਦੇ ਹਨ। ਡੇਰੇ ਨੇ ਪਿਛਲੇ ਵਿਵਾਦਾਂ ਵਿੱਚ ਕਿਹਾ ਹੈ ਕਿ ਉਹ ਕਾਨੂੰਨੀ ਢੰਗ ਨਾਲ ਜ਼ਮੀਨਾਂ ਖ਼ਰੀਦਦੇ ਹਨ ਅਤੇ ਖੁਦਾਈ ਨਹੀਂ, ਸਗੋਂ ਵਿਕਾਸ ਕੰਮ ਕਰ ਰਹੇ ਹਨ। ਉਹਨਾਂ ਨੇ ਹਾਈਕੋਰਟ ਵਿੱਚ ਜਵਾਬ ਦਿੱਤੇ ਕਿ ਉਹ ਫ਼ਾਰੈਸਟ ਲੈਂਡ 'ਤੇ ਨਹੀਂ ਬਣ ਰਹੇ ਅਤੇ ਜੰਗਲਾਂ ਨੂੰ ਕੱਟਣ ਦਾ ਕੋਈ ਇਰਾਦਾ ਨਹੀਂ।

RAISING VOICE FOR TRUTH
ਹੋਕਾ TV

# HOKA TV
## (ਹੋਕਾ ਟੀ.ਵੀ.)

# ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

**ਮੁਫ਼ਤ ਉਪਲੱਬਧ ਹੈ**

Download on the App Store

GET IT ON Google Play

ਹੋਰ ਜਾਣਕਾਰੀ ਲਈ ਵੇਖੋ

**https://hokatv.com/guest/home**